INTERNATIONAL MAGAZINE

RNI No. 61816/95

ਏਕੋ ਬ੍ਰਹਮੁ ਦੁਤੀਯ ਨਾਸਿਤ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਜੂਨ 2024

ਜਪਉ ਜਿਨ
ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ
ਨ ਆਯਉ॥





## ਧੰਨ ਸਾਹਿਬ ਸ੍ਰੀ
## ਗੁਰੂ ਅਰਜਨ ਦੇਵ ਜੀ

# ਗੁਰਮਤਿ ਪ੍ਰਚਾਰ ਫੇਰੀ ਇੰਗਲੈਂਡ – ਅਪ੍ਰੈਲ-ਮਈ 2024

## ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸਤਿਕਾਰਯੋਗ ਸੰਤ ਬਾਬਾ ਲਖਬੀਰ ਸਿੰਘ ਜੀ ਇੰਗਲੈਂਡ ਵਿਖੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਦੇ ਹੋਏ।














# ਆਤਮ ਮਾਰਗ

ਸਾਲ-ਤੀਹਵਾਂ, ਮਹੀਨਾ-ਜੂਨ, 2024

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**

| **ਚੇਅਰਮੈਨ** | **ਐਡੀਟਰ-ਇਨ-ਚੀਫ** |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |
| 98146-12900 | 97798-16909 |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution
(Regulation) Act 1976 R. No. 115320023

**Postal Address for any Enquiry,**
**Money Order, Cheque and drafts :**
**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas, Teh.
Kharar, Distt. S.A.S Nagar
(MOHALI) - 140901, Pb. India

**SUBSCRIPTION – ਚੰਦਾ – (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।**


**Media Broadcast (Ratwara Sahib)**

**Please visit us on internet at :-**
**For Atam Marg Email : atammarg1@yahoo.co.in,**
**Website & Live video -**

**www.ratwarasahib.org**
**www.vgrmct.org**
**www.ratwarasahib.in**
} Apps: RATWARASAHIB TV (for both apple & andriod) (Availeble 24 Hours)

**Email : sratwarasahib.in@gmail.com**

**Live Programme & Cable Tv Network**

**98728-14385, 94172-14385**
**98147-12900**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ**
001-408-263-1844

**ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
001-604-433-0408

**ਭਾਈ ਤਰਸੇਮ ਸਿੰਘ ਬੈਂਸ**
001-604-862-9525

**ਭਾਈ ਜਸਬੀਰ ਸਿੰਘ ਰਾਣੂ**
001-604-589-9189

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
0044-121-200-2818

**ਭਾਈ ਅਰਵਿੰਦਰ ਸਿੰਘ (ਰਾਜ)**
0044-7968734058

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ**
**ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ**
**ਫਰੀ ਸੇਵਾ - ਸੰਪਰਕ ਨੰਬਰ -**
**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 8 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 3. | **ਅਗੰਮ ਅਗੋਚਰ ਦਾ ਮਾਰਗ** | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਸ੍ਰੀ ਗੁਰੂ ਅਰਜਨ ਦੇਵ ਜੀ** | 15 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥** | 34 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | **ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ** | 38 |
| | *ਡਾ. ਜਗਜੀਤ ਸਿੰਘ* | |
| 7. | **ਬੰਦਾ ਸਿੰਘ ਬਹਾਦਰ** | 40 |
| | *ਸ. ਭਜਨ ਸਿੰਘ* | |
| 8. | **ਕਲਗੀਧਰ ਜੀ ਦੇ 52 ਬਚਨ** | 44 |
| | *ਬਲਵਿੰਦਰ ਸਿੰਘ* | |
| 9. | **ਗੁਰਬਾਣੀ ਅਰਥ ਭੰਡਾਰ** | 47 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 10. | **ਗੁਰ ਨਾਨਕ ਆਗਮਨ** | 50 |
| | *ਡਾ. ਭਾਈ ਵੀਰ ਸਿੰਘ* | |
| 11. | **ਪ੍ਰਗਟਿਓ ਖਾਲਸਾ** | 53 |
| | *ਪ੍ਰੋ. ਗੁਰਦੇਵ ਸਿੰਘ* | |
| 12. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

ਅੰਗਰੇਜ਼ੀ ਕਲੰਡਰ ਅਨੁਸਾਰ ਜੂਨ 2024 ਵਿਚ ਤਿੰਨ ਅਹਿਮ ਪੁਰਬ/ਦਿਹਾੜੇ ਸਾਡੇ ਸਾਰਿਆਂ ਲਈ ਆ ਰਹੇ ਹਨ। 10 ਜੂਨ 2024 ਨੂੰ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਦਿਹਾੜਾ ਆ ਰਿਹਾ ਹੈ। 22 ਜੂਨ ਨੂੰ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਹੈ। ਇਸੇ ਮਹੀਨੇ ਵਿਚ ਰਤਵਾੜਾ ਸਾਹਿਬ ਟਰੱਸਟ ਦੇ ਬਾਨੀ ਅਤੇ 'ਆਤਮ ਮਾਰਗ' ਮੈਗਜ਼ੀਨ ਦੇ ਸੰਚਾਲਕ ਪਿਆਰੇ ਮਹਾਂਪੁਰਸ਼ਾਂ ਦਾ ਜਨਮ ਦਿਹਾੜਾ 17 ਜੂਨ ਨੂੰ ਹੈ। ਰਤਵਾੜਾ ਸਾਹਿਬ ਦੀ ਪਾਵਨ ਧਰਤੀ 'ਤੇ ਸਾਰੇ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਗੁਰਪੁਰਬ, ਗੁਰਗੱਦੀ ਪੁਰਬ, ਜੋਤੀ ਜੋਤਿ ਦਿਵਸ, ਭਗਤ ਸਾਹਿਬਾਨਾਂ ਦੇ ਅਵਤਾਰ ਪੁਰਬ ਤੇ ਜੋਤੀ ਜੋਤਿ ਦਿਵਸ, ਸ਼ਹੀਦਾਂ ਦੀ ਯਾਦ ਵਿਚ ਸਮਾਗਮ ਅਤੇ ਮਹਾਂਪੁਰਸ਼ਾਂ ਦੇ ਜਨਮ ਦਿਹਾੜੇ ਤੇ ਉਨ੍ਹਾਂ ਦੀ ਯਾਦ ਵਿਚ ਸਮਾਗਮ ਕਰਵਾਏ ਜਾਂਦੇ ਹਨ। ਭਾਵੇਂ ਹਰ ਐਤਵਾਰ ਦੇ ਸਮਾਗਮ ਨਿਰੰਤਰ ਚਲਦੇ ਹਨ ਪਰ ਫਿਰ ਵੀ ਸਮੇਂ-ਸਮੇਂ ਸਿਰ ਆਉਣ ਵਾਲੇ ਇਤਿਹਾਸਕ ਦਿਵਸ ਵੀ ਵਿਸ਼ੇਸ਼ ਤੌਰ 'ਤੇ ਸ਼ਰਧਾ ਪਿਆਰ ਨਾਲ ਗੁਰਮਤਿ ਸਮਾਗਮਾਂ ਦੇ ਰੂਪ ਵਿਚ ਮਨਾਏ ਜਾਂਦੇ ਹਨ। ਸੰਗਤਾਂ ਨਾਮ ਬਾਣੀ ਨਾਲ ਜੁੜ ਕੇ ਜੀਵਨ ਸਫ਼ਲ ਕਰ ਰਹੀਆਂ ਹਨ। ਇਹ ਦਿਵਸ ਮਨਾਉਣ ਵਿਚ ਸਾਡਾ ਹੀ ਭਲਾ ਹੈ। ਭਾਵ ***'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥' (ਅੰਗ-੯੫੧)*** ਉਨ੍ਹਾਂ ਸੁਪਰ ਆਤਮਾਵਾਂ ਦੀ ਯਾਦ ਵਿਚ ਸਾਡੀ ਜੀਵਨ ਕਲਿਆਣ ਛੁਪੀ ਹੋਈ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਕਥਨ ਹੈ -

*ਕੁਰਬਾਣੀ ਤਿਨ੍ਹਾਂ ਗੁਰਸਿਖਾਂ*
*ਭਾਇ ਭਗਤਿ ਗੁਰਪੁਰਬ ਕਰੰਦੇ।* *ਭਾਈ ਗੁਰਦਾਸ ਜੀ*

ਜੋ ਪਿਆਰ ਸ਼ਰਧਾ ਨਾਲ ਆਪਣੇ ਸਤਿਗੁਰਾਂ ਦੇ ਗੁਰਪੁਰਬ ਮਨਾਉਂਦੇ ਹਨ ਉਨ੍ਹਾਂ ਤੋਂ ਕੁਰਬਾਨ ਹੋਣ ਦਾ ਜਜ਼ਬਾ ਭਾਈ ਸਾਹਿਬ ਨੇ ਫੁਰਮਾਇਆ ਹੈ। ਭਾਵ ਉਹ ਗੁਰੂ ਦੀਆਂ ਖੁਸ਼ੀਆਂ ਦੇ ਪਾਤਰ ਹਨ। ਇਨ੍ਹਾਂ ਦਿਹਾੜਿਆਂ ਨੂੰ ਮਨਾਉਂਦਿਆਂ ਉਨ੍ਹਾਂ ਵਲੋਂ ਕੀਤੇ ਕਾਰਜਾਂ ਨੂੰ ਸਿਮ੍ਰਿਤੀ ਵਿਚ ਵਸਾਦਿਆਂ ਅਸੀਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲ ਸਕੀਏ, ਇਹੀ ਸਾਡੇ ਜੀਵਨ ਦਾ ਤੱਤ ਸਾਰ ਹੈ। ਇਸੇ ਵਿਚ ਮਾਨਵਤਾ ਦੀ ਭਲਾਈ ਛੁਪੀ ਹੈ। ਪੰਜਵੇਂ ਪਾਤਸ਼ਾਹ ਮਹਾਰਾਜ ਦੀ ਸ਼ਹੀਦੀ ਨੂੰ ਨਮਸ਼ਕਾਰ ਕਰਦਿਆਂ ਸਿਰ ਝੁਕਾਉਂਦੇ ਹਾਂ। ਇਕ ਸੱਚ ਨੂੰ ਸਦੀਵੀ ਤੌਰ 'ਤੇ ਕਾਇਮ ਰੱਖਣ ਲਈ ਸੱਚ ਦੇ ਬੋਲ-ਬਾਲੇ ਸਥਾਪਿਤ ਕਰਨ ਲਈ, ਉਸ ਪ੍ਰਮੇਸ਼ਰ ਦੇ ਹੁਕਮ ਅੱਗੇ ਸਿਰ ਝੁਕਾਉਂਦਿਆਂ ਸ਼ਾਂਤਮਈ ਸ਼ਹੀਦੀ ਦੇ ਦੇਣੀ, ਇਹ ਕੇਵਲ ਤੇ ਕੇਵਲ ਸ੍ਰੀ ਗੁਰੂ ਨਾਨਕ ਦੀ ਜੋਤਿ ਦੇ ਹਿੱਸੇ ਹੀ ਆਇਆ ਹੈ।

ਗੁਰ ਇਤਿਹਾਸ ਵਿਚ ਦੋ ਤਰ੍ਹਾਂ ਦੀਆਂ ਸ਼ਹੀਦੀਆਂ ਦਾ ਪ੍ਰਗਟਾਵਾ ਮਿਲਦਾ ਹੈ। ਇਕ ਸ਼ਾਂਤਮਈ ਤੇ ਦੂਜੀ ਜੁਝਾਰੂ। ਸ਼ਾਂਤਮਈ ਸ਼ਹੀਦੀਆਂ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਅਤੇ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਨੇ ਦਿਤੀਆਂ। ਜੁਝਾਰੂ ਸ਼ਹੀਦੀਆਂ ਜੋ ਕੌਮੀ ਪਰਵਾਨੇ ਜੰਗ-ਏ-ਮੈਦਾਨ ਵਿਚ ਜੂਝਦੇ ਸ਼ਹੀਦ ਹੋਏ, ਉਨ੍ਹਾਂ ਵਲੋਂ ਦਿਤੀਆਂ ਗਈਆਂ ਅਤੇ ਬਹੁਤ ਸਾਰੇ ਸਿੱਖਾਂ ਵਲੋਂ ਦਿਤੀਆਂ ਗਈਆਂ -

*ਸੂਰਜ ਚੜ੍ਹਿਆ ਦੇਖਿ ਕੈ ਉਲੂ ਘਬਰਾਵੈ।*

ਮਜ਼੍ਹਬਾਂ ਦੇ ਕੱਟੜਪੰਥੀਆਂ ਨੂੰ ਸੱਚ ਦਾ ਪ੍ਰਕਾਸ਼ ਨਹੀਂ ਸੀ ਭਾਉਂਦਾ।

*'ਗੁਰਬਾਣੀ ਇਸੁ ਜਗ ਮਹਿ ਚਾਨਣੁ.......॥ (ਅੰਗ-੬੭)*
*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ*
*ਜਿਸ ਕਾ ਸਭਸੁ ਅਧਾਰੋ ॥* *ਅੰਗ- ੧੪੨੯*

ਗੁਰਬਾਣੀ ਰੂਪੀ ਥਾਲ 'ਆਦਿ ਗ੍ਰੰਥ ਸਾਹਿਬ' ਦੇ ਰੂਪ ਵਿਚ ਤਿਆਰ ਹੋ ਚੁੱਕਾ ਸੀ। ਸ੍ਰੀ ਗੁਰੂ ਨਾਨਕ ਦੇ ਘਰ ਦੀ ਚੜ੍ਹਦੀ ਕਲਾ ਹੋ ਰਹੀ ਸੀ। ਸਾਰੇ ਧਰਮਾਂ/ਮਜ਼੍ਹਬਾਂ ਵਾਲੇ ਸ੍ਰੀ ਗੁਰੂ ਨਾਨਕ ਦੀ ਜੋਤਿ ਦੇ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੋਂ ਲਾਹੇ

ਪ੍ਰਾਪਤ ਕਰ ਰਹੇ ਸਨ। ਜਨਮਾਂ-ਜਨਮਾਂ ਦੇ ਵਿਛੜੇ ਮਿਲ ਕੇ ਵਿਸਮਾਦ ਵਿਚ ਆ ਕੇ ਗਾ ਰਹੇ ਸਨ -

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ ॥ ਅੰਗ- ੯੫੭*

ਜੀਵਾਂ ਦੀ ਪ੍ਰਾਲਬਧ ਸੀ। ਹੋ ਰਿਹਾ ਸੀ ਸਭਨਾਂ ਦਾ ਭਲਾ, ਬਿਨਾਂ ਕਿਸੇ ਜਾਤ-ਪਾਤ, ਰੂਪ ਰੰਗ, ਨਸਲ, ਲਿੰਗ-ਪੁਲਿੰਗ, ਖਿਤੇ ਦੇ ਭੇਦ ਭਾਵ ਤੋਂ।

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ਅੰਗ- ੯੭*

ਇਲਾਹੀ ਨਾਦ, ਇਲਾਹੀ ਨੂਰ ਵਰਸਾ ਰਿਹਾ ਸੀ ਰਹਿਮਤਾਂ ਦੀ ਬਾਰਿਸ਼ 'ਆਦਿ ਗ੍ਰੰਥ ਦੇ ਰੂਪ ਵਿਚ' ਪ੍ਰਕਾਸ਼ ਹੋ ਸਾਰੀ ਮਾਨਵਤਾ ਨੂੰ ਚਾਨਣਾ ਬਖਸ਼ਿਸ਼ ਕਰ ਰਿਹਾ ਸੀ ਪਰ ਹਨ੍ਹੇਰੇ ਦੇ ਪੁਜਾਰੀਆਂ ਨੂੰ ਚਾਨਣਾ ਨਹੀਂ ਸੀ ਭਾਅ ਰਿਹਾ। ਹੋ ਗਏ ਇਕੱਠੇ।

*ਦੁਸਟ ਚਉਕੜੀ ਸਦਾ ਕੂੜੁ ਕਮਾਵਹਿ*
*ਨਾ ਬੂਝਹਿ ਵੀਚਾਰੇ ॥ ਅੰਗ- ੬੦੧*
*ਦੁਸਟ ਸਭਾ ਮਿਲਿ ਮੰਤਰ ਉਪਾਇਆ*
*ਕਰਸਹ ਅਉਧ ਘਨੇਰੀ ॥ ਅੰਗ - ੧੧੯੫*

ਮਜ਼੍ਹਬੀ ਕੱਟੜਤਾ ਦੇ ਧਾਰਨੀ, ਧਰਮ ਤੋਂ ਹੀਣੇ, ਅਧਰਮੀ, ਪਾਖੰਡੀ, ਭੇਖੀਆਂ ਨੇ ਇਕੱਤਰ ਹੋ ਬੁਣ ਲਿਆ ਝੂਠ ਦਾ ਪੁਲੰਦਾ। ਨਹੀਂ ਭਾਈ ਗੁਰਮਤਿ ਦੀ ਰੋਸ਼ਨੀ, ਨਤੀਜਾ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਹੋਈ। ਲੋਕਾਈ ਨੂੰ ਸਦੀਵੀ ਠੰਢ ਪਹੁੰਚਾਣ ਲਈ ਬਖਸ਼ਿਸ਼ ਹੋਇਆ ਇਹ ਨੂਰਾਨੀ ਨਾਦ -

*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ ਅੰਗ- ੩੯੪*

ਜੇ ਮਾਲਾ ਨੂੰ ਹੱਥ ਪੈ ਜਾਵੇ ਤਾਂ ਤਲਵਾਰ ਚੁੱਕਣੀ ਜਾਇਜ਼ ਹੈ। ਮੀਰੀ-ਪੀਰੀ ਦੇ ਸਿਧਾਂਤ ਦੀ ਬਖਸ਼ਿਸ਼ ਹੋਈ 6ਵੇਂ ਸਰੂਪ ਧੰਨ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਰਾਹੀਂ।

ਦਸਵੇਂ ਪਾਤਸ਼ਾਹ ਦਾ ਵੀ ਫੁਰਮਾਨ ਹੈ -

*ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥*
*ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥ ਪਾਤਸ਼ਾਹੀ ੧੦*

ਸੰਤ ਸਿਪਾਹੀ ਦਾ ਸੁਮੇਲ ਹੋਇਆ। ਧਰਮ 'ਤੇ ਰਾਜਨੀਤੀ ਇਕੱਠੇ ਕੀਤੇ ਪਰ ਕੇਂਦਰ 'ਚ ਧੁਰਾ ਧਰਮ ਦਾ ਤੇ ਰਾਜਨੀਤੀ ਪਹੀਏ ਰੂਪ ਵਿਚ ਆਸ਼ੀਏ 'ਤੇ ਘੁੰਮਦੀ ਰਹੀ। ਜਦ ਕਿ ਅਜੋਕੇ ਹਾਲਾਤ ਪਿਛਲੇ ਕਈ ਦਹਾਕਿਆਂ ਤੋਂ ਹੋਰ ਦੇ ਹੋਰ ਹੋ ਚੁੱਕੇ ਹਨ। ਧਰਮ ਧੁਰੇ ਤੇ ਨਾ ਹੋ ਕੇ ਆਸ਼ੀਏ ਤੇ ਚਲਾ ਗਿਆ ਤੇ ਪ੍ਰਧਾਨਤਾ ਕੇਂਦਰ 'ਚ ਰਾਜਨੀਤੀ ਨੇ ਪ੍ਰਾਪਤ ਕਰ ਲਈ। ਹੁਣ ਗੁਰੂ ਬਖਸ਼ਿਸ਼ ਹੋਵੇ ਕਿ ਉਸ ਮੀਰੀ ਪੀਰੀ ਦੇ ਸਿਧਾਂਤ ਨੂੰ ਮੁੜ ਵਿਹਾਰਕ ਰੂਪ 'ਚ ਅਪਣਾਇਆ ਜਾਵੇ ਜਿਸ ਵਿਚ ਪੂਰੀ ਕੌਮ ਦੀ ਤੇ ਮਾਨਵਤਾ ਦੀ ਭਲਾਈ ਛੁਪੀ ਹੋਈ ਹੈ। ਇਹ ਸਾਰੇ ਦੀ ਵਾਗਡੋਰ ਕੇਵਲ ਉਹਨਾਂ ਰੱਬੀ ਰੂਹਾਂ ਨੂੰ ਦੇਣੀ ਬਣਦੀ ਹੈ ਜਿਨ੍ਹਾਂ ਨੇ ਆਪਣਾ ਆਪਾ ਗੁਰੂ ਨੂੰ ਸਮਰਪਣ ਕੀਤਾ ਹੋਇਆ ਹੈ। ਉਹ ਹਨ ਗੁਰਮੁਖ ਪਿਆਰੇ, ਗੁਰਸਿੱਖ, ਸਾਧੂ, ਸੰਤ ਖਾਲਸਾ ਪਦ ਨੂੰ ਪਹੁੰਚੇ ਗੁਰੂ ਕੇ ਸਿੱਖ।

*ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ।*
*ਪ੍ਰਭ ਮਹਿ ਮੋ ਮਹਿ ਤਾਸ ਮੈ ਰੰਚਕ ਨਾਹਨ ਭੇਵ।*

ਨਾਮ ਕਰਕੇ ਕੋਈ ਖ਼ਾਲਸਾ ਨਹੀਂ ਇਹ ਇਕ ਪਦਵੀ ਹੈ, ਅਵਸਥਾ ਹੈ।

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ- ੩੯੭*

*ਜਿਨ ਹਰਿ ਜਪਿਆ ਸੇ ਹਰਿ ਹੋਏ*
*ਹਰਿ ਮਿਲਿਆ ਕੇਲ ਕੇਲਾਲੀ ॥ ਅੰਗ- ੬੬੭*

*ਆਠ ਪਹਰ ਪ੍ਰਭ ਬਸਹਿ ਹਜੂਰੇ ॥*
*ਕਹੁ ਨਾਨਕ ਸੇਈ ਜਨ ਪੂਰੇ ॥ ਅੰਗ- ੨੯੬*

ਇਹ ਉਹ ਰੱਬੀ ਆਤਮਾਵਾਂ ਹਨ ਜਿਨ੍ਹਾਂ ਦੀਆਂ ਸੇਵਾਵਾਂ ਡਿਊਟੀਆਂ ਦਰਗਾਹੋਂ ਲੱਗੀਆਂ ਹਨ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

ਹਰ ਗੁਰਸਿੱਖ ਨੂੰ ਹੁਕਮ ਹੈ ਕਿ ***'ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥'(ਅੰਗ-289)*** ਦੇ ਸਿਧਾਂਤ 'ਤੇ ਪਹਿਰਾ ਦੇਵੇ। ਪਰ ਇਹ ਬਖਸ਼ਿਸ਼ ਵਿਰਲਿਆਂ 'ਤੇ ਹੁੰਦੀ ਹੈ।

ਐਸੀ ਬਖਸ਼ਿਸ਼ ਦੇ ਪਾਤਰ ਹਨ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਸਚਖੰਡ ਵਾਸੀ ਸ੍ਰੀ ਮਾਨ

ਸੰਤ ਬਾਬਾ ਵਰਿਆਮ ਸਿੰਘ ਜੀ। 17 ਜੂਨ 1918 'ਚ ਨਗਰ ਧਮੋਟ (ਜ਼ਿਲ੍ਹਾ ਲੁਧਿਆਣਾ) ਵਿਚ ਜਨਮ ਹੁੰਦਾ ਹੈ। ਬਚਪਨ ਤੇ ਜੁਆਨੀ ਵਿਚ ਮੁਢਲੀ ਪੜ੍ਹਾਈ ਦੇ ਨਾਲ-ਨਾਲ ਨਾਮ ਬਾਣੀ ਦਾ ਪਹਿਰਾ ਜਾਰੀ ਰੱਖਿਆ। ਪਿਛਲੇ ਜਨਮਾਂ ਦੀ ਤਪਸਿਆ, ਬੰਦਗੀ ਸਦਕਾ ਬਚਪਨ ਤੋਂ ਹੀ ਨਾਮ ਬਾਣੀ ਦੀ ਲਗਨ ਲੱਗੀ ਜੋ ਮੰਜ਼ਿਲ ਮਕਸੂਦ ਤਕ ਪਹੁੰਚ ਗਈ।

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*

*ਅੰਗ- ੮੪੬*

ਜੋ ਇਸ ਮੈਗਜ਼ੀਨ ਦਾ ਮੁਖ ਆਦੇਸ਼ ਹੈ। ਤਮਾਮ ਜੀਵਨ ਨਾਮ ਬਾਣੀ ਵਿਚ ਸਰਸ਼ਾਰ, ਪਰਉਪਕਾਰੀ ਬਿਰਤੀ ਦੇ ਮਾਲਕ, ਪਿਆਰ ਦੇ ਮੁਜਸਮੇ, ਅੰਮ੍ਰਿਤ ਦ੍ਰਿਸ਼ਟੀ ਵਾਲੇ, ਨੇਤਰਾਂ ਦੀ ਝਲਕ ਨਾਲ ਪਾਪ ਕੱਟਣ ਵਾਲੇ, ਪੂਰਨ ਗਿਆਨ ਭਰਪੂਰ ਪਿਆਰੇ ਮਹਾਂਪੁਰਸ਼ ਸਨ। ਅੱਜ ਵੀ ਬਖਸ਼ਿਸ਼ ਉਸੇ ਤਰ੍ਹਾਂ ਕਰ ਰਹੇ ਹਨ ਆਪਣੇ ਪਿਆਰਿਆਂ 'ਤੇ। ਜਿਥੇ ਕਿਤੇ ਵੀ ਕੋਈ ਪਿਆਰਾ ਦੇਸ਼ ਵਿਦੇਸ਼ ਵਿਚ ਹੈ ਉਹ ਪਾ ਰਿਹਾ ਹੈ ਉਨ੍ਹਾਂ ਵਲੋਂ ਆਰੰਭੇ ਕਾਰਜਾਂ ਵਿਚ ਯੋਗਦਾਨ। ਚਲ ਰਹੇ ਹਨ ਸਾਰੇ ਉਨ੍ਹਾਂ ਵਲੋਂ ਆਰੰਭੇ ਕਾਰਜ ਚੜ੍ਹਦੀ ਕਲਾ ਵਿਚ। ਇਨ੍ਹਾਂ ਸਾਰੇ ਕਾਰਜਾਂ ਵਿਚ ਪ੍ਰਮੁੱਖ ਤੌਰ 'ਤੇ ਨਾਮ ਬਾਣੀ, ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਹੈ। ਧਾਰਮਿਕ ਦੀਵਾਨਾਂ ਰਾਹੀਂ ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸਤਿਕਾਰਯੋਗ ਸੰਤ ਬਾਬਾ ਲਖਬੀਰ ਸਿੰਘ ਜੀ ਤੇ ਹੋਰ ਟਰੱਸਟ ਦੇ ਜਥੇ ਨਿਭਾ ਰਹੇ ਹਨ ਸੇਵਾਵਾਂ, ਦਿਨ ਰਾਤ ਦੇਸ਼ ਵਿਦੇਸ਼ ਵਿਚ। ਸਾਹਿਤਕ ਖੇਤਰ ਵਿਚ ਸੈਂਕੜੇ ਪੁਸਤਕਾਂ 'ਤੇ ਆਤਮ ਮਾਰਗ ਮੈਗਜ਼ੀਨ, ਵਿਦਿਅਕ ਖੇਤਰ ਵਿਚ ਸਕੂਲ, ਕਾਲਜ, ਸਮਾਜਿਕ ਖੇਤਰ ਵਿਚ ਸਿਲਾਈ ਸੈਂਟਰ ਤੇ ਬਿਰਧ ਆਸ਼ਰਮ, ਪਰਉਪਕਾਰੀ ਖੇਤਰ ਵਿਚ ਅੱਖਾਂ ਦੇ ਫਰੀ ਅਪਰੇਸ਼ਨ ਕੈਂਪ, ਦਿਨ ਰਾਤ ਚੌਵੀ ਘੰਟੇ ਗੁਰੂ ਕੇ ਲੰਗਰ, ਰਿਹਾਇਸ਼, ਫਰੀ ਹਸਪਤਾਲ, ਕੁਦਰਤੀ ਆਫ਼ਤਾਂ ਵੇਲੇ ਲੋੜਵੰਦਾਂ ਦੀ ਮਦਦ ਆਦਿਕ ਕਾਰਜ ਚਲ ਰਹੇ ਹਨ ਨਿਰੰਤਰ। ਇਹ ਉਨ੍ਹਾਂ ਪਿਆਰੇ ਮਹਾਪੁਰਸ਼ਾਂ ਵਲੋਂ ਆਰੰਭੇ ਗਏ ਸਨ ਦਰਗਾਹੀ ਬਖਸ਼ਿਸ਼ਾਂ ਨਾਲ। ਹੁਣ ਗੁਰੂ ਕ੍ਰਿਪਾ ਤੇ ਸੰਗਤਾਂ ਦੇ ਸਹਿਯੋਗ ਨਾਲ ਮਾਨਵਤਾ ਲਈ ਵਰਦਾਨ ਸਿੱਧ ਹੋ ਰਹੇ ਹਨ। ਇਹ ਹਨ ਸਾਰੀਆਂ ਬਖਸ਼ਿਸ਼ਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀਆਂ, ਘਾਲਨਾਵਾਂ ਹਨ ਪਿਆਰੇ ਮਹਾਂਪੁਰਸ਼ਾਂ ਦੀਆਂ।

*ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥*

*ਅੰਗ- ੬੦੮*

ਆਉ! ਜੁੜ ਬੈਠੀਏ ਉਨ੍ਹਾਂ ਰੱਬੀ ਰੂਹਾਂ ਦੀ ਯਾਦ ਵਿਚ 17 ਜੂਨ 2024 ਨੂੰ ਰਤਵਾੜਾ ਸਾਹਿਬ ਦੀ ਪਾਵਨ ਧਰਤੀ 'ਤੇ। ਵਿਸ਼ੇਸ਼ ਗੁਰਮਤਿ ਸਮਾਗਮ ਹਰ ਸਾਲ ਦੀ ਤਰ੍ਹਾਂ ਹੋ ਰਹੇ ਹਨ 17 ਜੂਨ ਨੂੰ। ਮਹਾਨ ਅੰਮ੍ਰਿਤ ਸੰਚਾਰ ਵੀ ਹੋਣਗੇ। ਆਉ, ਦੀਦਾਰੇ ਬਖਸ਼ੋ ਜੀ।

ਭੁਲਾਂ ਚੁਕਾਂ ਦੀ ਖਿਮਾ।

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਨ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਆਸਾੜੁ
# ਸੰਗਰਾਂਦ - ਜੂਨ 14 (ਦਿਨ ਸ਼ੁਕਰਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥**
**ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥**
**ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥**
**ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥**
**ਰੈਣ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥**
**ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥**
**ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥**
**ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥**
**ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥**

**ਅੰਗ - ੧੩੪**

ਮਨੁੱਖ ਦੇ ਜੀਵਨ ਅੰਦਰ ਖੇੜੇ ਅਤੇ ਸ਼ਾਂਤੀ ਦਾ ਸਬੰਧ ਬਾਹਰਲੀ ਗਰਮੀ ਸਰਦੀ ਜਾਂ ਸੁਖਾਂ ਦੇ ਸਾਧਨਾਂ ਨਾਲ ਨਹੀਂ ਹੈ। ਵਾਹਿਗੁਰੂ ਜੀ ਨਾਲ ਜੁੜਨ ਵਿਚ ਖੇੜਾ ਹੈ, ਸ਼ਾਂਤੀ ਹੈ। ਟੁੱਟਣ ਵਿਚ ਅਸ਼ਾਂਤੀ ਤੇ ਦੁਖ ਹਨ। 'ਦੁਖੁ ਤਦੇ ਜਾ ਵਿਸਰਿ ਜਾਵੈ॥' (ਅੰਗ-98) ਜੁੜਨ ਅਤੇ ਟੁੱਟਣ ਵਿਚ ਕੀ ਅੰਤਰ ਹੈ? ਰੁੱਤ ਬਦਲਣ ਨਾਲ ਜੀਵਨ ਦਾ ਖੇੜਾ ਕਿਵੇਂ ਬਦਲਦਾ ਹੈ? ਇਹ ਸਾਰੇ ਦਾ ਪ੍ਰਗਟਾਵਾ ਗੁਰੂ ਮਹਾਰਾਜ ਜੀ ਨੇ ਸਾਨੂੰ ਇਸ ਸ਼ਬਦ ਵਿਚ ਦਰਸਾਇਆ ਹੈ। ਭਾਰਤ ਵਰਸ਼ ਵਿਚ 'ਆਸਾੜੁ' ਦੇ ਮਹੀਨੇ ਨੂੰ ਅਤੀ ਗਰਮੀ ਦਾ ਮਹੀਨਾ ਮੰਨਿਆ ਗਿਆ ਹੈ। ਦੂਜੇ ਪਾਸੇ 'ਪੋਹ' ਮਹੀਨੇ ਨੂੰ ਅਤੀ ਸਰਦੀ ਦਾ ਮਹੀਨਾ। ਵਿਹਾਰਕ ਰੂਪ ਵਿਚ ਗਰਮੀ ਪੈਂਦੀ ਵੀ ਜ਼ਿਆਦਾ ਇਨ੍ਹਾਂ ਮਹੀਨਿਆਂ ਵਿਚ ਹੀ ਹੈ। ਜਦੋਂ ਸਰਦੀ ਦਾ ਪ੍ਰਕੋਪ ਪੂਰੀ ਕਾਇਨਾਤ ਝੱਲ ਰਹੀ ਹੁੰਦੀ ਹੈ ਤਾਂ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥*
*ਅੰਗ - ੧੩੫*

ਭਾਵ ਜੋ ਪ੍ਰਮੇਸ਼ਰ ਨਾਲ ਜੁੜੇ ਹਨ ਉਨ੍ਹਾਂ ਨੂੰ ਕੱਕਰ ਆਦਿ (ਮਨ ਦੀ ਕਠੋਰਤਾ ਵਾਲੇ, ਕੋਰਾਪਨ ਵਾਲੇ) ਜੋਰ ਨਹੀਂ ਪਾ ਸਕਦੇ। ਇਸੇ ਤਰ੍ਹਾਂ ਮਹਾਰਾਜ ਸਾਨੂੰ ਗਰਮੀ ਦੀ ਰੁੱਤ ਵਿਚ ਉਪਦੇਸ਼ ਬਖਸ਼ਦੇ ਹਨ ਕਿ ***'ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥'*** ਭਾਵ ਜਿਹੜਾ ਜੁੜਦਾ ਹੈ, ਵਿਛੋੜੇ ਦੀਆਂ ਗਰਮ ਹਵਾਵਾਂ ਉਸ ਨੂੰ ਨਹੀਂ ਪੋਹ ਸਕਦੀਆਂ। ਜਿਹੜੀ ਟਾਹਣੀ ਮੂਲ ਨਾਲ ਜੁੜੀ ਹੈ, ਉਸ ਨੂੰ ਗਰਮੀ ਦੀ ਮਾਰ ਵੀ ਸੁਕਾ ਨਹੀਂ ਸਕਦੀ। ਉਨ੍ਹਾਂ ਅੰਦਰ ਹਰਿਆਵਲ ਦਾ ਰਸ ਹੁੰਦਾ ਹੈ ਜੋ ਸੁਕਦਾ ਨਹੀਂ। ਇਹ ਸਭ ਕੁਝ ਉਸ ਦਾ ਮੂਲ ਨਾਲ ਜੁੜਨ ਕਰਕੇ ਹੀ ਹੈ ਪਰ ਜਿਹੜੀਆਂ ਸ਼ਾਖਾਵਾਂ ਮੂਲ ਨਾਲੋਂ ਟੁੱਟ ਜਾਂਦੀਆਂ ਹਨ, ਉਹਨਾਂ ਨੂੰ ਬਾਹਰੋਂ ਦਿਤਾ ਪਾਣੀ ਵੀ ਕੰਮ ਨਹੀਂ ਕਰਦਾ ਭਾਵ ਉਹ ਹਰੀਆਂ ਨਹੀਂ ਹੁੰਦੀਆਂ। ਉਹਨਾਂ 'ਤੇ ਬਸੰਤ ਵਿਚ ਵੀ ਖੇੜਾ ਨਹੀਂ ਆਉਂਦਾ।

*ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥*
*ਇਹੁ ਮਨੁ ਜਲਿਆ ਦੂਜੈ ਦੋਇ ॥ ਅੰਗ- ੧੧੭੬*

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ ॥ ੧ ॥ ਰਹਾਉ ॥ ਅੰਗ- ੧੦*

ਪ੍ਰਮੇਸ਼ਰ ਨੂੰ ਛੱਡ ਕੇ ਸਭ ਕੁਝ 'ਦੂਜਾ' ਦੋਇ ਹੀ ਹੈ -

*ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥*
*ਅੰਗ- ੪੭੦*

ਇਕ ਪਾਸੇ ਸੰਬੰਧ ਟੁੱਟ ਗਿਆ, ਦੂਜੇ ਪਾਸੇ ਨੇੜੇ ਹੁੰਦਾ ਗਿਆ -

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*

*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥*
*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥* *ਅੰਗ- ੧੩੭*

ਭਾਵ –

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥*
*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥* *ਅੰਗ- ੯੨੧*

ਵਿਗਿਆਨਕ ਤੌਰ 'ਤੇ ਵੀ ਧਰਤੀ ਸੂਰਜ ਦੇ ਨੇੜੇ ਜਾਂਦੀ ਹੈ ਤਾਂ ਰੁੱਤ ਬਦਲਦੀ ਹੈ। ਜਿਵੇਂ-ਜਿਵੇਂ ਧਰਤੀ 'ਤੇ ਸੂਰਜ ਦੀ ਦੂਰੀ ਵਧਦੀ ਹੈ, ਗਰਮੀ ਘਟਦੀ ਜਾਂਦੀ ਹੈ। ਇਕ ਪਾਸੇ ਸੀਤਲਤਾ ਹੈ ਦੂਜੇ ਪਾਸੇ ਤਪਸ਼ ਹੈ। ਜੇ ਜੀਵ ਸੀਤਲਤਾ ਨਾਲ ਜੁੜਿਆ ਰਹੇ ਤਾਂ ਤਪਸ਼ ਕੁਝ ਵਿਗਾੜ ਨਹੀਂ ਸਕਦੀ। ਤਪਸ਼ ਵੀ ਉਨ੍ਹਾਂ ਨੂੰ ਪਰੇਸ਼ਾਨ ਕਰਦੀ ਹੈ ਜਿਨ੍ਹਾਂ ਦੇ ਜੀਵਨ ਸੜ ਜਾਂਦੇ ਹਨ –

*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥*
*ਜੈ ਤਨਿ ਬਾਣੀ ਵਿਸਰਿ ਜਾਇ ॥*
*ਜਿਉ ਪਕਾ ਰੋਗੀ ਵਿਲਲਾਇ ॥ ੧ ॥* *ਅੰਗ- ੬੬੧*

ਇਸ ਲਈ 'ਹਰਿ ਨਾਹ' ਭਾਵ ਹਰੀ ਪ੍ਰੀਤਮ ਜਿਹੜਾ ਕੇਵਲ ਤੇ ਕੇਵਲ ਸੀਤਲਤਾ ਹੈ, ਉਨ੍ਹਾਂ ਕੋਲ ਨਹੀਂ ਹੈ, ਉਸ ਦੀ ਹਾਜ਼ਰੀ ਪ੍ਰਾਪਤ ਨਹੀਂ ਹੈ। ਉਸ ਦੀ ਸ਼ਰਨ ਵਿਚ ਨਹੀਂ ਹਨ ਭਾਵ ਉਸ ਦੀ ਗੋਦ ਦੀ ਠੰਢਕ ਨਹੀਂ ਪ੍ਰਾਪਤ ਹੁੰਦੀ। ਉਨ੍ਹਾਂ ਨੂੰ ਹੀ ਤਪਸ਼ ਦਾ ਅਸਰ ਹੁੰਦਾ ਹੈ। ਭਾਵ –

**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥**

ਜਿਹੜੇ ਜੀਵ ਪ੍ਰਮੇਸ਼ਰ ਨਾਲ ਟੁੱਟ ਜਾਣ ਤੇ ਬੁਰਿਆਈਆਂ, ਮਾਇਆ, ਪਦਾਰਥਾਂ ਦੀ ਅੱਗ ਦੀ ਲਪੇਟ ਵਿਚ ਆ ਜਾਣ ਉਹ ਭਾਵੇਂ ਹਿਮਾਲਿਆ ਪਰਬਤ 'ਤੇ ਪਹੁੰਚ ਜਾਣ ਉਥੇ ਵੀ –

*ਤਪੈ ਹਿਆਉ ਜੀਅੜਾ ਬਿਲਲਾਇ ॥* *ਅੰਗ- ੬੬੧*

*ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥*
*ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥ ਅੰਗ- ੭੦੯*

**ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥**

ਰੱਬ ਨਾਲੋਂ ਟੁੱਟ ਕੇ, ਵਿਛੜ ਕੇ ਉਸ ਦੀ ਕਿਰਤ, ਮਨੁੱਖ ਦੇ ਸਹਾਰੇ ਸੁਖੀ ਨਹੀਂ ਹੋਇਆ ਜਾ ਸਕਦਾ। ਜੋ ਆਪ ਬੰਧਨਾਂ ਵਿਚ ਹੋਵੇ, ਉਹ ਦੂਸਰੇ ਨੂੰ ਬੰਧਨਾਂ ਤੋਂ ਛੁਟਕਾਰਾ ਨਹੀਂ ਦਿਵਾ ਸਕਦਾ। ਲੱਖਾਂ/ਕ੍ਰੋੜਾਂ ਬੁਝੇ ਦੀਵੇ ਇਕ ਨੂੰ ਨਹੀਂ ਜਲਾ ਸਕਦੇ। ਲੱਖਾਂ ਸੁੱਤੇ ਬੰਦੇ ਇਕ ਨੂੰ ਨਹੀਂ ਜਗਾ ਸਕਦੇ। ਇਕ ਜਗਦਾ ਦੀਵਾ ਲੱਖਾਂ/ਕ੍ਰੋੜਾਂ ਨੂੰ ਜਗਾ ਸਕਦਾ ਹੈ। ਇਕ ਜਾਗਦਾ ਬੰਦਾ ਲੱਖਾਂ ਸੁੱਤਿਆਂ ਨੂੰ ਜਗਾ ਸਕਦਾ ਹੈ –

*ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥*
*ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ ॥*
*ਅੰਗ- ੩੩੪*

*ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥*
*ਅੰਗ- ੬੦੮*

ਮਹਾਰਾਜ ਫੁਰਮਾਨ ਕਰਦੇ ਹਨ ਕਿ ਕੇਵਲ ਇਕ ਜਗਜੀਵਨ ਦੀ ਓਟ ਤੱਕ –

**ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥**

ਪ੍ਰਮੇਸ਼ਰ ਨੂੰ ਛੱਡ ਕੇ ਹੋਰ ਵਹਿਮਾਂ, ਭਰਮਾਂ, ਪਾਖੰਡਾਂ ਜਾਂ ਹੋਰ ਦੁਨਿਆਵੀ ਸਹਾਰਿਆਂ ਨਾਲ ਜਮਾਂ ਦੀ ਫਾਹੀ ਨਹੀਂ ਮਿਟਦੀ।

*ਕਬੀਰ ਜਮ ਕਾ ਠੇਂਗਾ ਬੁਰਾ ਹੈ*
*ਓਹੁ ਨਹੀ ਸਹਿਆ ਜਾਇ ॥*
*ਏਕੁ ਜੁ ਸਾਧੂ ਮੋੁਹਿ ਮਿਲਿਓ*
*ਤਿਨ੍ਹਿ ਲੀਆ ਅੰਚਲਿ ਲਾਇ ॥* *ਅੰਗ- ੧੩੬੮*

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥*
*ਅੰਗ- ੭੨੯*

ਕੇਵਲ ਸਮਰੱਥ ਸਤਿਗੁਰੂ ਹਨ ਜੋ ਇਸ ਜੀਵ ਦੀ ਜਮਾਂ ਦੀ ਫਾਹੀ ਕੱਟ ਸਕਦੇ ਹਨ।

**ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥**

ਜਿਹੋ ਜਿਹੇ ਕਰਮ ਕੀਤੇ ਹਨ ਉਹੋ ਜਿਹਾ ਹੀ ਫਲ ਪ੍ਰਾਪਤ ਹੁੰਦਾ ਹੈ –

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*
*ਅੰਗ- ੪੩੩*

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥*
*ਅੰਗ- ੧੩੭੯*

ਜਿਹੋ ਜਿਹਾ ਜੀਵਨ ਦਾ ਸਬੰਧ ਜੁੜਿਆ ਹੈ ਉਹੋ ਜਿਹਾ ਹੀ ਫਲ ਮਿਲਦਾ ਹੈ। ਜੇ ਜਲ, ਹਵਾ ਜਾਂ ਪਰਬਤ ਨਾਲ ਸਬੰਧ ਜੁੜਿਆ ਹੈ ਤਾਂ ਸੀਤਲਤਾ ਆਵੇਗੀ। ਜੇ ਅੱਗ ਸੂਰਜ ਨਾਲ ਸਬੰਧ ਜੁੜਿਆ ਹੈ ਤਾਂ ਤਪਸ਼ ਪ੍ਰਾਪਤ ਹੋਵੇਗੀ।

ਮਹਾਰਾਜ ਚੇਤੰਨ ਕਰਦੇ ਹਨ ਕਿ ਕਿਤੇ ਐਸਾ ਨਾ ਹੋਵੇ ਕਿ ਪ੍ਰਮੇਸ਼ਰ (ਨਾਮ ਬਾਣੀ) ਨੂੰ ਛੱਡ ਕੇ ਦੂਜੇ ਪਾਸੇ (ਸੰਸਾਰਕ ਪਦਾਰਥਾਂ ਦੀ ਚਕਾਚੌਂਧ) ਵਿਚ ਲੱਗ ਕੇ ਤਪਤ ਤੇ ਤ੍ਰਿਸ਼ਨਾ ਦੀ ਦੁਨੀਆਂ ਵਿਚ ਜਲ-ਜਲ ਕੇ ਸਾਰਾ ਜੀਵਨ ਬਰਬਾਦ ਹੋ ਜਾਏ। ਫਿਰ ਪਛਤਾਵਾ ਪੱਲੇ ਰਹਿ ਜਾਣਾ ਹੈ -

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥*
*ਅੰਗ- ੧੪੨੮*

ਰੈਣ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ਅੰਗ - ੧੫੬*

ਪਰ ਮਹਾਰਾਜ ਆਸ ਦੀ ਕਿਰਨ ਜਗਾਉਂਦੇ ਹੋਏ ਬਖਸ਼ਿਸ਼ ਕਰਦੇ ਹਨ -

ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥

ਜੋ ਸਮਰੱਥ ਸਤਿਗੁਰੂ ਦੀ ਸੰਗਤ ਵਿਚ, ਸ਼ਰਨ ਵਿਚ ਚਲੇ ਜਾਂਦੇ ਹਨ ਉਨ੍ਹਾਂ ਦੀ ਬੰਦ ਖਲਾਸੀ ਹੋ ਜਾਂਦੀ ਹੈ। ਜੋ ਸਤਿਗੁਰੂ ਦਾ ਪੱਲਾ ਫੜਦੇ ਹਨ ਉਹ ਭਵਸਾਗਰ ਤੋਂ ਪਾਰ ਉਤਰ ਜਾਂਦੇ ਹਨ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ- ੭੪੭*

ਗੁਰੂ ਅਤੇ ਗੁਰੂ ਦੇ ਪਿਆਰਿਆਂ ਦੀ ਸੰਗਤ ਵਿਚ ਜੁੜ ਕੇ ਇਸ ਦੀ ਬੰਦ ਖਲਾਸੀ ਦਾ ਰਾਹ ਖੁਲ੍ਹ ਜਾਂਦਾ ਹੈ -

ਕਰਿ ਕਿਰਪਾ ਪ੍ਰਭ ਆਪਣੀ
ਤੇਰੇ ਦਰਸਨ ਹੋਇ ਪਿਆਸ ॥

ਹੁਣ ਇਕ ਅਰਜ਼ੋਈ ਹੈ, ਤਰਲਾ ਹੈ। ਸੱਚੇ ਪਾਤਸ਼ਾਹ ਆਪ ਕ੍ਰਿਪਾ ਕਰੋ, ਮੈਨੂੰ ਤੇਰੇ ਦਰਸ਼ਨ ਦੀ ਪਿਆਸ ਲਗ ਜਾਵੇ। ਭਾਵ -

*ਆਪਣਾ ਲਾਇਆ ਪਿਰਮੁ ਨ ਲਗਈ*
*ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ*
*ਜੈ ਭਾਵੈ ਤੈ ਦੇਇ ॥ ਅੰਗ- ੧੩੭੮*
*ਦਰਸਨ ਪਿਆਸੀ ਦਿਨਸੁ ਰਾਤਿ*
*ਚਿਤਵਉ ਅਨਦਿਨੁ ਨੀਤ ॥*
*ਖੋਲਿ੍ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥*
*ਅੰਗ- ੭੦੩*

ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥

ਇਸ ਜਲਦੇ ਬਲਦੇ ਸੰਸਾਰ ਵਿਚ ਵਾਹਿਗੁਰੂ ਤੇਰੇ ਤੋਂ ਬਿਨਾਂ ਹੋਰ ਕੋਈ ਨਹੀਂ -

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥*
*ਅੰਗ- ੭੯੨*

ਭਾਵ -

*ਸਗਲ ਦੁਆਰ ਕਉ ਛਾਡਿ ਕੈ*
*ਗਹਿਓ ਤੁਹਾਰੋ ਦੁਆਰ।*
*ਬਾਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ।*

ਇਸ ਜੀਵ ਨੂੰ ਤੇਰੇ ਚਰਨਾਂ ਵਿਚ ਹੀ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ। ਮਹਾਰਾਜ ਧੀਰਜ ਦਿੰਦੇ ਹਨ, ਹੌਂਸਲਾ ਅਫਜ਼ਾਈ ਕਰਦੇ ਫੁਰਮਾਨ ਕਰਦੇ ਹਨ -

ਆਸਾੜੁ ਸੁਹੰਦਾ ਤਿਸੁ ਲਗੈ
ਜਿਸੁ ਮਨਿ ਹਰਿ ਚਰਣ ਨਿਵਾਸ ॥

ਜਿਸਦੇ ਹਿਰਦੇ ਵਿਚ ਪਤੀ ਪ੍ਰਮੇਸ਼ਰ ਦਾ ਵਾਸਾ ਹੋ ਗਿਆ ਉਸ ਨੂੰ ਦੁਨਿਆਵੀ ਤਪਤ ਗਰਮਾ ਨਹੀਂ ਸਕਦੀ ਭਾਵ ਅਸਰ ਨਹੀਂ ਕਰ ਸਕਦੀ। ਇਹੀ ਆਸਾੜੁ ਦਾ ਮੌਸਮ ਸੁਹਾਵਣਾ ਬਣ ਜਾਵੇਗਾ। ਇਸੇ ਵਿਚ ਸੀਤਲਤਾ ਦਾ ਸੋਮਾ ਪ੍ਰਾਪਤ ਹੋ ਜਾਵੇਗਾ। ਲੋੜ ਹੈ ਸਮਰੱਥ ਸਤਿਗੁਰੂ ਨਾਲ ਜੁੜ ਕੇ ਨਾਮ ਬਾਣੀ ਦਾ ਵਾਸਾ ਆਪਣੇ ਹਿਰਦੇ ਵਿਚ ਕੀਤਾ ਜਾਵੇ।

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥ ਅੰਗ- ੬੨੮*

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥*
*ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥*
*ਅੰਗ - ੯੨੨*

ਵਾਹਿਗੁਰੂ ਦੀ ਪ੍ਰੀਤੀ, ਹਿਰਦੇ ਵਿਚ ਚਰਨਾਂ ਦਾ ਨਿਵਾਸ ਸਾਰੇ ਮੌਸਮਾਂ ਨੂੰ ਸੁਹਾਵਣਾ ਬਣਾ ਦਿੰਦਾ ਹੈ। ***'ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥'***

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-13)*

ਗੁਰੂ ਨਾਨਕ ਪਾਤਸ਼ਾਹ ਪਿਤਾ ਦੀਆਂ ਇਹ ਗੱਲਾਂ ਸੁਣਦੇ-ਸੁਣਦੇ ਪਾਠਸ਼ਾਲਾ ਪਹੁੰਚ ਜਾਂਦੇ ਹਨ। ਉਥੇ ਮਹਿਤਾ ਕਾਲੂ ਜੀ ਨੇ ਪਾਂਧੇ ਨੂੰ ਕਿਹਾ ਕਿ ਨਾਨਕ ਜੀ ਨੂੰ ਪਾਠਸ਼ਾਲਾ ਵਿਚ ਪੜ੍ਹਨ ਵਾਸਤੇ ਲਿਆਇਆ ਹਾਂ। ਇੰਨਾ ਕਹਿ ਕੇ ਨੌਕਰ ਵਲ ਇਸ਼ਾਰਾ ਕੀਤਾ ਅਤੇ ਉਸ ਨੇ ਸ਼ੱਕਰ ਅਤੇ ਕੱਪੜਾ (ਥਾਨ) ਪਾਂਧਾ ਜੀ ਦੇ ਅੱਗੇ ਰੱਖ ਦਿਤਾ। ਮਹਿਤਾ ਕਾਲੂ ਜੀ ਨੇ ਸਵਾ ਰੁਪਿਆ ਪਾਂਧਾ ਜੀ ਨੂੰ ਦਕਸ਼ਣਾ ਦਿਤੀ। ਨਾਲ ਹੀ ਕਿਹਾ ਕਿ ਪਾਧਾ ਜੀ! ਤੁਸੀਂ ਜਿਉਂ-ਜਿਉਂ ਨਾਨਕ ਨੂੰ ਪੜ੍ਹਾਓਂਗੇ ਮੈਂ ਤੁਹਾਡੀ ਭੇਟਾ ਅਨਾਜ ਦੀਆਂ ਬੋਰੀਆਂ, ਕਪਾਹ, ਗੰਨੇ, ਗੁੜ, ਸ਼ੱਕਰ ਅਤੇ ਸਬਜ਼ੀਆਂ-ਭਾਜੀਆਂ, ਬਾਲਣ ਭੇਜਦਾ ਰਹਾਂਗਾ। ਪ੍ਰਭੂ ਦੀ ਕ੍ਰਿਪਾ ਨਾਲ ਅਸਾਡੇ ਪਾਸ ਬਹੁਤ ਮੱਝਾਂ ਗਾਈਆਂ ਹਨ, ਦੁੱਧ ਵੀ ਬਹੁਤ ਵਾਧੂ ਹੈ, ਮੈਂ ਆਪਣੇ ਨੌਕਰ ਪਾਸ ਦੁੱਧ ਭੇਜਦਾ ਰਹਾਂਗਾ ਪਰ ਤੁਸੀਂ ਮਿਹਨਤ ਕਰਕੇ ਪੜ੍ਹਾਉਣਾ। ਪਾਂਧਾ ਜੀ ਜਾਣਦੇ ਸਨ ਕਿ ਬਾਬਾ ਮਹਿਤਾ ਕਾਲੂ ਜੀ ਰਾਏ ਬੁਲਾਰ ਦੇ ਖਾਸ ਮੈਨੇਜਰ ਹਨ ਜਿਨ੍ਹਾਂ ਦਾ ਕੰਮ ਫਸਲ ਦੀ ਕਣਕੂਤ ਕਰਨਾ, ਹੋਰ ਰਾਜਸੀ ਕੰਮਾਂ ਵਿਚ ਸੇਵਾ ਕਰਨਾ ਸੀ। ਪਿੰਡ ਵਿਚੋਂ ਉਹ ਸਭ ਤੋਂ ਪ੍ਰਮੁੱਖ ਗਿਣੇ ਜਾਂਦੇ ਸਨ। ਰਾਏ ਬੁਲਾਰ ਜੀ ਦਾ ਵੀ ਗੁਰੂ ਨਾਨਕ ਜੀ ਵਲ ਖਾਸ ਧਿਆਨ ਰਹਿੰਦਾ ਸੀ ਕਿਉਂਕਿ ਉਨ੍ਹਾਂ ਦੇ ਬਾਰੇ ਬਹੁਤ ਸਾਰੇ ਪਤਵੰਤਿਆਂ ਤੋਂ ਬੜੀ ਸੰਜੀਦਗੀ ਨਾਲ ਨਿਤ ਹੋ ਰਹੇ ਕੌਤਕ ਸੁਣ ਰਿਹਾ ਸੀ। ਗੁਰੂ ਨਾਨਕ ਬਾਰੇ ਉਹਦੇ ਮਨ ਵਿਚ ਸ਼ਰਧਾ ਸੀ। ਇਹ ਵੀ ਉਸ ਦੇ ਮਨ ਵਿਚ ਪੱਕਾ ਖਿਆਲ ਸੀ ਕਿ ਇਹ ਬਾਲਕ ਅੱਲਾਹ ਤਾਲਾ ਵਲੋਂ ਸੰਸਾਰ ਦੀ ਕਲਿਆਣ ਵਾਸਤੇ ਭੇਜਿਆ ਗਿਆ ਹੈ। ਇਸ ਕਰਕੇ ਵੀ ਉਹ ਬਾਬਾ ਮਹਿਤਾ ਕਾਲੂ ਜੀ ਨਾਲ ਵਿਸ਼ੇਸ਼ ਨੇੜਤਾ ਰਖਿਆ ਕਰਦਾ ਸੀ। ਪਾਧਾ ਜੀ ਵੀ ਇਸ ਗੱਲ ਨੂੰ ਜਾਣਦੇ ਸਨ। ਉਨ੍ਹਾਂ ਨੇ ਗੁਰੂ ਨਾਨਕ ਦੇ ਕੌਤਕ ਸੁਣ ਰੱਖੇ ਸਨ। ਉਸ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਆਮ ਬਾਲਕਾਂ ਵਰਗਾ ਨਹੀਂ ਸੀ ਸਮਝਿਆ।

ਉਸ ਨੇ ਗੁਰੂ ਨਾਨਕ ਜੀ ਨੂੰ ਪਿਆਰ ਕੀਤਾ ਅਤੇ ਕਿਹਾ ਕਿ ਤੂੰ ਕੱਲ੍ਹ ਨੂੰ ਫੱਟੀ ਲਿਆਵੀਂ, ਕਲਮ ਇਥੋਂ ਮਿਲ ਜਾਵੇਗੀ, ਸਿਆਹੀ, ਦਵਾਤ ਇਥੇ ਮਿਲ ਜਾਵੇਗੀ, ਗਾਜਣੀ ਇਥੇ ਹੁੰਦੀ ਹੀ ਹੈ, ਤੂੰ ਫੱਟੀ ਧੋ ਲਈਂ ਅਤੇ ਗਾਜਣੀ ਲਾ ਲਈ। ਜਦੋਂ ਸੁੱਕ ਜਾਵੇਗੀ ਉਸ ਵੇਲੇ ਤੂੰ ਮੇਰੇ ਕੋਲ ਲੈ ਕੇ ਆਈਂ। ਮੈਂ ਉਸ ਉਪਰ ਅੱਖਰ ਲਿਖ ਦੇਵਾਂਗਾ। ਉਨ੍ਹਾਂ ਅੱਖਰਾਂ ਨੂੰ ਦੇਖ ਕੇ ਤੂੰ ਅੱਖਰ ਲਿਖਣੇ ਹੋਣਗੇ। ਗੁਰੂ ਨਾਨਕ ਨੇ ਕਿਹਾ ਕਿ ਪਾਧਾ ਜੀ! ਜਿਵੇਂ ਤੁਸੀਂ ਕਿਹਾ ਹੈ ਮੈਂ ਐਵੇਂ ਹੀ ਕਰ ਲਵਾਂਗਾ।

ਪਾਂਧਾ ਜੀ ਚਲੇ ਗਏ ਪਰ ਗੁਰੂ ਨਾਨਕ ਜੀ ਉਥੇ ਹੀ ਰਹੇ। ਆਪ ਜੀ ਦੀ ਸਖਸ਼ੀਅਤ ਵਿਚ ਇਤਨੀ ਮਿਕਨਾਤੀਸੀ ਸੀ ਕਿ ਜੋ ਵੀ ਕੋਈ ਦੇਖਦਾ ਸੀ ਉਹ ਖਿੱਚ ਖਾ ਕੇ ਧੂਹਿਆ ਜਾਂਦਾ ਸੀ। ਗੁਰੂ ਨਾਨਕ ਪਾਤਸ਼ਾਹ ਲਈ ਪਿਆਰ ਉਸ ਦੇ ਅੰਦਰ ਆਪਣੇ ਆਪ ਹੀ ਹੁਲਾਰੇ ਮਾਰਨ ਲਗ ਜਾਂਦਾ ਸੀ। ਇਸੇ ਤਰ੍ਹਾਂ ਹੋਇਆ, ਅੱਜ ਬਾਲਕ ਪਾਂਧਾ ਜੀ ਦੇ ਜਾਣ ਤੋਂ ਬਾਅਦ ਰੌਲਾ-ਰੱਪਾ ਨਹੀਂ ਸੀ ਪਾ ਰਹੇ, ਉਹ ਨਾਨਕ ਜੀ ਦੇ ਦੁਆਲੇ ਝੁਰਮਟ ਪਾ ਕੇ ਬੜੀ ਸ਼ਾਂਤੀ ਨਾਲ ਬੈਠੇ ਸਨ। ਗੁਰੂ ਨਾਨਕ ਜੀ ਉਨ੍ਹਾਂ ਨਾਲ ਬਹੁਤ ਮਿੱਠੇ ਬਚਨ ਕਰ ਰਹੇ ਸਨ।

ਦੂਸਰੇ ਦਿਨ ਗੁਰੂ ਨਾਨਕ ਪਾਤਸ਼ਾਹ ਫੱਟੀ ਲੈ ਗਏ ਅਤੇ ਸੁਕਾ  ਕੇ ਪਾਂਧਾ ਜੀ ਪਾਸ ਆਏ, ਉਹ ਬੜਾ ਪ੍ਰਸੰਨ ਹੋਇਆ। ਗੁਰੂ ਨਾਨਕ ਦੇ ਚਿਹਰੇ ਵਲ ਤੱਕਣ ਲੱਗਿਆ, ਅੰਦਰ ਕੋਈ ਖਿੱਚ ਖਾਧੀ, ਬੇਮਾਲੂਮਾਂ ਸਤਿਕਾਰ ਉਸ ਦੇ ਹਿਰਦੇ ਵਿਚ ਜਾਗ ਪਿਆ। ਉਸ ਨੂੰ ਪੰਡਤ ਹਰਦਾਸ ਜੀ ਦੇ ਪਹਿਲਾਂ ਕਹੇ ਹੋਏ ਬਚਨ ਯਾਦ ਆ ਗਏ। ਹਰਦਾਸ ਜੀ ਨੇ ਕਿਹਾ ਸੀ ਕਿ ਪਾਂਧਾ ਜੀ! ਨਾਨਕ ਜੀ ਦੇ ਜੋ ਗ੍ਰਹਿ ਹਨ, ਉਨ੍ਹਾਂ ਨੂੰ ਦੇਖ ਕੇ ਪਤਾ ਲਗਦਾ ਹੈ ਕਿ ਜੋਤਸ਼ ਵਿਦਿਆ ਦੇ ਮਤ ਅਨੁਸਾਰ ਉਹ ਐਨੇ ਮਹਾਨ ਹਨ, ਐਨੇ ਸਰਵੋਤਮ ਹਨ ਜਿਨ੍ਹਾਂ ਦੇ ਮੁਕਾਬਲੇ ਦਾ ਕੋਈ ਵੀ ਸੰਸਾਰ ਵਿਚ ਨਹੀਂ ਆਇਆ। ਮੈਨੂੰ ਤਾਂ ਕਈ ਵਾਰੀ ਭੁਲੇਖਾ ਪੈ ਜਾਂਦਾ ਹੈ ਕਿ ਇਹ ਈਸ਼ਵਰ ਦਾ ਖਾਸ ਅਵਤਾਰ ਹਨ। ਮੈਂ ਜਦੋਂ ਦੀ ਜਨਮ ਪਤਰੀ ਬਣਾਈ ਹੈ ਮੈਂ ਉਸ ਵੇਲੇ ਤੋਂ ਹੀ ਸਤਿਕਾਰ ਵਿਚ ਰਹਿੰਦਾ ਹਾਂ। ਈਸ਼ਵਰ ਕਰੇ ਅਸਾਡੇ ਜਿਉਂਦੇ-ਜਿਉਂਦੇ ਇਨ੍ਹਾਂ ਦਾ ਪ੍ਰਤਾਪ ਵਧੇ ਅਤੇ ਇਨ੍ਹਾਂ ਦਾ

ਅਸਲੀ ਰੂਪ ਅਸੀਂ ਤਕ ਸਕੀਏ।

ਵਿਦੇਸ਼ੀਆਂ ਦੇ ਰਾਜ ਕਰਕੇ ਸਾਡੇ ਧਾਰਮਕ ਵਿਸ਼ਵਾਸ਼ ਬਹੁਤ ਕਮਜ਼ੋਰ ਹੋ ਚੁਕੇ ਹਨ, ਅਸੀਂ ਡਾਵਾਂਡੋਲ ਹੋਏ ਪਏ ਹਾਂ। ਮੈਂ ਇਨ੍ਹਾਂ ਦੇ ਗ੍ਰਿਹਾਂ ਤੋਂ ਹਿਸਾਬ ਲਾਇਆ ਹੈ ਕਿ ਇਹ ਪਹਿਲੇ ਅਵਤਾਰਾਂ ਤੋਂ ਕਿਤੇ ਵੱਡੇ ਅਵਤਾਰ ਹਨ। ਉਹ ਅਵਤਾਰ ਤਾਂ ਇਕ-ਇਕ ਕੰਮ ਕਰਨ ਵਾਸਤੇ ਹੀ ਆਏ ਸਨ। ਸ੍ਰੀ ਰਾਮ ਚੰਦਰ ਜੀ ਮਰਿਆਦਾ ਕਾਇਮ ਕਰਨ ਵਾਸਤੇ ਅਤੇ ਰਾਵਣ ਵਰਗੇ ਅਨੀਤੀ ਕਰਨ ਵਾਲਿਆਂ ਨੂੰ ਦੰਡ ਦੇਣ ਵਾਸਤੇ ਆਏ ਸਨ। ਕ੍ਰਿਸ਼ਨ ਮਹਾਰਾਜ ਜੀ ਨੇ ਸਤਿ ਦੀ ਜਿੱਤ ਕਰਦਿਆਂ ਅਤੇ ਅਸਤਿ ਨੂੰ ਬਿਲਕੁਲ ਖਤਮ ਕੀਤਾ। ਉਨ੍ਹਾਂ ਦਾ ਦਿਤਾ ਗਿਆ ਗਿਆਨ ਗੀਤਾ ਵਿਚ ਅੱਜ ਵੀ ਸੰਸਾਰ ਨੂੰ ਰਸਤਾ ਦਿਖਾ ਰਿਹਾ ਹੈ। ਇਹ ਨਾਨਕ ਜੀ ਦੀ ਮੈਨੂੰ ਗਿਆਤ ਹੋਈ ਹੈ ਕਿ ਇਹ ਗੁਰੂ ਅਵਤਾਰ ਹੋਣਗੇ। ਗੁਰੂ ਅਵਤਾਰ ਨਾਮ ਦੀ ਦਾਤ ਦਿਆ ਕਰਦਾ ਹੈ ਅਤੇ ਜੀਵਾਂ ਨੂੰ ਪ੍ਰਭੂ ਦੇ ਨਾਲ ਮਿਲਾ ਦਿਆ ਕਰਦਾ ਹੈ। ਇਹ ਕੋਈ ਐਸਾ ਸੁਖੈਨ ਮਾਰਗ ਜਗਿਆਸੂ ਨੂੰ ਦਸਣਗੇ ਕਿ ਉਹ ਉਲਟੀਆਂ-ਫੁਲਟੀਆਂ ਪਰਸਥਿਤੀਆਂ ਹੋਣ ਦੇ ਬਾਵਜੂਦ ਵੀ ਆਪਣੇ ਅੰਦਰ ਹੀ ਪ੍ਰਭੂ ਨੂੰ ਟੋਲ ਲਿਆ ਕਰਨਗੇ। ਐਸੀਆਂ ਗੱਲਾਂ ਜਦੋਂ ਤਲਵੰਡੀ ਦੇ ਵਿਦਵਾਨ ਇੱਕਠੇ ਹੁੰਦੇ ਹਨ, ਉਸ ਵੇਲੇ ਆਮ ਹੀ ਕਰ ਲਿਆ ਕਰਦੇ ਸਨ। ਜਦੋਂ ਉਨ੍ਹਾਂ ਨੇ ਸੁਣਨਾ ਕਿ ਨਾਨਕ ਜੀ ਆਪਣੀਆਂ ਮੁੰਦਰੀਆਂ ਉਤਾਰ ਕੇ ਲੋੜਵੰਦਾਂ ਨੂੰ ਦੇ ਦਿੰਦੇ ਹਨ, ਮਾਤਾ ਜੀ ਤੋਂ ਵਧੀਆ-ਵਧੀਆ ਚੀਜ਼ਾਂ ਲਿਆ ਕੇ ਗਰੀਬਾਂ ਨੂੰ ਦੇ ਦਿੰਦੇ ਹਨ, ਅਜਿਹੀਆਂ ਗੱਲਾਂ ਪਾਰਖੂਆਂ ਨੂੰ ਬਹੁਤ ਹੈਰਾਨ ਕਰ ਦਿੰਦੀਆਂ ਸਨ ਕਿ ਇਹ ਬਾਲਕ ਆਮ ਬਾਲਕ ਨਹੀਂ ਹੈ। ਇਹ ਤਾਂ ਆਪ ਹੀ ਪ੍ਰਮੇਸ਼ਰ ਮਾਨਵ ਕਲਿਆਣ ਵਾਸਤੇ ਦੇਹ ਧਾਰ ਕੇ ਆਇਆ ਹੈ।

ਪਾਂਧਾ ਜੀ ਦੇ ਮਨ ਵਿਚ ਅਜਿਹੇ ਸੰਸਕਾਰ ਸਨ। ਅੱਜ ਗੁਰੂ ਨਾਨਕ ਪਾਤਸ਼ਾਹ ਉਸ ਦੇ ਸਾਮ੍ਹਣੇ ਸਾਕਾਰ ਰੂਪ ਵਿਚ ਬੈਠੇ ਸਨ, ਫੱਟੀ ਪਾਂਧਾ ਜੀ ਦੇ ਹੱਥ ਵਿਚ ਸੀ, ਉਹ ਕਿਸੇ ਅਗੰਮੀ ਰਸ ਨੂੰ ਮਹਿਸੂਸ ਕਰ ਰਿਹਾ ਸੀ। ਉਸ ਨੂੰ ਇਸ ਤਰ੍ਹਾਂ ਲਗ ਰਿਹਾ ਸੀ ਕਿ ਗੁਰੂ ਨਾਨਕ ਦਾ ਵਜੂਦ ਸ਼ਾਂਤੀ ਹੀ ਸ਼ਾਂਤੀ ਫੈਲਾ ਰਿਹਾ ਹੈ। ਸਾਰੀ ਪਾਠਸ਼ਾਲਾ ਦੇ ਬੱਚੇ ਚੁੱਪ ਬੈਠੇ ਸਨ ਅਤੇ ਰੌਲਾ ਨਹੀਂ ਪਾ ਰਹੇ। ਉਸ ਨੂੰ ਇਹ ਨਹੀਂ ਕਹਿਣਾ ਪੈ ਰਿਹਾ ਸੀ ਕਿ ਬੱਚਿਓ! ਚੁੱਪ ਕਰ ਜਾਓ। ਅੱਜ ਬੱਚੇ ਆਪੇ ਹੀ ਚੁੱਪ ਬੈਠੇ ਸਨ। ਇਹੋ ਅਸਰ ਉਸ ਦੇ ਮਨ ਉਪਰ ਪੈ ਰਿਹਾ ਸੀ ਅਤੇ ਸਤਿਕਾਰ ਨਾਲ ਇਕ ਟਕ ਨਾਨਕ ਜੀ ਵਲ ਦੇਖ ਰਿਹਾ ਸੀ। ਕੋਈ ਰਸ ਮਹਿਸੂਸ ਕਰ ਰਿਹਾ ਸੀ, ਚਿਤ ਵਿਚ ਕੋਈ ਇਕਾਗਰਤਾ ਪ੍ਰਤੀਤ ਦੇ ਰਹੀ ਸੀ, ਫੁਰਨੇ ਖਤਮ ਹੋਏ ਪਏ ਸਨ, ਕਲਪਨਾ ਨੇੜੇ ਤੇੜੇ ਵੀ ਨਹੀਂ ਸੀ, ਅੰਦਰੋਂ ਹੀ ਅੰਦਰੋਂ ਹੈਰਾਨ ਹੋ ਰਿਹਾ ਸੀ ਕਿ ਇਸ ਬਾਲਕ ਦਾ ਕਿੰਨਾ ਪ੍ਰਭਾਵ ਹੈ, ਇਸ ਦੇ ਅੰਦਰ ਕਿੰਨੀ ਸ਼ਾਂਤੀ ਹੋਵੇਗੀ ਜੋ ਚੌਗਿਰਦੇ ਨੂੰ ਸ਼ਾਂਤ ਕਰ ਰਹੀ ਹੈ। ਇਨ੍ਹਾਂ ਗਹਿਰੀਆਂ ਸੋਚਾਂ ਵਿਚੋਂ ਇਕ ਦਮ ਨਿਕਲਿਆ ਅਤੇ ਮਹਿਸੂਸ ਕਰਦਾ ਹੈ ਕਿ ਨਾਨਕ ਬਾਲਕ ਨੇ ਮੇਰੇ ਉਤੇ ਕੋਈ ਤ੍ਰਾਟਕ ਤਾਂ ਨਹੀਂ ਕਰ ਦਿਤਾ? ਸਾਵਧਾਨ ਹੋਏ, ਕਲਮ ਚੁੱਕੀ, ਦਵਾਤ ਵਿਚ ਲਾਈ, ਫੱਟੀ ਫੜ ਕੇ ਡੁੱਡਣੇ ਹੇਠ ਆਪਣਾ ਹੱਥ ਪਾਇਆ ਅਤੇ ਆਪਣੇ ਪੱਟਾਂ ਤੇ ਰੱਖੀ। ਉਪਰ ਲਿਖ ਦਿਤਾ 'ਓਂ ਨਮਹੋ ਸਿਧੰ'। ਗੁਰੂ ਨਾਨਕ ਇਨ੍ਹਾਂ ਲਿਖੇ ਅੱਖਰਾਂ ਵਲ ਬਹੁਤ ਹੀ ਡੂੰਘੇ ਧਿਆਨ ਨਾਲ ਦੇਖ ਰਹੇ ਸਨ। ਜਦੋਂ ਪਾਂਧਾ ਦੂਸਰੀ ਵਾਰ ਕਲਮ ਸਿਆਹੀ ਵਿਚ ਲਾਉਣ ਲੱਗਿਆ ਤਾਂ ਗੁਰੂ ਨਾਨਕ ਜੀ ਨੇ ਕਿਹਾ ਕਿ ਪਾਂਧਾ ਜੀ! ਇਹ ਤੁਸੀਂ ਕੀ ਲਿਖਿਆ ਹੈ, ਇਹ ਵੀ ਤੁਸੀਂ ਮੈਨੂੰ ਪੜ੍ਹਾਉਣਾ ਹੈ? ਤਾਂ ਉਸ ਨੇ ਕਿਹਾ ਕਿ ਨਾਨਕ! ਇਹ ਸਾਸ਼ਤਰਾਂ ਦੀ ਮਰਿਆਦਾ ਹੈ ਕਿ ਜਦੋਂ ਵੀ ਕੋਈ ਚਿੱਠੀ ਲਿਖਣੀ ਹੋਵੇ, ਕੋਈ ਹੋਰ ਲਿਖਤ ਨਮਿਸ਼ਤ ਕਰਨੀ ਹੋਵੇ, ਤਾਂ ਉਤੇ ਮੰਗਲ ਦੇ ਸ਼ੁਭ ਅੱਖਰ ਲਿਖੇ ਜਾਇਆ ਕਰਦੇ ਹਨ। ਹੁਣ ਕਿਉਂਕਿ ਮੈਂ ਇਹ ਲਿਖ ਕੇ ਪੈਂਤੀ ਦੇ ਅੱਖਰ ਪਾ ਕੇ ਦੇਣੇ ਹਨ ਇਸ ਕਰਕੇ ਓਅੰਕਾਰ ਨੂੰ ਨਮਸ਼ਕਾਰ ਕਰਕੇ ਕਾਰਜ ਦੀ ਸਿੱਧੀ ਲਈ ਅਰਦਾਸ ਕੀਤੀ ਹੈ। ਨਾਨਕ ਜੀ ਕਹਿਣ ਲੱਗੇ, "ਪਾਧਾ ਜੀ! ਤੁਸੀਂ ਓਅੰਕਾਰ ਲਿਖਿਆ ਹੈ ਜਿਸ ਨੂੰ ਤੁਸੀਂ 'ਓਅੰ' ਕਿਹਾ ਹੈ। ਮੇਰਾ ਖਿਆਲ ਹੈ ਕਿ ਤੁਸੀਂ ਉਸ ਓਅੰਕਾਰ ਨੂੰ ਤਾਂ ਜਾਣਦੇ ਹੀ ਹੋਵੋਂਗੇ? ਉਸ ਵੇਲੇ ਪਾਂਧਾ ਜੀ ਹੈਰਾਨ ਹੋ ਗਏ ਅਤੇ ਸੋਚਣ ਲਗ ਗਏ ਕਿ ਮੈਂ ਹੁਣ ਆਪਣੀ ਕਮਜ਼ੋਰੀ ਕਿਵੇਂ ਲੁਕਾਵਾਂ, ਸੱਚ ਦਾ ਮੁਜੱਸਮਾਂ ਸਾਮ੍ਹਣੇ ਲਟ-ਲਟ ਰੋਸ਼ਨੀ ਦੇ ਰਿਹਾ ਹੈ, ਝੂਠ ਦਾ ਹਨ੍ਹੇਰਾ ਹੁਣ ਟਿਕ ਨਹੀਂ ਰਿਹਾ ਆਖਿਰ ਕਹਿਣਾ ਹੀ ਪਿਆ ਕਿ ਨਾਨਕ! ਮੈਂ ਤਾਂ ਰਸਮੋ-ਰਸਮੀ ਇਹ ਮੰਗਲ ਲਿਖਿਆ ਹੈ, ਮੈਂ ਓਅੰਕਾਰ ਨੂੰ ਅਜੇ ਨਹੀਂ ਜਾਣਿਆ, ਨਾ ਓਅੰਕਾਰ ਦਾ ਮੈਨੂੰ ਪਤਾ ਹੈ।

ਗੁਰੂ ਨਾਨਕ ਕਹਿਣ ਲੱਗੇ ਹੇ ਪਾਂਧਾ! ਤੁਸੀਂ ਓਅੰਕਾਰ ਨੂੰ ਜਾਣੇ ਬਿਨਾਂ ਨਮਸ਼ਕਾਰ ਕਿਵੇਂ ਕਰ ਦਿਤੀ, ਤੁਹਾਡਾ ਤਾਂ ਉਸ ਨਾਲ ਸਬੰਧ ਹੀ ਜੁੜਿਆ ਨਹੀਂ

ਹੋਇਆ, ਕਾਰਜ ਤਾਂ ਤੁਹਾਡਾ ਤਾਂ ਹੀ ਸਿੱਧ ਹੋਵੇਗਾ ਜੇ ਤੁਸੀਂ ਉਸ ਨੂੰ ਪਛਾਣ ਕੇ ਕਾਰਜ ਸਿੱਧੀ ਲਈ ਅਰਦਾਸ ਕਰੋਂ। ਅੱਜ ਪਾਂਧਾ ਜੀ ਨੇ ਇਹ ਅੱਖਰ ਪਹਿਲੀ ਵਾਰ ਸੁਣੇ ਸਨ। ਉਸ ਨੂੰ ਲੱਗਿਆ ਕਿ ਕੋਈ ਮਹਾਨ ਰਿਸ਼ੀ-ਮੁਨੀ, ਮਹਾਨ ਅਵਤਾਰ ਮੇਰੇ ਸਾਮ੍ਹਣੇ ਬੈਠਾ ਹੈ ਜੋ ਮੈਨੂੰ ਸੁਮੱਤ ਦੇਣ ਵਾਸਤੇ ਮੇਰੇ ਭਾਗ ਜਗਾਣ ਤੇ ਮੇਰੇ ਨਾਲ ਸੰਪਰਕ ਕਰਨ ਲਈ ਬੈਠਾ ਹੈ। ਉਹ ਮੈਨੂੰ ਵਿਦਿਆ ਗੁਰੂ ਜਾਣ ਕੇ ਆਇਆ ਹੈ ਪਰ ਮੈਨੂੰ ਤਾਂ ਉਸ ਦੇ ਪਹਿਲੇ ਬਚਨ ਨੇ ਹੀ ਬਿਲਕੁਲ ਅਣਜਾਣ ਬਣਾ ਦਿਤਾ ਹੈ ਕਿਉਂਕਿ ਮੈਂ ਕਦੇ ਵੀ ਓਅੰਕਾਰ ਬਾਰੇ ਨਹੀਂ ਸੋਚਿਆ ਕਿ ਉਹ ਕੀ ਹੈ? ਕਿਥੇ ਰਹਿੰਦਾ ਹੈਂ? ਅਜੇ ਪਾਧਾ ਜੀ! ਇਹ ਗੱਲ ਸੋਚ ਹੀ ਰਹੇ ਸੀ, ਉਸੇ ਵੇਲੇ ਗੁਰੂ ਨਾਨਕ ਨੇ ਇਹ ਪ੍ਰਸ਼ਨ ਕਰ ਦਿਤਾ ਕਿ ਤੁਸੀਂ ਮੈਨੂੰ ਕੀ ਪੜ੍ਹਾਉਣਾ ਚਾਹੁੰਦੇ ਹੋ ਅਤੇ ਕਿਉਂ ਪੜ੍ਹਾਉਣਾ ਚਾਹੁੰਦੇ ਹੋ? ਉਸ ਵੇਲੇ ਪਾਧਾ ਜੀ ਸੁਰਤ ਵਿਚ ਆਏ, ਆਪਣੇ ਆਪ ਨੂੰ ਅਤੇ ਆਪਣੀ ਮਾਨਸਿਕ ਸ਼ਕਤੀ ਨੂੰ ਇਕੱਠਾ ਕੀਤਾ ਅਤੇ ਕਹਿਣ ਲੱਗੇ ਹੇ ਨਾਨਕ! ਮੈਂ ਤੈਨੂੰ ਲੇਖੇ ਪਤੇ ਕਰਨ ਵਾਲੀ ਵਿਦਿਆ ਪੜ੍ਹਾਵਾਂਗਾ, ਜਿਸ ਵਿਚ ਗਣਿਤ ਵਿਦਿਆ, ਪਹਾੜੇ, ਸਵਾਏ, ਡੇਢੇ, ਉਂਚੇ, ਢਾਂਚੇ, ਢਾਈਏ ਅਤੇ ਅਨੇਕ ਵਿਧੀਆਂ ਦਸਾਂਗਾ ਜਿਨ੍ਹਾਂ ਨੂੰ ਵਰਤ ਕੇ ਤੂੰ ਹਿਸਾਬ ਕਿਤਾਬ ਵਿਚ ਪੂਰੀ ਤਰ੍ਹਾਂ ਮਾਹਰ ਹੋ ਜਾਵੇਂਗਾ। ਇਹ ਸਾਰੀ ਵਿਦਿਆ ਤੈਨੂੰ ਪੜ੍ਹਾ ਦੇਣੀ ਹੈ। ਮੈਂ ਦੇਖਿਆ ਹੈ ਕਿ ਤੂੰ ਜ਼ਹੀਨ ਹੈਂ, ਤੂੰ ਥੋੜ੍ਹੇ ਦਿਨਾਂ ਵਿਚ ਸਾਰੀ ਵਿਦਿਆ ਸਿੱਖ ਜਾਵੇਂਗਾ। ਗੁਰੂ ਨਾਨਕ ਨੇ ਕਿਹਾ ਕਿ ਪਾਂਧਾ ਜੀ! ਇਹ ਪੜ੍ਹ ਕੇ ਮੈਨੂੰ ਕੀ ਫਾਇਦਾ ਹੋਵੇਗਾ? ਉਹ ਝੱਟ ਹੀ ਬੋਲ ਪਿਆ, "ਨਾਨਕ! ਤੈਨੂੰ ਚੰਗੀ ਨੌਕਰੀ ਮਿਲ ਜਾਵੇਗੀ ਜਿਵੇਂ ਕਿ ਤੇਰੇ ਪਿਤਾ ਜੀ ਰਾਏ ਬੁਲਾਰ ਦੇ ਮੁੱਖ ਆਰਥਕ ਪ੍ਰਬੰਧਕ ਹਨ। ਇਵੇਂ ਜਿਵੇਂ ਤੂੰ ਵੀ ਬਹੁਤ ਉਚੀ ਪਦਵੀ ਪ੍ਰਾਪਤ ਕਰ ਲਵੇਂਗਾ। ਆਪਣੇ ਨਗਰ ਦੇ ਹਾਕਮ ਦਾ, ਦੌਲਤਖਾਨ ਲੋਧੀ ਨਾਲ ਦੂਰੋਂ ਨੇੜਿਓ ਸਬੰਧ ਹੈ। ਇਹ ਨਵਾਬ ਨੂੰ ਕਹਿ ਕੇ ਤੈਨੂੰ ਉਸ ਦੇ ਦਰਬਾਰ ਵਿਚ ਚੰਗੀ ਥਾਂ ਲਵਾ ਦੇਵੇਗਾ। ਜਿਸ ਲਈ ਪੜ੍ਹਾਈ ਬਹੁਤ ਜ਼ਰੂਰੀ ਚੀਜ਼ ਹੈ। ਜੇ ਤੂੰ ਚੰਗੇ ਲੇਖੇ ਪੱਤੇ ਜਾਣ ਗਿਆ ਤਾਂ ਤੂੰ ਉਸ ਦੇ ਆਰਥਕ ਮਹਿਕਮੇ ਵਿਚ ਚੰਗੀ ਪਦਵੀ ਤੇ ਲੱਗ ਜਾਵੇਂਗਾ। ਮੋਟੀ ਗੱਲ ਇਹ ਹੈ ਨਾਨਕ ਜੀ! ਇਹ ਵਿਦਿਆ ਪੜ੍ਹ ਕੇ ਤੈਨੂੰ ਬਹੁਤ ਅੱਛੀ ਰੋਜ਼ੀ ਪ੍ਰਾਪਤ ਹੋ ਜਾਵੇਗੀ। ਜੇ ਤੂੰ ਇਹ ਵਿਦਿਆ ਨਾ ਪੜ੍ਹੀ ਤਾਂ ਜਿਵੇਂ ਅਨਪੜ੍ਹ ਬੰਦਿਆਂ ਦਾ ਹਾਲ ਹੁੰਦਾ ਹੈ, ਉਸ ਤਰ੍ਹਾਂ ਹੀ ਹਾਲ ਹੁੰਦਾ ਹੈ।

ਗੁਰੂ ਨਾਨਕ ਝੱਟ ਬੋਲ ਪਏ ਕਿ ਪਾਧਾ ਜੀ! ਰੋਜ਼ੀ ਦੇਣ ਵਾਲਾ ਤਾਂ ਪ੍ਰਭੂ ਆਪ ਹੀ ਹੈ, ਉਹ ਪ੍ਰਭੂ ਜਿਸ ਨੂੰ ਓਅੰਕਾਰ ਕਹਿ ਕੇ ਨਮਸ਼ਕਾਰ ਕੀਤੀ ਹੈ ਉਹ ਸਰਬ ਜੀਆਂ ਨੂੰ ਰੋਜ਼ੀ ਦਿੰਦਾ ਹੈ। ਉਸ ਨੂੰ ਬਿਸੰਭਰ ਆਖਿਆ ਜਾਂਦਾ ਹੈ। ਇਥੇ ਜੀਵ ਦੇ ਹੱਥ ਵਿਚ ਕੁਝ ਵੀ ਨਹੀਂ ਹੈ, ਇਥੇ ਸਾਰੀ ਕ੍ਰਿਆ ਉਸ ਦੇ ਹੁਕਮ ਵਿਚ ਹੋ ਰਹੀ ਹੈ। ਹੁਕਮ ਵਿਚ ਹੀ ਅਮੀਰ ਹੁੰਦਾ ਹੈ, ਹੁਕਮ ਵਿਚ ਹੀ ਗਰੀਬ ਹੋ ਜਾਂਦਾ ਹੈ, ਹੁਕਮ ਵਿਚ ਹੀ ਉਤਮ ਪਦਵੀ ਮਿਲ ਜਾਂਦੀ ਹੈ ਅਤੇ ਹੁਕਮ ਵਿਚ ਹੀ ਉਤਮ ਪਦਵੀ ਤੋਂ ਵਾਂਝਾ ਰਹਿ ਜਾਂਦਾ ਹੈ। ਉਹ ਪ੍ਰਮੇਸ਼ਰ ਐਨਾ ਸਰਬ ਕਲਾ ਸਮਰੱਥ ਹੈ ਕਿ ਉਹ ਘਟ-ਘਟ ਦੀ ਜਾਣਦਾ ਹੈ ਅਤੇ ਆਪਣੇ ਜੀਆਂ ਨੂੰ ਪੂਰੀ ਤਰ੍ਹਾਂ ਸੰਭਾਲਦਾ ਹੈ ਪਰ ਇਹ ਮੂਰਖ ਜੀਵ ਹਰ ਸਮੇਂ ਆਪਣੇ ਆਪ ਨੂੰ ਪ੍ਰਭੂ ਨਾਲੋਂ ਤੋੜ ਕੇ ਰਖਦਾ ਹੈ ਅਤੇ ਹਉਮੈ ਕਰਕੇ ਆਪਣੇ ਆਪ ਨੂੰ ਜੀਵ ਕਹਾਉਣ ਲਗ ਜਾਂਦਾ ਹੈ। ਜੀਵ-ਪੁਣੇ ਤੋਂ ਹੋਰ ਹੇਠਾਂ ਉਤਰ ਕੇ ਆਪਣੇ ਆਪ ਨੂੰ ਪੰਜਾਂ ਤੱਤਾਂ ਤੋਂ ਬਣੀ ਹੋਈ ਦੇਹ ਸਮਝਣ ਲਗ ਹੀ ਨਹੀਂ ਜਾਂਦਾ, ਸਗਵਾਂ ਪੱਕੀ ਤਰ੍ਹਾਂ ਵਿਸ਼ਵਾਸ਼ ਕਰਦਾ ਹੈ ਕਿ ਮੈਂ ਦੇਹ ਹੀ ਤਾਂ ਹਾਂ। ਦੇਹ ਬਚਪਨ, ਜੁਆਨੀ, ਬੁਢਾਪੇ ਦੇ ਰੂਪ ਧਾਰਦੀ ਨਾਸ਼ਵਾਨ ਹੈ। ਇਸ ਨੂੰ ਪਤਾ ਹੀ ਨਹੀਂ ਮੈਂ ਕੀ ਹਾਂ। ਕਿੰਨਾ ਹੀ ਕਿਉਂ ਨਾ ਪੜ੍ਹ ਲਵੇ ਇਹ ਆਪਣੇ ਆਪ ਨੂੰ ਜੀਵ ਭੀ ਨਹੀਂ ਮੰਨਦਾ, ਅਬਿਨਾਸ਼ੀ ਮੰਨਣ ਦਾ ਤਾਂ ਪ੍ਰਸ਼ਨ ਹੀ ਨਹੀਂ ਉਠਦਾ। ਪਾਂਧਾ ਜੀ! ਇਹ ਪੜਿਆ ਫਿਰ ਮੂਰਖ ਹੀ ਹੋਇਆ ਨਾ! ਇਸ ਜੀਵ ਨੂੰ ਰੋਜ਼ੀ ਤਾਂ ਪ੍ਰਭੂ ਨੇ ਦੇਣੀ ਹੈ। ਇਸ ਨੂੰ ਉਹ ਪੜ੍ਹਾਈ ਪੜ੍ਹਨੀ ਚਾਹੀਦੀ ਹੈ ਜਿਸ ਨਾਲ ਇਸ ਦਾ ਜਨਮ ਮਰਨ ਤੋਂ ਛੁਟਕਾਰਾ ਹੋ ਜਾਵੇ ਕਿਉਂਕਿ ਜਨਮ ਮਰਨ ਦਾ ਬਹੁਤ ਵੱਡਾ ਦੁਖ ਹੈ। ਜੇ ਤੁਸੀਂ ਪੜ੍ਹ ਕੇ ਆਪਣੇ ਆਪ ਨੂੰ ਪਛਾਣਿਆ ਨਹੀਂ, ਹਉਮੈ ਦੇ ਅਧੀਨ ਹੋ ਕੇ ਕੰਮ ਕਰ ਰਹੇ ਹੋ ਤਾਂ ਕਰਮ ਉਸ ਨੂੰ ਬੰਨ੍ਹ ਲੈਂਦੇ ਹਨ ਅਤੇ ਉਹ ਖੂਹ ਦੀਆਂ ਟਿੰਡਾਂ ਵਾਂਗੂੰ ਗੇੜੇ ਖਾਂਦਾ ਹੈ, ਲੱਖ ਚੌਰਾਸੀ ਵਿਚ ਘੁੰਮਦਾ ਰਹਿੰਦਾ ਹੈ ਜਿਵੇਂ ਕਿ -

***ਹਉਮੈ ਏਹਾ ਜਾਤਿ ਹੈ***
***ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ***
***ਫਿਰਿ ਫਿਰਿ ਜੋਨੀ ਪਾਹਿ॥ ਅੰਗ - ੪੬੬***

ਉਸ ਵੇਲੇ ਪਾਧਾ ਜੀ ਸਾਵਧਾਨ ਹੋਏ, ਆਪਣੀ ਵਿਦਵਤਾ ਨੂੰ ਇਕ ਪਾਸੇ ਰੱਖ ਦਿਤਾ, ਮਨ ਵਿਚ ਸੋਚਿਆ ਕਿ ਮਨਾ! ਅੱਜ ਕੁਦਰਤੀ ਨਾਨਕ ਜੀ ਵਰਗੀ

ਹਸਤੀ ਨਾਲ ਮੇਲ ਹੋਇਆ ਹੈ, ਤੂੰ ਇਸ ਤੋਂ ਅਸਲੀ ਪੜ੍ਹਾਈ ਸਿਖ ਲੈ ਅਤੇ ਕਹਿ ਕਿ ਹੇ ਨਾਨਕ ਜੀ! ਮੈਨੂੰ ਉਹ ਪੜ੍ਹਾਈ ਦਸ, ਜਿਸ ਤੋਂ ਜਨਮ ਮਰਨ ਤੋਂ ਛੁਟਕਾਰਾ ਮਿਲ ਜਾਂਦਾ ਹੈ। ਉਸ ਵੇਲੇ ਗੁਰੂ ਨਾਨਕ ਦੇ ਨੈਣ ਅਧ ਮਿਟੇ ਹੋਏ ਹੋਏ ਸੁਰਤ ਅੰਦਰ ਚਲੀ ਗਈ। ਐਉਂ ਲਗਦਾ ਸੀ ਜਿਵੇਂ ਕਿਸੇ ਬਹੁਤ ਵੱਡੀ ਸ਼ਕਤੀ ਦੇ ਨਾਲ ਲਿਵਲੀਨ ਹੋ ਗਏ ਹੋਣ। ਉਸ ਵੇਲੇ ਆਪ ਦੇ ਪਵਿੱਤਰ ਗਲੇ ਵਿਚੋਂ ਕੁਝ ਬਚਨ ਉਚਾਰਨ ਹੋਏ ਜਿਸ ਨੂੰ ਪਾਂਧਾ ਜੀ ਨੇ ਧਿਆਨ ਨਾਲ ਸੁਣਿਆ ਜਿਨ੍ਹਾਂ ਦਾ ਪ੍ਰਮਾਰਥ ਕੁਝ ਇਸ ਤਰ੍ਹਾਂ ਸੀ।

ਬਾਲਕ ਰੂਪ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਪਾਧਾ ਜੀ! ਇਹ ਜੀਵ ਇਸ ਸੰਸਾਰ ਨੂੰ ਸਤਿ ਜਾਣ ਕੇ ਇਸ ਵਿਚ ਪਰਚ ਗਿਆ ਹੈ, ਇਸ ਨੂੰ ਆਪਣੇ ਸਰੂਪ ਦਾ ਗਿਆਨ ਭੁੱਲ ਚੁਕਿਆ ਹੈ। ਇਸ ਨੂੰ ਪੰਜ ਚੋਰ – ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਕਾਬੂ ਕਰਕੇ ਰਖਦੇ ਹਨ। ਇਨ੍ਹਾਂ ਪੰਜਾਂ ਚੋਰਾਂ ਦਾ ਸਰਦਾਰ ਮੋਹ ਹੈ। ਮੋਹ ਹਉਮੈ ਤੱਤ ਕਰਕੇ ਪੈਦਾ ਹੋਇਆ ਹੈ, ਸ੍ਰਿਸ਼ਟੀ ਦੇ ਆਦਿ ਵਿਚ ਕੇਵਲ ਨਿਰੰਕਾਰ ਹੀ ਸਨ, ਹੁਣ ਵੀ ਓਹੀ ਹਨ। ਜਦੋਂ ਕੁਝ ਵੀ ਨਹੀਂ ਹੋਏਗਾ ਫੇਰ ਵੀ ਓਹੀ ਹੋਣਗੇ। ਵਾਹਿਗੁਰੂ ਜੀ ਨੇ ਆਪਣੇ ਆਪ ਤੋਂ ਆਪੇ ਪ੍ਰਗਟ ਹੋ ਕੇ ਸੰਸਾਰ ਦੀ ਰਚਨਾ ਕੀਤੀ ਜਿਵੇਂ ਕਿ ਫੁਰਮਾਨ ਵੀ ਆਉਂਦਾ ਹੈ –

***ਆਪੀਨੈ ਆਪੁ ਸਾਜਿਓ***
***ਆਪੀਨੈ ਰਚਿਓ ਨਾਉ॥***
***ਦੁਯੀ ਕੁਦਰਤਿ ਸਾਜੀਐ***
***ਕਰਿ ਆਸਣੁ ਡਿਠੋ ਚਾਉ॥ ਅੰਗ – ੪੬੩***

ਵਾਹਿਗੁਰੂ ਜੀ ਨੇ ਮਾਇਆ ਦਾ ਪਸਾਰਾ ਕੀਤਾ ਜਿਸ ਵਿਚ ਹਉਮੈ ਤੱਤ ਸਭ ਤੋਂ ਪ੍ਰਧਾਨ ਹੈ, ਉਸ ਹਉਮੈ ਤੱਤ ਨੇ ਇਸ ਜੀਵ ਨੂੰ ਪ੍ਰਭੂ ਨਾਲੋਂ ਤੋੜ ਕੇ ਵੱਖਰੀ ਹਸਤੀ ਬਣਾ ਦਿਤਾ। ਇਸ ਜੀਵ ਨੂੰ ਪੰਜਾਂ ਤੱਤਾਂ ਨੇ ਕਾਬੂ ਕਰ ਲਿਆ। ਹੰਗਤਾ ਤੇ ਮਮਤਾ ਜਿਸ ਨੂੰ 'ਮੈਂ' ਤੇ 'ਮੇਰੀ' ਆਖਿਆ ਜਾਂਦਾ ਹੈ ਇਸ ਨੂੰ ਤੁਸੀਂ ਪ੍ਰਭੂ ਦੇ ਨਾਮ ਨਾਲ ਜਲਾ (ਫੂਕ) ਕੇ ਸਿਆਹੀ ਬਣਾ ਲਵੋ ਅਤੇ ਲਿਖਣ ਵਾਲਾ ਕਾਗਜ਼ ਸਾਰ ਮਤ ਦਾ ਬਣਾਵੋ। ਸੰਸਾਰ ਵਿਚ ਸਤਿ ਅਤੇ ਅਸਤਿ ਦੋ ਤੱਤ ਪ੍ਰਤੀਤ ਹੋ ਰਹੇ ਹਨ। ਸਤਿ ਤੱਤ ਸਦਾ ਸਦੀਵੀ ਹੈ। ਇਹ ਨਾ ਕਦੇ ਘਟਦਾ ਹੈ, ਨਾ ਵਧਦਾ ਹੈ, ਨਾ ਕਿਤੋਂ ਆਉਂਦਾ ਹੈ, ਨਾ ਜਾਂਦਾ ਹੈ। ਇਹ ਸਰਬ ਕਲਾ ਸਮਰੱਥ ਪੂਰੀ ਤਰ੍ਹਾਂ ਸਭ ਕੁਝ ਜਾਣਦਾ ਹੈ। ਦੂਜਾ ਤੱਤ ਇਸ ਵਿਚ ਭਰਮ ਵਰਗਾ ਹੈ। ਜਿਸ ਤਰ੍ਹਾਂ ਕਿ ਹਨ੍ਹੇਰੇ ਵਿਚ ਇਕ ਰੱਸੀ ਪਈ ਹੋਵੇ, ਉਹ ਪੂਰਾ ਨਿਰਣਾ ਨਾ ਹੋਣ ਕਰਕੇ ਸੱਪ ਪ੍ਰਤੀਤ ਦਿੰਦੀ ਹੈ। ਜਦੋਂ ਰੋਸ਼ਨੀ ਹੋ ਜਾਂਦੀ ਹੈ ਉਸ ਸਮੇਂ ਗਿਆਨ ਹੋ ਜਾਂਦਾ ਹੈ ਕਿ ਇਹ ਸੱਪ ਤਾਂ ਤਿੰਨ ਕਾਲ ਇਸ ਰੱਸੀ ਵਿਚ ਨਹੀਂ ਹੋਇਆ। ਕੇਵਲ ਭ੍ਰਾਂਤੀ ਪੈਣ ਕਰਕੇ ਇਹ ਰੱਸੀ ਸੱਪ ਦਿਸਣ ਲੱਗ ਗਈ। ਸੋ ਇਹ ਸੱਪ ਵਾਲੀ ਦ੍ਰਿਸ਼ਟੀ ਮਿਥਿਆ ਹੈ।

ਇਸੇ ਤਰ੍ਹਾਂ ਨਾਲ ਇਹ ਸੰਸਾਰ ਹੈ ਤਾਂ ਪ੍ਰਮੇਸ਼ਰ ਰੂਪ, ਪਰ ਮਾਇਆ ਦਾ ਅਸਰ ਪੈਣ ਕਰਕੇ ਇਹ ਸੰਸਾਰ ਤੋਂ ਵੱਖਰਾ ਦਿਸਣ ਲਗ ਗਿਆ ਪਰ ਜਦੋਂ ਗੁਰੂ ਤੋਂ ਸ਼ਬਦ ਲੈ ਕੇ ਕਮਾਈ ਕਰਕੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਤਾਂ ਇਹ ਮਾਇਆ ਦਾ ਪਾਇਆ ਹੋਇਆ ਮੋਤੀਆ ਬਿੰਦ ਅੱਖਾਂ ਵਿਚੋਂ ਦੂਰ ਹੋ ਕੇ ਰੋਸ਼ਨੀ ਦਿਸਣ ਲਗ ਗਈ। ਉਸ ਵਿਚ ਵਸਤੂ ਦਾ ਅਸਲੀ ਸਰੂਪ ਭੀ ਦਿਸਣ ਲਗ ਗਿਆ। ਜਦੋਂ ਗਿਆਨ ਹੋ ਜਾਂਦਾ ਹੈ ਉਸ ਵੇਲੇ ਮਿਥਿਆ ਦ੍ਰਿਸ਼ਟੀ ਦਾ ਨਾਸ਼ ਹੋ ਜਾਂਦਾ ਹੈ। ਇਹ ਜੀਵ ਤਤ੍ਵ ਨੂੰ ਜਾਣ ਲੈਂਦਾ ਹੈ ਅਤੇ ਇਸ ਨੂੰ ਪਤਾ ਲਗ ਜਾਂਦਾ ਹੈ ਕਿ ਕੇਵਲ ਅਧਿਆਸ ਪੱਕ ਜਾਣ ਕਰਕੇ ਮੈਨੂੰ ਆਪਣਾ ਆਪ ਜੀਵ ਪ੍ਰਤੀਤ ਦੇ ਰਿਹਾ ਸੀ/ ਵੈਸੈ ਸਤਿ ਵਸਤੂ ਇਹ ਸੀ ਕਿ ਇਹ ਪ੍ਰਭੂ ਹੀ ਆਪ ਹੀ ਜੀਵ ਰੂਪ ਵਿਚ ਖੇਡ ਕਰ ਰਿਹਾ ਹੈ। ਮਿਥਿਆ ਦ੍ਰਿਸ਼ਟੀ ਕਰਕੇ ਸੰਸਾਰ ਨਜ਼ਰ ਆਉਂਦਾ ਹੈ। ਜਦੋਂ ਸਾਰ ਮਤ ਉਗਮਦੀ ਹੈ ਤਾਂ ਪਤਾ ਚਲਦਾ ਹੈ ਕਿ ਇਥੇ ਤਾਂ ਪ੍ਰਭੂ ਆਪ ਹੀ ਅਨੇਕ ਰੂਪ ਧਾਰ ਕੇ ਆਪਣੀ ਖੇਲ੍ਹ ਕਰ ਰਿਹਾ ਹੈ। ਮੈਂ ਕੁਝ ਭੀ ਨਹੀਂ ਹਾਂ। ਤੂੰ ਹੀ, ਤੂੰ ਹੀ ਹੈਂ।

ਸੋ ਮਹਾਰਾਜ ਜੀ ਕਹਿਣ ਲੱਗੇ ਕਿ ਪਾਧਾ ਜੀ! ਤੁਸੀਂ ਕਾਗਜ਼ ਇਸ ਸਾਰ ਮਤ ਦਾ ਬਣਾਵੋ। ਹਉਮੈ ਨੂੰ ਖਤਮ ਕਰਕੇ ਉਸ ਦੀ ਸਿਆਹੀ ਬਣਾਵੋ, ਵਾਹਿਗੁਰੂ ਦੇ ਪਿਆਰ ਦੀ ਕਲਮ ਬਣਾਵੋ, ਭਗਤੀ ਭਾਵ ਵਿਚ ਆ ਕੇ ਤੁਸੀਂ ਚਿਤ ਨੂੰ ਲਿਖਾਰੀ ਬਣਾ ਲਵੋ, ਫਿਰ ਜਿਸ ਤਰ੍ਹਾਂ ਮੈਨੂੰ ਤੁਹਾਡੇ ਪਾਸ ਪੜ੍ਹਨਾ ਪਾਇਆ ਗਿਆ ਹੈ, ਤੁਸੀਂ ਜਾਣਦੇ ਹੀ ਹੋ ਕਿ ਬਿਨਾਂ ਉਸਤਾਦ ਤੋਂ ਵਿਦਿਆ ਨਹੀਂ ਆਉਂਦੀ, ਇਸੇ ਤਰ੍ਹਾਂ ਨਾਲ ਇਹ ਜੋ ਰੂਹਾਨੀ ਪੜ੍ਹਾਈ ਹੈ, ਇਹ ਵੀ ਸਮਰੱਥ ਗੁਰੂ ਤੋਂ ਬਿਨਾਂ ਨਹੀਂ ਆਇਆ ਕਰਦੀ। ਸੋ ਇਸ ਵਾਸਤੇ ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ ਗੁਰੂ ਤੋਂ ਪੁੱਛ ਕੇ ਤੁਸੀਂ ਲਿਖਣਾ ਸ਼ੁਰੂ ਕਰੋ।

*'ਚਲਦਾ......।'*

# ਸ੍ਰੀ ਗੁਰੂ ਅਰਜਨ ਦੇਵ ਜੀ

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

***ਅੰਗ - 256***

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

***ਅੰਗ - 289***

*ਧਾਰਨਾ - ਲਾਡ ਲਡਾਇਆ ਤੇਰੇ ਭਰੋਸੇ ਮੈਂ।*

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥ ੧ ॥*
*ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥ ੧ ॥ ਰਹਾਉ ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥ ੨॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ ੩ ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥ ਅੰਗ- ੫੧*

*ਧਾਰਨਾ - ਮੈਂ ਕੀ ਜਾਣਾ ਓ ਤੇਰੀ ਸਾਰ ਨੂੰ,*
*ਤੂੰ ਤਾਂ ਕਿਹੜਿਆਂ ਰੰਗਾਂ ਦੇ ਵਿਚ ਖੇਲ੍ਹੇ ਮਾਲਕਾ।*

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥*
*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥*

***ਅੰਗ- ੭੨੬***

ਸਾਧਸੰਗਤ ਜੀ! ਗੱਜ ਕੇ ਬੋਲਣਾ 'ਸਤਿਨਾਮੁ ਸ੍ਰੀ ਵਾਹਿਗੁਰੂ।' ਸਭ ਤੋਂ ਵੱਧ ਗਰਮੀ ਦੇ ਦਿਨ ਕਹਿੰਦੇ ਨੇ ਇਨ੍ਹਾਂ ਦਿਨਾਂ ਨੂੰ। ਉਨ੍ਹਾਂ ਹੀ ਦਿਨਾਂ ਦੇ ਅੰਦਰ ਐਸਾ ਇਕ ਸਾਕਾ ਵਰਤਿਆ ਸੰਸਾਰ ਦੇ ਅੰਦਰ, ਜਿਸ ਦੇ ਬਾਰੇ ਕੁਛ ਕਹਿਣਾ, ਸੁਣਨਾ ਬਹੁਤ ਹੀ ਮੁਸ਼ਕਲ ਹੈ। ਇਤਿਹਾਸਕਾਰ ਇਤਿਹਾਸ ਲਿਖਦੇ ਨੇ, ਉਨ੍ਹਾਂ ਦਾ ਆਪਣਾ ਨਜ਼ਰੀਆ ਹੈ। ਰੂਹਾਨੀ ਪੁਰਸ਼ ਰੂਹਾਨੀਅਤ ਦੇ ਨਜ਼ਰੀਏ ਨਾਲ ਦੇਖਦੇ ਨੇ, ਉਨ੍ਹਾਂ ਦਾ ਆਪਣਾ ਹੈ। ਸਮਰੱਥ ਪੁਰਸ਼ ਦਾ, ਸਾਰੀਆਂ ਸ਼ਕਤੀਆਂ ਦੇ ਮਾਲਕ ਦਾ, ਤੱਤੀਆਂ ਤਵੀਆਂ 'ਤੇ ਬੈਠ ਜਾਣਾ, ਉਬਲਦੇ ਪਾਣੀਆਂ 'ਚ ਬੈਠ ਜਾਣਾ, ਹੈਰਾਨ ਕਰਨ ਵਾਲੀ ਗੱਲ ਹੈ। ਉਹਦਾ ਕੁਛ ਪਤਾ ਨਹੀਂ ਲਗਦਾ, ਉਹ ਆਪ ਹੀ ਜਾਣਦੇ ਨੇ ਕਿ ਐਸਾ ਖੇਲ੍ਹ ਕਿਉਂ ਰਚਿਆ। ਜੋ ਇਤਿਹਾਸਕਾਰ ਨੇ ਉਹ ਘਟਨਾਵਾਂ ਨੂੰ ਦੇਖਦੇ ਨੇ ਕਿ ਆਹ ਗੱਲ ਹੋਈ, ਫੇਰ ਆਹ ਹੋਈ ਫੇਰ ਆਹ ਹੋਈ, ਤਾਂ ਇਹ ਗੱਲ ਐਉਂ ਹੋਈ। ਜਿਹੜੇ ਰੂਹਾਨੀ ਸੂਝ ਵਾਲੇ ਨੇ, ਉਹ ਕਹਿੰਦੇ ਨੇ ਕਿ ਸਮਰੱਥ ਪੁਰਸ਼ਾਂ ਦੇ ਆਪਣੇ ਹੱਥ ਵਿਚ ਹੁੰਦਾ ਹੈ ਸਾਰਾ, ਜੋ ਖੇਡ ਖੇਡਣਾ (Part play) ਕਰਨਾ ਹੁੰਦਾ ਹੈ। ਮਰਜ਼ੀ ਹੈ ਉਹਨਾਂ ਦੀ ਹੋਣ ਦੇਣ, ਨਾ ਹੋਣ ਦੇਣ। ਕੱਟ ਦੇਣ ਦ੍ਰਿਸ਼ ਕੋਈ ਦੋਸ਼ ਨਹੀਂ ਉਨ੍ਹਾਂ 'ਤੇ ਲਗਦਾ। ਤੱਤੀ ਤਵੀ ਹੈ ਉਹ ਸੇਕ ਮਾਰਦੀ ਹੈ, ਨਾ ਮਾਰਨ ਦੇਣ, ਇਹ ਵੀ ਉਨ੍ਹਾਂ ਦੇ ਹੱਥ ਵਿਚ ਹੈ। ਪਾਣੀ ਖੌਲਦਾ ਹੈ ਨਾ ਉਹਦੇ ਵਿਚ ਗਰਮੀ ਆਉਣ ਦੇਣ, ਉਹ ਵੀ ਉਨ੍ਹਾਂ ਦੇ ਹੱਥ ਵਿਚ ਹੈ। ਬਿਲਕੁਲ ਸਹੀ ਤਰੀਕੇ ਨਾਲ ਅੱਗ ਵੀ ਕੰਮ ਕਰੇ, ਪਾਣੀ ਆਪਣਾ ਕੰਮ ਕਰੇ, ਉਹ ਵੀ ਉਨ੍ਹਾਂ ਦੇ ਹੱਥ ਵਿਚ ਹੈ। ਇਹਦੇ ਵਿਚ ਪ੍ਰਸ਼ਨ ਚਿੰਨ੍ਹ ਆ ਜਾਂਦਾ ਹੈ ਕਿ ਕਿਉਂ ਇਸ ਤਰ੍ਹਾਂ ਹੋਇਆ? ਸੋ ਉਹਦੀ ਵਿਚਾਰ ਕਰਨ ਵਾਸਤੇ ਆਪਾਂ ਇਕੱਠੇ ਹੋਏ ਹਾਂ। ਦੋਵੇਂ ਤਰ੍ਹਾਂ ਦੇ ਨਜ਼ਰੀਏ ਨੇ, ਇਕ ਦੁਨੀਆਂਦਾਰੀ ਦਾ ਹੈ, ਇਕ ਰੂਹਾਨੀ ਹੈ। ਦੁਨੀਆਂਦਾਰੀ ਦੇ ਨਜ਼ਰੀਏ ਦੇ ਨਾਲ ਆਦਮੀ ਜਿਸ ਘਟਨਾ ਵਿਚੋਂ, ਜਿਹੋ ਜਿਹੀ ਹਾਲਤ ਵਿਚੋਂ ਲੰਘਦਾ ਹੈ, ਉਹ ਗਿਣੀਆਂ ਜਾਂਦੀਆਂ ਨੇ ਕਿ ਪਹਿਲਾਂ ਆਹ ਗੱਲ ਹੋਈ, ਫੇਰ ਆਹ ਹੋਈ। ਇਸ ਤਰ੍ਹਾਂ ਵਤੀਰਾ ਗਲਤ ਹੁੰਦਾ ਗਿਆ, ਘਟਨਾਵਾਂ ਗਲਤ ਹੁੰਦੀਆਂ ਗਈਆਂ। ਉਹਦਾ ਨਤੀਜਾ ਅਖੀਰ ਵਿਚ ਐਸਾ ਨਿਕਲਿਆ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜਵਾਂ ਸਰੂਪ, ਮਹਾਨ ਵਿਦਵਤਾ ਦਾ ਭਰਿਆ, ਅੱਧੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਗੁਰੂ ਪੰਜਵੇਂ ਪਾਤਸ਼ਾਹ ਦੀ ਹੈ ਜਿਸ ਵਿਚ ਸਿਧਾਂਤਕ ਫਿਲੋਸਫੀ, ਭਗਤੀ ਭਾਵ ਦੀ, ਕਰਮ ਦੀ ਤੇ ਪੂਰਨ ਬ੍ਰਹਮਗਿਆਨ ਦੀ। ਸੁਖਮਨੀ ਸਾਹਿਬ ਦੇ ਅੰਦਰ ਪੂਰੀਆਂ ਹੀ ਬਾਣੀਆਂ ਦਾ ਸਿਧਾਂਤ ਆ ਜਾਂਦਾ ਹੈ - ਕਰਮ, ਉਪਾਸ਼ਨਾ, ਗਿਆਨ,

ਵਿਗਿਆਨ। ਆਪ ਪੂਰੇ ਸੰਗੀਤਕਾਰ, ਭੱਟਾਂ ਨੇ ਲਿਖਿਆ ਹੈ ਕਿ ਉਹ ਤਾਂ ਆਪ ਹੀ ਪ੍ਰਮੇਸ਼ਰ, 'ਗੁਰੂ ਅਰਜਨ ਪਰਤੱਖ ਹਰਿ' ਉਹ ਆਪ ਹੀ ਪ੍ਰਤੱਖ ਰੂਪ ਦੇ ਅੰਦਰ ਵਾਹਿਗੁਰੂ ਸੀਗੇ। ਜੇ ਕੋਈ ਕਹੇ ਅਤਿਕਥਨੀ ਹੈ, ਉਪਮਾ ਦਾ ਸ਼ਬਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕੋਈ ਵੀ ਐਸਾ ਸ਼ਬਦ ਨਹੀਂ ਆਉਂਦਾ, ਜਿਹਨੂੰ ਪ੍ਰਵਾਨ ਨਾ ਕੀਤਾ ਗਿਆ ਹੋਵੇ। ਇਕ-ਇਕ ਅੱਖਰ ਪ੍ਰਵਾਨ ਕੀਤਾ ਹੈ, ਜੇ ਦੋ ਅੱਖਰ ਬਦਲੇ ਗਏ ਸੀ, 'ਮਿਟੀ ਬੇਈਮਾਨ ਕੀ ਪੇੜੇ ਭਈ ਘੁਮਿਆਰ' ਮੁਸਲ ਦੀ ਥਾਂ ਤੇ ਬੇਈ ਲਾ ਦਿਤਾ ਗਿਆ। ਉਸੇ ਥਾਂ ਦੇ ਉਤੇ ਵੱਡੇ ਸਾਹਿਬਜ਼ਾਦੇ ਰਾਮਰਾਇ ਜੀ ਨੂੰ ਸਾਰੀ ਜ਼ਿੰਦਗੀ ਗੁਰਸਿੱਖੀ ਤੋਂ ਕੱਟ ਕੇ ਜੀਵਨ ਬਤੀਤ ਕਰਨਾ ਪਿਆ। ਇਥੇ ਜੇ ਇਹ ਗੱਲ ਗਲਤ ਹੋਵੇ, ਪਰਤੱਖ ਹਰਿ ਨਹੀਂ, ਭਾਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਮ੍ਹਣੇ ਹੀ ਕਹਿੰਦੇ ਸੀ, ਪਰ ਉਹ ਬਿਲਕੁਲ ਸਤਿ ਬੋਲਦੇ ਸੀ ਤੇ ਗੁਰੂ ਸਾਹਿਬ ਵੀ ਇਹ ਜਾਣਦੇ ਸੀ ਕਿ ਇਹ ਸੱਚ ਬੋਲਦੇ ਨੇ। ਇਨ੍ਹਾਂ ਨੂੰ ਸੱਚ ਦਾ ਪਤਾ ਲੱਗ ਗਿਆ। ਇਹ ਉਸ ਅਵਸਥਾ 'ਤੇ ਪਹੁੰਚ ਗਏ ਨੇ, ਜਿਥੇ ਜਾ ਕੇ ਇਨ੍ਹਾਂ ਦੇ ਨੇਤਰ ਖੁਲ੍ਹ ਗਏ ਤੇ ਗੁਰੂ ਨੂੰ ਦੇਖ ਲਿਆ ਕਿ ਇਹ ਤਾਂ ਪਰਤੱਖ ਆਪ ਹੀ ਵਾਹਿਗੁਰੂ ਹੈ। ਨਿਰਗੁਨ ਸਰੂਪ ਦੇ ਅੰਦਰ ਵੀ ਆਪ ਹੈ ਤੇ ਸਰਗੁਨ ਦੇ ਵਿਚ ਵੀ ਆਪ ਹੋ ਕੇ ਦਰਸ਼ਨ ਦੇ ਰਿਹਾ ਹੈ। ਸੋ ਜੀਵਨ ਪੰਧ ਦੇ ਅੰਦਰ, ਜੀਵਨ ਦੇ ਨਾਲ ਅਨੇਕ ਘਟਨਾਵਾਂ ਵਾਪਰਦੀਆਂ ਨੇ। ਇਕ ਜੀਵਨ ਹੈ ਜਿਹੜਾ ਸਤਿ ਦੀ ਸੇਧ ਨਾਲ ਚੱਲ ਕੇ, ਸਤਿ ਨੂੰ ਦ੍ਰਿੜ੍ਹ ਕਰਾਉਂਦਾ, ਸਤਿ ਦੇ ਮਾਰਗ ਦੇ ਉਤੇ ਚਲਦਾ ਸੰਸਾਰ ਨੂੰ ਚਲਾਉਂਦਾ ਹੈ। ਇਕ ਜੀਵਨ ਹੈ ਜਿਹੜਾ ਅਸਤਿ ਝੂਠ ਦੀ ਓਟ ਲੈ ਕੇ ਚਲਦਾ ਹੈ, ਆਪ ਵੀ ਚਲਦਾ ਹੈ ਤੇ ਦੂਜਿਆਂ ਨੂੰ ਵੀ ਚਲਾਉਂਦਾ ਹੈ। ਇਹ ਦੋਹਾਂ ਦਾ ਸੰਘਰਸ਼ ਜਦੋਂ ਤੋਂ ਸੰਸਾਰ ਬਣਿਆ ਹੈ, ਉਸ ਵੇਲੇ ਤੋਂ ਚਲਿਆ ਆਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਆਉਂਦਾ ਹੈ -

*ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥*

*ਅੰਗ - ੧੪੫*

ਕਿਉਂਕਿ ਦੋਹਾਂ ਦੇ ਇਕ ਦੂਸਰੇ ਦੇ ਉਲਟ ਪੱਖ ਨੇ। ਇਕ ਦਾ ਪੂਰਬ ਹੈ ਇਕ ਦਾ ਪੱਛਮ ਹੈ। ਦੋਵੇਂ ਇਕ ਦੂਸਰੇ ਤੋਂ ਉਲਟ ਪਾਸਿਆਂ ਨੂੰ ਚਲਦੇ ਨੇ। ਇਕੋ ਹੀ ਲਾਈਨ ਜੇ ਇਕ ਪੁਆਇੰਟ ਤੋਂ ਕੱਢ ਦਿਤੀ ਜਾਵੇ, ਇਕ ਪੂਰਬ ਤੇ ਇਕ ਪੱਛਮ ਵਲ ਨੂੰ ਕੱਢ ਦਿਤੀ ਜਾਵੇ ਤਾਂ ਲਾਈਨਾਂ ਖਿੱਚੀਆਂ, ਪੂਰਬ ਵਾਲੀ ਪੂਰਬ ਵਲ ਨੂੰ ਚਲ ਪੈਂਦੀ ਹੈ, ਪੱਛਮ ਵਾਲੀ ਪੱਛਮ ਨੂੰ ਚਲਦੀ ਹੈ, ਇਨ੍ਹਾਂ ਦਾ ਜੋੜ ਨਹੀਂ ਹੁੰਦਾ। ਜੋੜ ਆ ਵੀ ਜਾਂਦਾ ਹੈ ਇਨ੍ਹਾਂ ਦਾ, ਐਸਾ ਨਹੀਂ ਜੋੜ ਨਾ ਆਵੇ। ਲਾਈਨ ਲੰਮੀ ਚਲੀ ਜਾਵੇ, ਹਜ਼ਾਰਾਂ ਮੀਲ ਚਲੀ ਜਾਵੇ, ਕਿਉਂਕਿ ਧਰਤੀ ਗੋਲਾਈ ਵਿਚ ਹੈ, ਓਧਰਲੀ ਲਾਈਨ ਏਧਰ ਆ ਰਲਣੀ ਹੈ ਤੇ ਇਧਰਲੀ ਉਧਰ ਜਾ ਰਲਣੀ ਹੈ ਤੇ ਉਹ ਲਾਈਨ ਦਾ ਪਤਾ ਹੀ ਨਹੀਂ ਲਗਣਾ ਕਿ ਪੂਰਬ ਵਾਲੀ ਕਿਹੜੀ ਹੈ ਤੇ ਪੱਛਮ ਵਾਲੀ ਕਿਹੜੀ ਹੈ। ਪੂਰਨ ਬ੍ਰਹਮਗਿਆਨ ਦੀ ਅਵਸਥਾ ਦੇ ਵਿਚ ਜਾ ਕੇ ਦੋਵੇਂ ਲਾਈਨਾਂ ਮਿਲ ਜਾਂਦੀਆਂ ਨੇ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥* *ਅੰਗ - ੬੧੦*

ਸੋ ਇਸ ਤਰ੍ਹਾਂ ਦੇ ਨਾਲ ਦੋ ਪੱਖ ਨੇ ਦੁਨੀਆਂ ਦੇ। ਇਕ ਦੁਨੀਆਂਦਾਰੀ ਦੀ ਸੋਚ ਨਾਲ ਹੈ, ਇਕ ਰੂਹਾਨੀ ਸੋਚ ਨਾਲ ਹੈ। ਦੋਹਾਂ ਦਾ ਜੋੜ ਨਹੀਂ ਹੁੰਦਾ। ਦੋਹਾਂ ਦੇ ਜੀਵਨ ਵਿਚ ਹਮੇਸ਼ਾ ਹੀ ਸੰਘਰਸ਼ ਹੋਏਗਾ। ਇਕ ਹਉਮੈ ਦਾ ਭਰਿਆ ਹੋਇਆ ਜੀਵਨ ਹੈ, ਅੰਨ੍ਹਾ ਜੀਵਨ ਹੈ। ਇਕ ਪ੍ਰਕਾਸ਼ਮਈ ਜੀਵਨ ਹੈ। ਦੋਹਾਂ ਦੇ ਵੱਖਰੇ-ਵੱਖਰੇ ਪੱਖ ਨੇ। ਜਿਹੜਾ ਹਉਮੈ ਦਾ ਜੀਵਨ ਹੈ, ਉਹਦੇ ਵਾਸਤੇ ਆਪਣਾ ਕੋਈ ਨਹੀਂ ਹੁੰਦਾ, ਉਹਦੀ ਹਉਮੈ ਐਨੀ ਆਪਣੇ ਨਿਜ ਦੇ ਹੱਟ ਤੇ ਜੰਮ ਜਾਂਦੀ ਹੈ ਕਿ ਉਹ ਆਪ ਬਚਣਾ ਚਾਹੀਦਾ ਹੈ ਚਾਹੇ ਉਹਦੇ ਸਰੀਰ ਦਾ ਅੰਗ ਵੀ ਕੱਟਿਆ ਜਾਵੇ। ਪਹਿਲਾਂ ਜ਼ਮੀਨ ਜਾਇਦਾਦ ਜਾਵੇ ਕਹਿੰਦਾ ਹੈ ਜਾਵੇ, ਮੈਂ ਬਚ ਜਾਵਾਂ। ਭਾਈ, ਭਰਾ, ਪੁੱਤਰ, ਧੀਆਂ ਜਾਂਦੇ ਨੇ? ਕਹਿੰਦਾ ਹੈ ਜਾਂਦੇ ਰਹਿਣ ਮੈਂ ਬਚ ਰਹਾਂ। ਡਾਕਟਰ ਕਹਿੰਦੇ, ਤੇਰੇ ਅੰਗ ਖਰਾਬ ਹੋ ਗਏ, ਬਾਹਾਂ ਕੱਟਣੀਆਂ ਪੈਣੀਆਂ ਨੇ? ਕਹਿੰਦਾ ਕੱਟ ਦਿਓ, ਮੈਂ ਬਚ ਰਹਾਂ। ਕਹਿੰਦੇ, ਲੱਤਾਂ ਕੱਟਣੀਆਂ ਪੈਣੀਆਂ ਨੇ? ਕਹਿੰਦੇ ਕੱਟ ਦਿਓ ਮੈਂ ਬਚ ਰਹਾਂ। ਉਹਦੇ ਵਿਚ ਮੈਂ ਬਚਦੀ ਹੈ, ਮੈਂ ਦਾ ਜੀਵਨ ਆਪਣੇ ਆਪ ਵਾਸਤੇ ਹੈ, ਉਹ ਸੰਸਾਰ ਵਾਸਤੇ ਨਹੀਂ ਹੋਇਆ ਕਰਦਾ। ਦੂਸਰਾ ਜੀਵਨ ਹੈ ਜਿਹੜਾ ਕਹਿੰਦਾ ਹੈ ਕਿ ਸੰਸਾਰ ਦੇ ਵਾਸਤੇ ਮੇਰਾ ਜੀਵਨ ਲਗ ਜਾਵੇ, ਮੈਂ ਰਹਾਂ ਚਾਹੇ ਨਾ ਰਹਾਂ, ਪਰ ਸੰਸਾਰ ਦੇ ਵਿਚ ਖੁਸ਼ਹਾਲੀ ਹੋਵੇ। ਸੰਸਾਰ ਨੂੰ ਕੋਈ ਐਸਾ ਰਾਹ ਲੱਭ ਜਾਵੇ ਜਿਹਦੇ ਨਾਲ ਇਹ ਸੁਖੀ ਰਹਿਣ। ਸੋ ਇਹ ਸਾਰੀ ਕਹਾਣੀ ਜੋ ਵਰਤੀ ਹੈ ਇਹ

ਏਸੇ ਆਧਾਰ ਦੇ ਉਤੇ ਹੈ।

ਇਕ ਪਾਸੇ ਸਾਰੇ ਬਦੀ ਦੀਆਂ ਤਾਕਤਾਂ ਨੇ, ਇਕ ਪਾਸੇ ਸਤਿ ਦੀ ਸ਼ਕਤੀ ਹੈ। ਨੇਕੀ ਦੀ ਸ਼ਕਤੀ ਹੈ। ਨੇਕੀ ਤੇ ਬਦੀ ਦਾ ਘੋਲ ਜ਼ਬਰਦਸਤ ਹੋਇਆ ਹੈ ਤੇ ਓਸ ਘੋਲ ਦੇ ਵਿਚ ਬਦੀ ਹਾਰ ਗਈ, ਫਿਟਕਾਰੀ ਗਈ। ਬਦੀ ਨੂੰ ਬੁਰਾ ਕਿਹਾ ਗਿਆ, ਲੇਕਿਨ ਨੇਕੀ ਚਮਕ ਗਈ। ਜਿਉਂ-ਜਿਉਂ ਸਮਾਂ ਲੰਘਦਾ ਹੈ, ਉਹਦੀ ਚਮਕ ਵਧਦੀ ਜਾਂਦੀ ਹੈ। ਸੰਸਾਰ ਤੇ ਤਾਂ ਰਹਿਣਾ ਕਿਸੇ ਨੇ ਨਹੀਂ ਸੀ, ਨਾ ਉਨ੍ਹਾਂ ਨੇ ਨਾ ਉਨ੍ਹਾਂ ਨੇ। ਲੇਕਿਨ ਇਕ ਨਾਟਕ ਸੀ, ਜੋ ਲੋਕ ਪ੍ਰਿਅ ਹੋ ਗਿਆ, ਇਕ ਲੋਕਾਂ ਦੀ ਨਫ਼ਰਤ ਦਾ ਕਾਰਨ ਬਣ ਗਿਆ। ਸੰਸਾਰ ਤੋਂ ਤਾਂ ਫੇਰ ਵੀ ਉਨ੍ਹਾਂ ਨੇ ਚਲੇ ਹੀ ਜਾਣਾ ਸੀ। ਸੋ ਆਪਾਂ ਥੋੜ੍ਹੀ ਜਿਹੀ ਵਿਚਾਰ ਕਰਨੀ ਹੈ ਕਿ ਕਿਸ ਤਰ੍ਹਾਂ ਦੇ ਨਾਲ ਬਦੀ ਦੀਆਂ ਸ਼ਕਤੀਆਂ ਨੇਕੀ ਨਾਲ ਟਕਰਾਈਆਂ। ਗੁਰਸਿੱਖੀ ਦਾ ਜੋ ਰਾਹ ਸੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਿਆਂਦਾ, ਇਹਨੂੰ ਧਰਮ ਦਾ ਮਾਲਕ ਕਹਿੰਦੇ ਨੇ, ਧਰਮ ਦਾ ਪੰਥ ਕਹਿੰਦੇ ਨੇ। ਇਹਦਾ ਸੰਘਰਸ਼ ਹੋਇਆ -

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ਅੰਗ - ੧੪੫*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁੰਮ ਹੋਇਆ-ਹੋਇਆ ਪ੍ਰਕਾਸ਼ ਸੰਸਾਰ 'ਚ ਲਿਆਉਣ ਦਾ ਬਾਨਣੂੰ ਬੰਨ੍ਹਿਆ। ਦੂਜੇ ਪਾਸੇ ਹਨ੍ਹੇਰੇ ਵਾਲਿਆਂ ਨੇ ਹਨ੍ਹੇਰੇ ਨੂੰ ਹੋਰ ਫੈਲਾਉਣ ਦਾ ਬਾਨਣੂੰ ਬੰਨ੍ਹਿਆ ਕਿਉਂਕਿ ਉਨ੍ਹਾਂ ਦਾ ਫਾਇਦਾ ਹਨ੍ਹੇਰੇ ਵਿਚ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨਹੀਂ ਸੀ ਚਾਹੁੰਦੇ ਕਿ ਹਨ੍ਹੇਰਾ ਵਧੇ, ਕਿਉਂਕਿ -

*ਅੰਧਕਾਰ ਸੁਖਿ ਕਬਹਿ ਨ ਸੋਈ ਹੈ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ ਅੰਗ - ੩੨੫*

ਹਨ੍ਹੇਰਾ ਹੋ ਜਾਵੇ ਦੋਵੇਂ ਰੋਂਦੇ ਨੇ। ਰਾਜਾ ਵੀ ਰੋਏਗਾ, ਗਰੀਬ ਵੀ ਰੋਏਗਾ ਕਿਉਂਕਿ ਜਦੋਂ ਪ੍ਰਕਾਸ਼ ਹੀ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਚਾਹੁੰਦੇ ਸੀ ਕਿ ਪ੍ਰਕਾਸ਼ ਹੋਵੇ ਸੰਸਾਰ ਦੇ ਉਤੇ, ਸ਼ਾਂਤੀ ਆਵੇ, ਇਨਸਾਫ ਹੋਵੇ, ਮਨੁੱਖੀ ਅਧਿਕਾਰ ਪੂਰੀ ਤਰ੍ਹਾਂ ਨਾਲ ਮਿਲਣ, ਕੋਈ ਧਰਮ ਕਿਸੇ ਨੂੰ ਪਸੰਦ ਹੈ, ਉਹਦੇ ਵਿਚ ਉਹ ਜੀਵੇਂ। ਕਿਸੇ ਨੂੰ ਪੂਜਾ ਪਸੰਦ ਹੈ, ਕਰੇ ਆਪਣੀ ਪੂਜਾ, ਕਿਸੇ ਨੂੰ ਕੋਈ ਬੁੱਤ ਪਸੰਦ ਹੈ, ਉਹਨੂੰ ਪ੍ਰਮੇਸ਼ਰ ਦਾ ਰੂਪ ਸਮਝ ਕੇ ਉਹਦੇ ਅੱਗੇ ਬੇਨਤੀਆਂ ਕਰਦਾ ਹੈ। ਰੋਂਦਾ ਹੈ, ਰੋ-ਰੋ ਕੇ ਕਹਿੰਦਾ ਹੈ, ਹੇ ਪ੍ਰਭੂ! ਪ੍ਰਸ਼ਾਦਾ ਛਕ ਲਓ। ਸਾਮ੍ਹਣੇ ਕੀ ਹੈ? ਇਕ ਪੱਥਰ ਪਿਆ ਹੈ, ਹੋਇਆ ਕੀ ਇਕ ਪੱਥਰ ਦੇ ਵਿਚੋਂ -

*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥*
*ਅੰਗ- ੪੮੮*

ਪ੍ਰਤੱਖ ਹੋ ਗਿਆ। ਰੋਟੀ ਵੀ ਖਾਂਦਾ ਹੈ ਤੇ ਲੱਸੀ ਵੀ ਪੀਂਦਾ ਹੈ। ਫੇਰ ਉਹਦੀ ਭਗਤੀ ਦੇ ਵਿਚ ਕਿਉਂ ਰੁਕਾਵਟ ਪਾਈ ਜਾਵੇ। ਉਹਦਾ ਆਪਣਾ ਨਿਜ ਦਾ ਸਬੰਧ ਹੈ ਰੱਬ ਦੇ ਨਾਲ। ਰੱਬ ਦਾ ਸਮੂਹਿਕ ਸਬੰਧ ਨਹੀਂ ਹੋਇਆ ਕਰਦਾ। ਜੇ ਕੋਈ ਬੰਦੇ ਇਕੱਠੇ ਹੋ ਕੇ ਕਹਿਣ ਕਿ ਰੱਬ ਨੂੰ ਐਉਂ ਮੰਨ, ਬਿਲਕੁਲ ਗਲਤ ਹੈ। ਪਿਆਰ ਜਿਹੜਾ ਹੈ ਕਿਸੇ ਦੀ ਗਾਈਡੈਂਸ ਨਹੀਂ ਮੰਗਦਾ। ਪਿਆਰ ਆਪਣੇ ਆਪ ਹਿਰਦੇ ਵਿਚੋਂ ਨਿਕਲਦਾ ਹੈ। ਉਹਦੇ ਆਪਣੇ ਰਸਤੇ ਨੇ, ਆਪਣਿਆਂ ਰਾਹਾਂ 'ਤੇ ਉਹ ਚਲਦਾ ਹੈ। ਪਿਆਰ ਨੂੰ ਜੇ ਕਹੋ ਕਿ ਆਹ-ਆਹ ਰਸਤੇ ਤੋਂ ਚੱਲ, ਬਿਲਕੁਲ ਨਹੀਂ ਚਲਦਾ। ਪਿਆਰ ਤਾਂ ਇਕ ਜਜ਼ਬਾ ਹੈ ਓਵਰ ਪਾਵਰ ਕਰਦਾ ਹੈ ਉਹ। ਸੋ ਪੱਥਰ ਦੇ ਸਾਮ੍ਹਣੇ ਹੀ ਉਹਨੇ ਕਰ ਲਿਆ। ਨਾਮਦੇਵ ਜੀ ਬੈਠ ਗਏ ਦੁੱਧ ਪਿਲਾਉਣ ਤੋਂ ਬਿਨਾਂ ਉਠੇ ਹੀ ਨਾ। ਕਿਸੇ ਨੇ ਕਿਸੇ ਤਰੀਕੇ ਨਾਲ ਭਗਤੀ ਕਰੀ, ਕਿਸੇ ਨੇ ਕਿਸੇ ਨਾਲ ਕਰੀ। ਲੇਕਿਨ ਦੂਜੇ ਪਾਸੇ ਇਹ ਜਬਰ ਚੀਜ਼ ਹੈ ਕਿ ਨਹੀਂ ਕਰਨ ਦੇਣੀ ਅਸੀਂ ਇਸ ਤਰ੍ਹਾਂ ਭਗਤੀ। ਜੋ ਤਰੀਕਾ ਅਸੀਂ ਦਸਦੇ ਹਾਂ ਓਸ ਤਰੀਕੇ ਨਾਲ ਚੱਲੋ। ਮਸਜਿਦ ਵਿਚ ਆਓ, ਪੰਜ ਵਾਰੀ ਨਮਾਜ਼ ਪੜ੍ਹੋ। ਜੋ ਤਰੀਕੇ ਸਾਡੇ ਨੇ ਉਹ ਵਰਤੋ, ਆਹ ਤਰੀਕੇ ਅਸੀਂ ਚੱਲਣ ਨਹੀਂ ਦੇਣੇ। ਕੁਫਰ ਨਹੀਂ ਅਸੀਂ ਸੰਸਾਰ ਵਿਚ ਚੱਲਣ ਦੇਣਾ। ਕਾਫਰ ਨਹੀਂ ਵਧਣ ਦੇਣੇ। ਇਹ ਮਾਰ ਦੇਣੇ ਨੇ, ਖਤਮ ਕਰ ਦੇਣੇ ਨੇ। ਜਦੋਂ ਧਰਮ ਇਹ ਰੂਪ ਅਖਤਿਆਰ ਕਰ ਜਾਵੇ, ਫੇਰ ਉਹ ਧਰਮ ਨਹੀਂ ਅਧਰਮ ਹੋਇਆ ਕਰਦਾ ਹੈ। ਬਦੀ ਦਾ ਸੂਚਕ ਹੋ ਜਾਇਆ ਕਰਦਾ ਹੈ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਭਗਤੀ ਕਰਨ ਦਾ ਜੋ ਨਿੱਜੀ ਭਾਵ ਹੈ ਉਹ ਬਹੁਤ ਹੀ ਪਤਲਾ ਜਜ਼ਬਾ ਹੈ, ਉਹਦੇ ਵਿਚ ਦਖਲ ਅੰਦਾਜ਼ੀ ਹੈ, ਪਿਆਰ ਦੇ ਵਿਚ ਕਿਸੇ ਦਾ ਦਖਲ ਸਹਿਨ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ, ਪਿਆਰ ਦੀ ਆਪਣੀ ਮੌਜ ਹੈ, ਆਪਣਾ ਰਾਹ

ਹੈ, ਆਪਣਾ ਤਰੀਕਾ ਹੈ। ਉਹਦੇ ਨਾਲ ਉਹਨੇ ਉਹਨੂੰ ਮਿਲਾਉਣਾ ਹੈ। ਉਹਨੂੰ ਜੇ ਰਾਹ ਕੱਢੋ, ਲਕੀਰਾਂ ਕੱਢੋ ਨਹੀਂ ਪਿਆਰ ਚੱਲਿਆ ਕਰਦਾ ਕਿਉਂਕਿ ਇਹ ਆਦਿ ਜੁਗਾਦਿ ਤੋਂ ਚਲੀ ਹੋਈ ਚੀਜ਼ ਹੈ।

ਸੋ ਐਸਾ ਰੌਲਾ ਰੱਪਾ ਸੀ। ਇਕ ਪਾਸੇ ਉਹ ਚੀਜ਼ ਸੀ, ਹਨ੍ਹੇਰਾ ਸੀ। ਇਕ ਪਾਸੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਪ੍ਰਕਾਸ਼ ਲਿਆਉਣਾ ਚਾਹੁੰਦੇ ਸੀ। ਮਨੁੱਖੀ ਅਧਿਕਾਰ ਲਿਆਉਣਾ ਚਾਹੁੰਦੇ ਸੀ। ਦੁਨੀਆਂ ਨੂੰ ਚਾਹੁੰਦੇ ਸੀ ਕਿ ਆਪਣੇ ਤਰੀਕੇ ਨਾਲ ਅਮਨ ਤੇ ਅਮਾਨ ਨਾਲ ਵੱਸਣ। ਰਾਜਾ ਜਿਹੜਾ ਹੈ ਉਹ ਸਾਰੀ ਪਰਜਾ ਦੇ ਵਾਸਤੇ ਇਕੋ ਜਿਹੇ ਕਾਨੂੰਨ ਬਣਾਵੇ। ਉਹ ਇਹ ਨਾ ਕਹੇ ਕਿ ਹਿੰਦੂ ਜਿਹੜਾ ਹੈ ਇਹ ਜੀਉਣ ਦਾ ਟੈਕਸ ਦੇਵੇਗਾ। ਹਿੰਦੂ ਜੇ ਕਿਸੇ ਤੀਰਥ 'ਤੇ ਜਾ ਰਿਹਾ ਹੈ ਤਾਂ ਤੀਰਥ ਦਾ ਟੈਕਸ ਦੇਵੇਗਾ ਤਾਂ ਕਿਸੇ ਮੂਰਤੀ ਨੂੰ ਜਾ ਕੇ ਮੱਥਾ ਟੇਕ ਸਕਦਾ ਹੈ। ਪਾਬੰਦੀਆਂ ਲਾ ਦਿਤੀਆਂ ਗਈਆਂ, ਗੁਰੂ ਨਹੀਂ ਸੀ ਚਾਹੁੰਦਾ ਕਿ ਇਹ ਪਾਬੰਦੀਆਂ ਲੱਗਣ। ਸੱਚ ਦੇ ਰਸਤੇ 'ਤੇ ਦੁਨੀਆਂ ਜੀਵੇ, ਭਰਾਤਰੀ ਭਾਵ ਹੋਵੇ ਜਦੋਂ ਇਕ ਰੱਬ ਨੂੰ ਮੰਨਦੇ ਹਾਂ, ਫੇਰ ਇਹ ਕਹੋ -

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥* ਅੰਗ- ੯੭

ਅਸੀਂ ਤਾਂ ਸਾਰੇ ਇਕ ਦੇ ਉਪਾਸ਼ਕ ਹਾਂ, ਇਕ ਨੂੰ ਮੰਨਦੇ ਹਾਂ। ਕੋਈ ਅਰਬੀ ਬੋਲਦਾ ਹੈ, ਕੋਈ ਫਾਰਸੀ ਬੋਲਦਾ ਹੈ, ਕੋਈ ਸੰਸਕ੍ਰਿਤ 'ਚ ਕਰਦਾ ਹੈ, ਕੋਈ ਹਿੰਦੀ ਬੋਲਦਾ ਹੈ, ਆਪਣੀ-ਆਪਣੀ ਬੋਲੀ 'ਚ ਗੱਲ ਕੀਤੀ ਜਾਂਦੀ ਹੈ। ਕਿਉਂ ਬੋਲੀ ਮਜ਼ਬੂਰ ਕਰਦੇ ਹੋਂ ਕਿ ਸਾਰੇ ਅਰਬੀ ਦੇ ਵਿਚ ਜਾ ਕੇ ਇਬਾਦਤ ਕਰੋ। ਅਰਬੀ ਨਾਲ ਦਿਲ ਨਹੀਂ ਮਿਲਦਾ, ਆਪਣੀ ਬੋਲੀ ਨਾਲ ਮਿਲਦਾ ਹੁੰਦਾ ਹੈ। ਸੋ ਮਹਾਰਾਜ ਦਾ ਇਹ ਜੋ ਤੋਰ ਤਰੀਕਾ ਸੀ, ਇਹ ਚੁੱਭਦਾ ਸੀ। ਹਨ੍ਹੇਰਾ ਨਹੀਂ ਸੀ ਚਾਹੁੰਦਾ ਕਿ ਪ੍ਰਕਾਸ਼ ਦੀ ਕਿਰਨ ਆ ਜਾਵੇ।

ਸੋ ਗੁਰੂ ਪੰਜਵੇ ਪਾਤਸ਼ਾਹ ਮਹਾਰਾਜ ਜੀ ਪ੍ਰਕਾਸ਼ ਦੇ ਪ੍ਰਤੀਕ ਸੀ। ਉਨ੍ਹਾਂ ਦੇ ਰਸਤੇ ਵਿਚ ਥਾਂ-ਥਾਂ 'ਤੇ ਹਨ੍ਹੇਰੇ ਨੇ ਰੋੜ੍ਹੇ ਅਟਕਾਏ। ਹਉਮੈ ਨੇ, ਮਾਇਆ ਨੇ ਰੋੜ੍ਹੇ ਅਟਕਾਏ। ਚਾਹੇ ਭਰਾ ਸੀ ਉਹ ਵੀ ਮਾਇਆਧਾਰੀ, ਚਾਹੇ ਸਮਾਜ ਸੀ ਉਹ ਵੀ ਮਾਇਆਧਾਰੀ, ਚਾਹੇ ਰਾਜ ਸੀ ਉਹ ਵੀ ਮਾਇਆਧਾਰੀ, ਏਧਰ ਪ੍ਰਕਾਸ਼ ਸੀ ਓਧਰ ਹਨ੍ਹੇਰਾ ਸੀ।

ਗੁਰੂ ਮਹਾਰਾਜ ਜੀ ਅੰਮ੍ਰਿਤਸਰ ਨੇ। ਅਕਬਰ ਦਾ ਇਕ ਵਜ਼ੀਰ ਸੀ, ਉਹਦਾ ਨਾਉਂ ਸੀ ਬੀਰਬਲ। ਉਹਨੂੰ ਹੁਕਮ ਹੋਇਆ ਕਿ ਯੂਸਨ ਦਈਆਂ ਦੀ ਬਗਾਵਤ ਦਬਾਉਣ ਵਾਸਤੇ ਫੌਜ ਲੈ ਕੇ ਜਾਵੇ ਕਿਉਂਕਿ ਪਹਿਲੇ ਕਮਾਂਡਰ ਮਾਰੇ ਜਾ ਚੁੱਕੇ ਸੀ, ਨਾਲ ਜਰਨੈਲ ਸੀ, ਸਾਰੀ ਫੌਜ ਦਾ ਜ਼ਿੰਮੇਵਾਰ ਬਣਾ ਕੇ ਉਸ ਨੂੰ ਭੇਜਿਆ। ਉਹਨੇ ਇਕ ਅਕਬਰ ਤੋਂ ਪ੍ਰਵਾਨਾ ਲਿਖਾ ਲਿਆ, ਕਹਿਣ ਲੱਗਿਆ ਮਹਾਰਾਜ! ਮੈਂ ਬ੍ਰਾਹਮਣ ਜਾਤ ਹਾਂ। ਤੁਹਾਡੀ ਸੇਵਾ ਦੇ ਵਿਚ ਰਹਿ ਕੇ ਮੈਂ ਦੱਛਣਾ ਨਹੀਂ ਲੈ ਸਕਿਆ, ਜਜ਼ਮਾਨਾਂ ਤੋਂ। ਤੁਸੀਂ ਇਕ ਪ੍ਰਵਾਨਾ ਲਿਖ ਦਿਓ ਕਿ ਬੀਰਬਲ ਪੰਜਾਬ ਦਾ ਬ੍ਰਾਹਮਣ ਹੈ। ਸਾਰੇ ਪੰਜਾਬ ਦਾ। ਇਹ ਦੱਛਣਾ ਲੈ ਸਕਦਾ ਹੈ ਸਾਰਿਆਂ ਤੋਂ, ਕਿਉਂਕਿ ਮੰਗਤ ਬਿਰਤੀ ਸੀ। ਦਿੱਲੀ ਤੋਂ ਚਲ ਪਿਆ, ਬੜੇ-ਬੜੇ ਚੌਧਰੀ ਆਏ, ਬੜੇ-ਬੜੇ ਬਿਜ਼ਨਸਮੈਨ ਆਏ, ਸਾਰਿਆਂ ਤੋਂ ਦੱਛਣਾ ਲੈਂਦਾ-ਲੈਂਦਾ ਜਦੋਂ ਅੰਮ੍ਰਿਤਸਰ ਪਹੁੰਚਦਾ ਹੈ, ਉਥੇ ਵੀ ਸੁਨੇਹਾ ਭੇਜ ਦਿਤਾ ਗੁਰੂ ਮਹਾਰਾਜ ਨੂੰ ਕਿ ਮੈਂ ਬ੍ਰਾਹਮਣ ਹਾਂ, ਮੈਨੂੰ ਇਹ ਲਿਖ ਕੇ ਦਿਤਾ ਗਿਐ ਕਿ ਮੈਂ ਸਾਰੇ ਪੰਜਾਬ ਦਾ ਬ੍ਰਾਹਮਣ ਤੇ ਤੁਸੀਂ ਮੈਨੂੰ ਕਦੇ ਦੱਛਣਾ ਨਹੀਂ ਦਿਤੀ, ਐਨੇ ਲੱਖ ਰੁਪਈਆ ਮੈਨੂੰ ਦੱਛਣਾ ਦੇਵੋ।

ਗੁਰੂ ਮਹਾਰਾਜ ਕੋਲ ਅਹਦੀਏ ਜਾਂਦੇ ਨੇ, ਮਹਾਰਾਜ ਨੇ ਕਿਹਾ ਕਿ ਸਾਡਾ ਤਾਂ ਕੋਈ ਪੰਡਤ ਹੀ ਨਹੀਂ ਹੈ। ਸਾਡਾ ਤਾਂ ਜਿਹੜਾ ਪੰਡਤ ਹੈ ਉਹ ਵਾਹਿਗੁਰੂ ਹੀ ਹੈ, ਅਸੀਂ ਤਾਂ ਉਹਨੂੰ ਹੀ ਦੱਛਣਾ ਭੇਟ ਕਰਨੀ ਹੈ। ਸਾਡੀ ਦੱਛਣਾ ਜਿਹੜੀ ਹੈ ਉਹ ਲੰਗਰਾਂ ਦੇ ਰੂਪ ਵਿਚ ਹੈ। ਧਰਮਸਾਲਾ ਦੇ ਰੂਪ ਵਿਚ ਲਗ ਰਹੀ ਹੈ। ਅਸੀਂ ਕੋਈ ਵਪਾਰੀ ਬੰਦੇ ਨਹੀਂ ਹਾਂ, ਵੱਡੇ-ਵੱਡੇ ਜ਼ਿੰਮੀਦਾਰ ਨਹੀਂ ਹਾਂ ਸਾਡੇ ਤਾਂ ਪਹਿਲਾਂ ਲਗ ਰਹੀ ਹੈ ਜੋ ਵੀ ਹੈ। ਬ੍ਰਾਹਮਣ ਜਿਹੜਾ ਹੈ ਬ੍ਰਹਮ ਦਾ ਪ੍ਰਤੀਕ ਹੁੰਦੈ। ਸੋ ਅਸੀਂ ਬ੍ਰਹਮ ਦੇ ਬੰਦਿਆਂ ਦੇ ਵਾਸਤੇ ਹੀ ਸਾਰਾ ਖਰਚ ਕਰ ਰਹੇ ਹਾਂ।

ਕਹਿਣ ਲੱਗਿਆ, ਨਹੀਂ ਮੈਂ ਦੱਛਣਾ ਲੈਣੀ ਹੈ। ਓਧਰੋਂ ਕਾਹਲੀ ਸੀ ਜਾਣ ਵਾਸਤੇ। ਸੁਨੇਹਾ ਭੇਜ ਦਿਤਾ ਮਹਾਰਾਜ ਜੀ ਨੂੰ ਕਿ ਤਿਆਰ ਰਹਿਓ, ਮੈਂ ਹੁਣੇ ਜੰਗ ਜਿੱਤ ਕੇ ਆਇਆ ਤੇ ਮੈਂ ਸਮੇਤ ਵਿਆਜ ਦੱਛਣਾ ਤੁਹਾਡੇ ਤੋਂ ਵਸੂਲ ਕਰਕੇ ਦਿਖਾਵਾਂਗਾ ਕਿ ਕਿਵੇਂ ਕਰੀਦੀ ਹੈ।

ਮਹਾਰਾਜ ਕਹਿੰਦੇ ਪਿਆਰਿਆ! ਅਭਿਮਾਨ ਨਹੀਂ

ਕਰੀਦਾ, ਕਿਉਂਕਿ ਅਭਿਮਾਨ ਕਰਨ ਵਾਲੇ ਦੀ ਹਮੇਸ਼ਾ ਹੀ ਸਿਕੱਸ਼ਤ ਹੋਇਆ ਕਰਦੀ ਹੈ। ਜਿਸ ਦੇ ਅੰਦਰ ਅਹੰਕਾਰ ਹੈ ਮਹਾਰਾਜ ਕਹਿੰਦੇ -

*ਧਾਰਨਾ - ਤੇਰਾ ਮਾਣ ਨਾ ਹਰੀ ਨੂੰ ਭਾਵੇ,*
*ਅਹੰਕਾਰਿਆ ਸੋ ਮਾਰਿਆ ਗਿਆ।*

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥*
*ਅੰਗ- ੧੦੮੯*

*ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥ ਅੰਗ- ੩੧੭*

*ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥*
*ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ ॥*
*ਅੰਗ- ੯੫੬*

ਮਹਾਰਾਜ ਨੂੰ ਦਿਖਾਇਆ ਜਾ ਕੇ ਕਿ ਸੱਚੇ ਪਾਤਸ਼ਾਹ! ਬੜਾ ਬੁਰਾ ਮੰਨਿਆ ਉਸ ਨੇ ਆਪ ਦੇ ਬਚਨਾਂ ਨੂੰ। ਕਹਿਣ ਲੱਗਿਆ ਕਿ ਮੈਨੂੰ ਕਾਹਲੀ ਹੈ, ਨਹੀਂ ਤਾਂ ਮੈਂ ਹੁਣੇ ਵਸੂਲ ਕਰਦਾ, ਮੈਂ ਹੁਣ ਆ ਕੇ ਦੱਸਾਂਗਾ ਕਿ ਮੈਂ ਕੌਣ ਹਾਂ। ਮਹਾਰਾਜ ਕਹਿੰਦੇ ਉਹਦਾ ਤਾਂ ਕਾਗਜ਼ ਉਥੇ ਪਾਟ ਜਾਣਾ ਹੈ ਦੱਸੇਗਾ ਕੀਹਨੂੰ ਆ ਕੇ। ਉਹ ਤਾਂ ਧੁਰ ਦਰਗਾਹ ਤੋਂ ਚਿੱਠੀ ਪਾੜ ਦਿਤੀ ਇਹਦੀ। ਇਹ ਜਾ ਹੀ ਉਥੇ ਮਰਨ ਵਾਸਤੇ ਰਿਹਾ ਹੈ। ਐਡਾ ਅਹੰਕਾਰ ਮਨ ਵਿਚ ਕਿਉਂਕਿ ਕਾਲ ਨੂੰ ਭੁੱਲਿਆ ਹੋਇਆ ਹੈ। ਜੋ ਬੰਦਾ ਕਾਲ ਨੂੰ ਭੁੱਲ ਜਾਂਦਾ ਹੈ ਉਹਦੇ ਅੰਦਰ ਅਭਿਮਾਨ ਹੁੰਦਾ ਹੈ। ਜਿਹਦੇ ਕਾਲ ਯਾਦ ਰਹਿੰਦਾ ਹੈ, ਉਹ ਨਹੀਂ ਮਾਣ ਕਰਿਆ ਕਰਦਾ। ਯੂਸਵ ਦੇਈ ਦੇ ਪਠਾਣਾਂ ਦੇ ਨਾਲ ਲੜਦਾ ਹੋਇਆ, ਸਮੇਤ ਜਰਨੈਲ ਦੇ ਆਪਣੇ ਦੇ ਉਥੇ ਮਾਰਿਆ ਜਾਂਦਾ ਹੈ।

ਸੋ ਏਸ ਤਰ੍ਹਾਂ ਦੇ ਨਾਲ ਇਹ ਜੀਵਨ ਦੇ ਨਾਲ ਸੰਘਰਸ਼ ਹੁੰਦਾ ਹੈ ਨੇਕੀ ਦਾ ਤੇ ਬਦੀ ਦਾ। ਬਦੀ ਚਾਹੁੰਦੀ ਹੈ ਕਿ ਮੇਰੇ ਤਰੀਕੇ ਨਾਲ ਚੱਲੇ, ਜੋ ਕੁਛ ਮੈਂ ਕਹਾਂ ਉਵੇਂ ਜਿਵੇਂ ਕਰੇ। ਜਿਥੇ ਪ੍ਰਕਾਸ਼ ਹੁੰਦਾ ਹੈ, ਉਹ ਕਹਿੰਦੇ ਇਹ ਤਾਂ ਖੂਹ ਵਿਚ ਗਿਰਦੇ ਨੇ, ਅਸੀਂ ਖੂਹ ਵਿਚ ਕਿਉਂ ਗਿਰੀਏ। ਇਥੋਂ ਰੌਲਾ ਪੈ ਜਾਂਦਾ ਹੈ।

ਰਿਸ਼ਤੇ ਦੀ ਬਾਤ ਦੂਸਰੀ ਇਸ ਕੜੀ ਦੀ ਘਟਨਾ ਹੈ। ਚੰਦੂ ਲਾਗੀ ਭੇਜਦਾ ਹੈ, ਉਨ੍ਹਾਂ ਦਿਨਾਂ 'ਚ ਲਾਗੀ ਭੇਜੇ ਜਾਂਦੇ ਸੀ ਕਿ ਮੈਨੂੰ ਤੁਸੀਂ ਜਾਣਦੇ ਹੋਂ ਕਿ ਮੇਰੇ ਵਰਗਾ ਹੀ, ਸਾਡੇ ਖਾਨਦਾਨ ਵਰਗਾ ਹੀ ਹੋਵੇ, ਉਥੇ ਜਾ ਕੇ ਰਿਸ਼ਤਾ ਕਰ ਆਇਓ। ਇਕ ਰੁਪਈਆ ਦੇ ਦਿੰਦੇ ਸੀ, ਉਸ ਰੁਪਈਏ ਦਾ ਮਤਲਬ ਸੀ ਰਿਸ਼ਤਾ ਹੋ ਗਿਆ, ਹੁਣ ਨਹੀਂ ਇਹ ਟੁੱਟ ਸਕਦਾ ਜਾਂ ਸੇਧ ਕਰ ਆਵੇ, ਬਚਨ ਤੋਂ ਨਹੀਂ ਫਿਰਿਆ ਕਰਦੇ, ਬਚਨ ਕਮਾਇਆ ਕਰਦੇ ਸੀ। ਜੇ ਕਿਸੇ ਲੜਕੀ ਦਾ ਰਿਸ਼ਤਾ ਨਾ ਹੋਵੇ, ਕੀਤਾ ਹੋਇਆ ਟੁੱਟ ਜਾਵੇ ਉਹ ਲੜਕੀ ਸਾਰੀ ਜ਼ਿੰਦਗੀ ਵਿਆਹ ਨਹੀਂ ਸੀ ਕਰਾਇਆ ਕਰਦੀ ਕਿ ਮੇਰਾ ਤਾਂ ਰਿਸ਼ਤਾ ਹੋ ਗਿਆ ਸੀ, ਟੁੱਟ ਗਿਆ।

ਸੋ ਏਸ ਤਰ੍ਹਾਂ ਦੇ ਨਾਲ ਲਾਗੀ ਵਗੈਰਾ ਆਉਂਦੇ ਨੇ, ਉਨ੍ਹਾਂ ਨੇ ਜਾ ਕੇ ਚੰਦੂ ਨੂੰ ਦੱਸਿਆ ਕਿ ਸ਼ਾਹ ਜੀ! ਬਹੁਤ ਵੱਡਾ ਘਰ ਅਸੀਂ ਦੇਖਿਆ ਹੈ, ਐਨੇ ਹੋਣਹਾਰ ਸ਼ਹਿਜ਼ਾਦੇ ਹਨ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪੁੱਤਰ, ਬਹੁਤ ਸੋਹਣੀ ਕੁਲ ਦੇ ਖੱਤਰੀ ਨੇ ਉਹ। ਸੋਢੀ ਨੇ ਤੇ ਬੜਾ ਚੰਗਾ ਤੁਹਾਡਾ ਮੇਲ ਹੋਏਗਾ। ਸੁਣਦੇ ਸਾਰ ਸਿਰ ਹਿਲਾਉਣ ਲਗ ਗਿਆ। ਕਹਿੰਦਾ, ਤੁਸੀਂ ਬੜਾ ਮਾੜਾ ਕੰਮ ਕਰਿਆ। ਉਹ ਫਕੀਰ ਨੇ ਮੈਂ ਬਾਦਸ਼ਾਹ ਦਾ ਵੱਡਾ ਅਹਿਲਕਾਰ ਹਾਂ ਤੇ ਫੇਰ ਮੇਰੀ ਕੁਲ ਵੀ ਬੜੀ ਵੱਡੀ ਹੈ, ਤੁਸੀਂ ਤਾਂ ਬੜੀ ਛੋਟੀ ਥਾਂ ਤੇ ਰਿਸ਼ਤਾ ਦੇ ਆਏ। ਇਹ ਨਹੀਂ ਸੀ ਚਾਹੀਦਾ। ਪਰ ਮੈਂ ਹੁਣ ਤੁਹਾਡਾ ਕੀਤਾ ਹੋਇਆ ਤਾਂ ਬਦਲ ਨਹੀਂ ਸਕਦਾ, ਜਿਥੇ ਕਰ ਦਿਤਾ ਉਥੋਂ ਬਦਲਿਆ ਨਹੀਂ ਜਾ ਸਕਦਾ। ਸ਼ਗਨ ਭੇਜਣ ਦੀ ਤਿਆਰੀ ਕਰ ਲਈ। ਓਧਰ ਇਹਦੇ ਬਚਨ ਜਾ ਕੇ ਸੰਗਤ ਨੂੰ ਪਤਾ ਲੱਗਿਆ, ਬੜਾ ਭਾਰਾ ਇਕੱਠ ਹੋਇਆ ਦਿੱਲੀ ਦੇ ਅੰਦਰ ਕਿ ਇਸ ਤਰ੍ਹਾਂ ਰਿਸ਼ਤਾ ਹੋ ਰਿਹਾ ਹੈ, ਇਹ ਹੰਕਾਰੀ ਹੈ ਤੇ ਕੰਨਿਆ ਦੇ ਅੰਦਰ ਵੀ ਇਹਦਾ ਅੰਸ ਹੋਣਾ ਅਹੰਕਾਰ ਦਾ, ਮਾਤਾ ਹੋਣਾ ਹੈ ਉਨ੍ਹਾਂ ਨੇ ਸਾਡੀ, ਜਗਤ ਮਾਤਾ ਹੋਣਾ ਹੈ, ਕਿਸ ਤਰ੍ਹਾਂ ਦੇ ਨਾਲ ਬਾਤ ਹੋਏਗੀ, ਗੁਰੂ ਸਾਹਿਬ ਨੂੰ ਭਾਵੇਂ ਅੰਤਰਜਾਮੀ ਨੇ ਬਾਤ ਖਬਰ ਕਰ ਦਿਤੀ ਜਾਵੇ। ਉਸ ਵੇਲੇ ਇਕ ਚਿੱਠੀ ਲਿਖੀ ਜਾਂਦੀ ਹੈ, ਚਿੱਠੀ ਦਾ ਸਾਰ ਅੰਸ਼ ਹੈ, ਇਸ ਤਰ੍ਹਾਂ ਨਾਲ ਪੜ੍ਹ ਲਓ -

*ਧਾਰਨਾ - ਹੰਕਾਰੀ ਆਪ ਨੂੰ ਚੁਬਾਰਾ ਆਖੇ,*
*ਮੋਰੀ ਆਖੇ ਗੁਰੂ ਘਰ ਨੂੰ।*

*ਆਪ ਹੰਕਾਰੀ ਬਨਯੋ ਚੁਬਾਰਾ*
*ਤੁਮਹਿ ਕਹਯੋ ਮੋਰੀ ਸੰਕਾਸ॥*
*ਬਿਨ ਸ਼ਰਧਾ ਤੇ ਮੂਰਖ ਬੋਲੋ*
*ਇਤਆਦਿਕ ਨਿੰਦਾ ਕਰਿ ਰਾਸ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-੨੨੪੧*

ਪਾਤਸ਼ਾਹ ਗੁਰੂ ਦੀ ਗੱਦੀ ਨੂੰ ਨਿੰਦਿਆ ਹੈ ਏਸ ਪਾਪੀ ਨੇ। ਕਹਿੰਦਾ ਹੈ ਕਿ ਮੇਰੀ ਜੋ ਕੰਨਿਆ ਸੀ

ਉਹ ਤਾਂ ਚੌਬਾਰੇ ਦੀ ਇੱਟ ਸੀ, ਤੁਸੀਂ ਤਾਂ ਮੋਰੀ 'ਚ ਲਾ ਦਿਤੀ। ਬੜਾ ਮਾੜਾ ਕੰਮ ਕਰਿਆ, ਚਿੱਠੀ ਆ ਜਾਂਦੀ ਹੈ। ਓਸ ਵੇਲੇ ਲਾਗੀਆਂ ਨੂੰ ਮਹਾਰਾਜ ਨੇ ਜਵਾਬ ਦਿਤਾ ਕਿ ਅਸੀਂ ਰਿਸ਼ਤਾ ਨਹੀਂ ਲੈਣਾ ਕਿਉਂਕਿ ਸੰਗਤ ਦੇ ਬਚਨ ਅਸੀਂ ਟਾਲ ਨਹੀਂ ਸਕਦੇ। ਜੋ ਕੁਛ ਉਨ੍ਹਾਂ ਨੇ ਬੇਨਤੀ ਕਰ ਦਿਤੀ ਸਿੱਖਾਂ ਦੀ ਬੇਨਤੀ ਸਾਡੇ ਤੋਂ ਨਹੀਂ ਟਾਲੀ ਜਾਣੀ। ਸਾਡੇ ਬਚਨ ਨੂੰ ਗੁਰਸਿੱਖ ਇਕੱਠੇ ਹੋ ਕੇ ਟਾਲ ਸਕਦੇ ਨੇ, ਪਰ ਗੁਰਸਿੱਖਾਂ ਦਾ ਜੋ ਬਚਨ ਹੈ ਓਸ ਨੂੰ ਟਾਲ੍ਹਣ ਤੋਂ ਮੈਂ ਅਸਮਰੱਥ ਹਾਂ।

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥* *ਅੰਗ - ੧੨੫੩*

ਦੂਸਰੀ ਘਟਨਾ ਇਸ ਕੜੀ ਦੀ ਬਣ ਗਈ, ਨਾਲ ਪ੍ਰਿਥੀ ਚੰਦ ਰਲ ਗਿਆ, ਦੋਹਾਂ ਦੀ ਚੌਕੜੀ ਬਣ ਗਈ, ਹਾਂ ਇਸ ਤਰ੍ਹਾਂ ਹੀ ਇਹ ਕਰਦੇ ਨੇ, ਬੜਾ ਅਭਿਮਾਨ ਹੈ ਇਨ੍ਹਾਂ ਨੂੰ। ਜਹਾਂਗੀਰ ਪੰਜਾਬ ਆਇਆ ਮਾਇਆ ਟੋਲ੍ਹਦਾ ਹੈ, ਤਾਂ ਖਜ਼ਾਨੇ ਦਾ ਜੋ ਮਾਲਕ ਸੀ ਉਸ ਨੇ ਕਿਹਾ ਕਿ ਮਹਾਰਾਜ! ਖਜ਼ਾਨੇ ਦੀ ਚੋਰੀ ਹੋਈ ਸੀ, ਓਸ ਚੋਰੀ ਦੇ ਵਿਚ ਆਪ ਦੀ ਮਾਲਾ ਵਿਚ ਚਲੀ ਗਈ। ਕਹਿਣ ਲੱਗੇ, ਕੌਣ ਹੈ ਐਸਾ ਬੰਦਾ ਜੋ ਮੇਰੇ ਰਾਜ ਵਿਚ ਰਹਿ ਕੇ ਇਹੋ ਜਿਹੇ ਕੰਮ ਕਰ ਸਕਦਾ ਹੈ? ਕਹਿਣ ਲੱਗੇ ਕਿ ਮਹਾਰਾਜ! ਹੋਰ ਕੌਣ ਹੋ ਸਕਦਾ ਹੈ, ਸਿਰਫ ਐਥੇ ਇਕ ਸ੍ਰੀ ਗੁਰੂ ਅਰਜਨ ਦੇਵ ਹੈ ਜਿਹਦੇ ਵਿਚ ਐਨੀ ਤਾਕਤ ਹੈ ਕਿ ਬਾਦਸ਼ਾਹ ਨਾਲ ਤਾਕਤ ਲੈ ਸਕਦਾ ਹੈ। ਉਹਦੇ ਕੋਲ ਬੜੇ ਚੋਰ ਤੇ ਧਾੜਵੀ, ਨਾਮੀ ਚੋਰ ਰਹਿੰਦੇ ਨੇ, ਮਾਲ ਲੁੱਟਦੇ ਨੇ, ਉਹਦੇ ਖਜ਼ਾਨੇ ਵਿਚ ਜਮ੍ਹਾਂ ਕਰ ਦਿੰਦੇ ਨੇ। ਬੇਅੰਤ ਧਨ ਹੈ ਉਥੇ ਕੋਈ ਹਿਸਾਬ ਕਿਤਾਬ ਨਹੀਂ। ਤੁਸੀਂ ਹੁਣੇ ਹੀ ਲਓ, ਫੌਜ ਦਿਓ ਹੁਣੇ ਜਾ ਕੇ ਲੈ ਆਂਦੇ ਹਾਂ, ਘਰ ਬਾਰ ਜ਼ਬਤ ਕਰ ਲੈਂਦੇ ਹਾਂ, ਵਿਚੋਂ ਹੀ ਨਿਕਲ ਆਏਗੀ ਤੁਹਾਡੀ ਮਾਲਾ। ਲੇਕਿਨ ਜਹਾਂਗੀਰ ਚੁੱਪ ਕਰ ਰਿਹਾ ਕਿ ਐਹੋ ਜਿਹੀ ਗੱਲ ਤਾਂ ਨਹੀਂ ਹੋ ਸਕਦੀ, ਇਹ ਤਾਂ ਵਾਧੂ ਦੀਆਂ ਗੱਲਾਂ ਮੇਰੇ ਨਾਲ ਕਰਦੇ ਨੇ ਪਰ ਐਉਂ ਕਹਿ ਦਿਤਾ ਕਿ ਉਨ੍ਹਾਂ ਕੋਲ ਬੰਦਾ ਭੇਜ ਦਿਓ ਕੋਈ, ਦੱਸ ਵੀਹ ਬੰਦੇ ਇਕੱਠੇ ਹੋ ਜਾ ਆਓ, ਹੋਏਗੀ ਤਾਂ ਉਹ ਜ਼ਰੂਰ ਦੇ ਦੇਣਗੇ, ਪਰ ਮੇਰਾ ਮਨ ਨਹੀਂ ਮੰਨਦਾ ਕਿ ਉਹ ਐਸੀ ਗੱਲ ਕਰ ਦੇਣਗੇ। ਇਸ਼ਾਰਾ ਹੋ ਗਿਆ, ਉਸ ਵੇਲੇ ਸੁਲਭੀ ਖਾਂ ਨੂੰ ਭੇਜ ਦਿਤਾ ਦੋ ਸੌ ਸਵਾਰ ਦੇ ਕੇ। ਮਹਾਰਾਜ ਜੀ ਨੂੰ ਦੱਸਿਆ। ਕਹਿੰਦੇ, ਕੋਈ ਨਾ ਪਿਆਰਿਓ! ਇਥੇ ਤੱਕ ਨਹੀਂ ਉਹ ਪਹੁੰਚ ਸਕਦਾ। ਬਿਆਸਾ ਦੇ ਕੰਢੇ ਆ ਕੇ ਇਕ ਸੱਯਦ ਨੇ ਤਨਖਾਹ ਲੈਣੀ ਸੀ, ਉਸ ਨੇ ਓਸ ਨੂੰ ਮਾਰ ਦਿਤਾ। ਹਸਨ ਅਲੀ ਸੀ ਸੱਯਦ ਦਾ ਨਾਮ। ਉਹਨੇ ਕਿਹਾ ਕਿ ਤੂੰ ਮੇਰੀ ਤਨਖਾਹ ਨਹੀਂ ਦਿਤੀ। ਝਗੜਾ ਹੋ ਗਿਆ, ਤਲਵਾਰ ਸੀ ਉਹਦੇ ਕੋਲ, ਉਹਨੇ ਉਥੇ ਹੀ ਮਾਰ ਦਿਤਾ। ਉਸ ਤੋਂ ਸੁਲਹੀ ਖਾਨ ਪ੍ਰਿਥੀਏ ਦਾ ਮਿੱਤਰ ਸੀ। ਓਸ ਨੂੰ ਕਿਹਾ ਗਿਆ ਕਿ ਹੁਕਮ ਤਾਂ ਹੋਇਆ-ਹੋਇਆ ਹੈ, ਤੂੰ ਲੈ ਕੇ ਆ। ਘਰ-ਬਾਰ ਲੁੱਟ ਲੈ ਇਹਦਾ, ਨਾਲ ਚੰਦੂ ਰਲਿਆ ਹੋਇਆ ਸੀ। ਹੋ ਸਕੇ ਤਾਂ ਇਹਨੂੰ ਮਾਰ ਹੀ ਦਿਓ।

ਗੁਰੂ ਮਹਾਰਾਜ ਨੂੰ ਦੱਸਿਆ ਕਿ ਮਹਾਰਾਜ! ਹੁਣ ਤਾਂ ਸੁਲਹੀ ਖਾਨ ਆ ਰਿਹਾ ਹੈ। ਦੱਸੋ ਕੀ ਕਰੀਏ, ਕੋਈ ਬੰਦੇ ਭੇਜੀਏ, ਚਿੱਠੀ ਲਿਖੀਏ ਜਾਂ ਹੋਰ ਉਪਾਅ ਕਰੀਏ ਜਾਂ ਪੈਸਾ ਟਕਾ ਦੇਈਏ?

ਮਹਾਰਾਜ ਜੀ ਨੇ ਕਿਹਾ ਕਿ ਭਾਈ! ਲੋੜ ਹੀ ਨਹੀਂ ਹੈ ਪ੍ਰਮੇਸ਼ਰ ਦੀ ਸ਼ਰਨ ਵਿਚ ਰਹੋ, ਕੁਛ ਨਹੀਂ ਹੋ ਸਕਦਾ। ਜਿਹੜਾ ਗੁਰੂ ਘਰ ਵਲ ਗਹਿਰੀ ਅੱਖ ਕਰਕੇ ਆਏਗਾ, ਉਹ ਕਾਮਯਾਬ ਨਹੀਂ ਹੋਏਗਾ, ਸੁਖੀ ਨਹੀਂ ਹੋਏਗਾ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,*
*ਮੁਗਧ ਨਰ ਸੰਤਾਂ ਨਾਲ ਖਹੰਦੇ।*
*ਸੁਖੁ ਨ ਪਾਇਨਿ ਮੁਗਧ ਨਰ ਸੰਤਾਂ ਨਾਲਿ ਖਹੰਦੇ ॥*
*ਅੰਗ- ੩੦੬*

ਫੌਜ ਲੈ ਕੇ ਆ ਰਿਹਾ ਹੈ ਤੇ ਜਾਂਦਾ-ਜਾਂਦਾ ਪ੍ਰਿਥੀ ਚੰਦ ਦੇ ਪਿੰਡ, ਨਵਾਂ ਅਬਾਦ ਕੀਤਾ, ਜਿਸ ਦਾ ਨਾਮ ਕੋਠਾ ਸੀ, ਉਥੇ ਪਹੁੰਚ ਜਾਂਦੇ ਹਨ। ਉਹਨੇ ਬਹੁਤ ਸਾਰੇ ਆਵੇ ਲਾਏ ਹੋਏ ਸੀ, ਦਿਖਾਉਣ ਵਾਸਤੇ ਚਲਿਆ ਜਾਂਦਾ ਹੈ, ਇਕ ਪੰਛੀ ਉਡਿਆ ਤੇ ਘੋੜਾ ਤ੍ਰਬਕ ਗਿਆ, ਤ੍ਰਬਕ ਕੇ ਸਿੱਧਾ ਹੀ ਆਵੇ ਦੇ ਵਿਚ ਚਲਿਆ ਗਿਆ, ਆਵੇ ਨੂੰ ਅੱਗ ਦਿਤੀ ਹੋਈ ਸੀ, ਅੱਗ ਲੱਗ ਗਈ ਤੇ ਉਹ ਗਿਰ ਗਿਆ। ਨਾ ਕੋਈ ਚੁੱਕਣ ਨੂੰ ਵਿਚ ਵੜ ਸਕਦਾ ਸੀ, ਅੱਗ ਨਾਲ ਝੁਲਸ ਕੇ ਮਰ ਗਿਆ। ਮਹਾਰਾਜ ਕਹਿੰਦੇ -

*ਸੁਲਹੀ ਤੇ ਨਾਰਾਇਣ ਰਾਖੁ ॥*
*ਸੁਲਹੀ ਕਾ ਹਾਥੁ ਕਹੀ ਨ ਪਹੁਚੈ*
*ਸੁਲਹੀ ਹੋਇ ਮੂਆ ਨਾਪਾਕੁ ॥* *ਅੰਗ- ੮੨੫*

ਸੋ ਐਸੀਆਂ ਘਟਨਾਵਾਂ ਹੋਈ ਜਾਂਦੀਆਂ ਸੀ।

ਅਕਬਰ ਬਾਦਸ਼ਾਹ ਦਾ ਜੋ ਰਾਜ ਹੈ ਭਾਰਤ ਵਰਸ਼ ਦੇ ਅੰਦਰ, ਉਹ ਸੁਨਿਹਰੀ ਯੁੱਗ ਕਹਾਉਂਦਾ ਹੈ। ਬਹੁਤ ਚੰਗਾ ਬਾਦਸ਼ਾਹ ਹੋਇਆ ਹੈ ਬਾਵਜੂਦ ਇਸਲਾਮ ਦੇ ਵਿਚ ਹੁੰਦਾ ਹੋਇਆ। ਵੇਦਾਂ ਦੀ ਕਥਾ ਉਸ ਦੇ ਦਰਬਾਰ ਵਿਚ ਹੁੰਦੀ, ਪੁਰਾਣਾਂ ਦੀ ਉਸ ਦੇ, ਸਾਰੇ ਧਰਮਾਂ ਨੂੰ ਉਹ ਸਮਾਂ ਦਿੰਦਾ ਸੀ, ਗੁਰਸਿੱਖੀ ਦਾ ਉਸ ਦੇ ਉਤੇ ਬਹੁਤ ਵੱਡਾ ਅਸਰ ਸੀ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਦਰਸ਼ਨ ਕਰਨ ਜਦੋਂ ਆਇਆ ਤਾਂ ਲੰਗਰ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ, ਨਾਲ ਬਹੁਤ ਸ਼ਰਧਾ ਦਿਖਾਈ ਤੇ ਨਾਲ 12 ਪਿੰਡਾਂ ਦਾ ਪਟਾ ਲਿਖ ਕੇ ਦੇ ਦਿਤਾ, ਲੰਗਰ ਵਾਸਤੇ। ਮਹਾਰਾਜ ਨੇ ਲਿਆ ਨਾ। ਬੀਬੀ ਭਾਨੀ ਦੇ ਨਾਉਂ ਕਰ ਦਿਤਾ ਗਿਆ। ਬਾਬੇ ਫਰੀਦ ਦਾ ਜੋ ਖਾਨਦਾਨ ਸੀ ਚਿਸ਼ਤੀ, ਮਯਉਦੀਨ ਤੋਂ ਸ਼ੁਰੂ ਹੋ ਕੇ ਉਹਦੇ ਨਾਲ ਸਬੰਧ ਰੱਖਦਾ ਸੀ। ਇਸੇ ਕਰਕੇ ਬਾਬੇ ਫਰੀਦ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਉਥੇ ਜਾਇਆ ਕਰਦਾ ਹੈ, ਜਦੋਂ ਪੁੱਤਰ ਕਾਫੀ ਸਮਾਂ ਨਾ ਹੋਇਆ ਤਾਂ ਇਹਨੇ ਮੰਨਤ ਮੰਨੀ ਕਿ ਮੇਰੇ ਪੁੱਤਰ ਦਿਓ ਤਾਂ ਪੁੱਤਰ ਲਈ ਵੀ ਉਥੇ ਕਿੰਨੀ ਸ਼ਰਧਾ ਨਾਲ ਜਾਂਦਾ ਹੈ।

ਜਹਾਂਗੀਰ ਦਾ ਜਨਮ ਹੋਇਆ, ਉਸ ਵੇਲੇ ਜਿਹੜਾ ਉਥੇ ਪੀਰ ਸੀ ਉਸ ਦਾ ਨਾਉਂ ਸਲੇਮ ਸੀ, ਫਤਹਿਪੁਰ ਸੀਕਰੀ ਤੋਂ ਪੈਦਲ ਚੱਲਿਆ ਅਜਮੇਰ ਨੂੰ। ਰੋਜ਼ 17 ਮੀਲ ਸਫਰ ਕੱਢਿਆ ਕਰਦਾ ਸੀ। ਸਲੀਮ ਜਿਹੜਾ ਪੁੱਤਰ ਦਿਤਾ, ਉਹ ਵੀ ਨਾਲ ਲਿਆ ਹੋਇਆ ਸੀ ਪਾਲਕੀ ਦੇ ਅੰਦਰ। 17 ਮੀਲ ਤੇ ਕੈਂਪ ਕਰਦੇ ਨੇ, ਕਿੰਨੇ ਦਿਨਾਂ ਦੇ ਅੰਦਰ ਉਥੇ ਪਹੁੰਚਦਾ ਹੈ, ਛਾਲੇ ਪੈ ਗਏ, ਨੰਗੇ ਪੈਰੀਂ ਗਿਆ ਉਥੇ। ਉਥੇ ਜਾ ਕੇ ਪੁੱਤਰ ਨੂੰ ਭੇਟਾ ਕੀਤਾ ਤੇ ਪੀਰ ਜੀ ਨੇ ਪੁੱਤਰ ਦੇ ਮਸਤਕ ਤੇ ਹੱਥ ਰੱਖ ਕੇ ਵਾਪਸ ਮੋੜ ਦਿਤਾ। ਸਲੀਮ ਉਸ ਦਾ ਨਾਉਂ ਰੱਖਿਆ ਕਿਉਂਕਿ ਉਹਦਾ ਨਾਮ ਵੀ ਸਲੀਮ ਸੀ। ਅਕਬਰ ਜਿਹੜਾ ਬਾਦਸ਼ਾਹ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਿਕਾਇਤ ਹੋਈ ਜਦੋਂ ਕਿ ਇਹਦੇ ਵਿਚ ਦੂਸਰੇ ਧਰਮਾਂ ਦੀ ਨਿੰਦਿਆ ਕੀਤੀ ਗਈ ਹੈ ਤਾਂ ਉਨ੍ਹਾਂ ਨੇ ਬੁਲਾ ਕੇ, ਗੁਰੂ ਚੌਥੇ ਪਾਤਸ਼ਾਹ ਵੇਲੇ, ਪੰਜਵੇਂ ਪਾਤਸ਼ਾਹ ਵੇਲੇ ਬੁਲਾਇਆ, ਮਹਾਰਾਜ ਜੀ ਨੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੂੰ ਭੇਜ ਦਿਤਾ। ਜਿਸ ਪੰਨੇ ਦੇ ਉਤੇ ਉਹ ਹੱਥ ਰੱਖੇ, ਉਹ ਸ਼ਬਦ ਪੜ੍ਹਨ, ਸਾਰੇ ਐਸੀ ਹੀ ਬਾਣੀ ਆਵੇ, ਪੰਜ ਨਿਵਾਜਾ ਵਖਤ ਪੰਜਾ ਪੰਜੇ ਪੰਜ ਨਾਉਂ।' ਜਿਥੇ ਕਹੋ ਇਹੋ ਜਿਹੇ ਬਚਨ ਆਉਣ। ਉਹ ਕਹਿਣ ਲੱਗਿਆ ਇਹ ਤਾਂ ਸੁਲਹਕੁਨ ਹੈ। ਕੌਣ ਕਹਿੰਦਾ ਹੈ? ਸੋ ਬੜੀ ਭੇਟਾ ਓਸ ਨੇ ਚਾੜ੍ਹੀ।

ਸ੍ਰੀ ਗੁਰੂ ਅਰਜਨ ਪਾਤਸ਼ਾਹ ਦੇ ਦਰਸ਼ਨ ਕਰਨ ਗਿਆ, ਕਾਲ ਪਿਆ ਹੋਇਆ ਸੀ। ਮਹਾਰਾਜ ਜੀ ਕੋਈ ਸੇਵਾ ਬਖਸ਼ੋ ਆਪ। ਮਹਾਰਾਜ ਕਹਿਣ ਲੱਗੇ ਕਿ ਪੰਜਾਬ ਦੇ ਲੋਕ ਕਾਲ ਪੈਣ ਦੇ ਨਾਲ ਗਰੀਬ ਹੋ ਗਏ ਨੇ, ਮਾਮਲੇ ਦੇ ਵਿਚ ਛੋਟ ਦੇ ਦਿਓ। ਸੋ ਆਪ ਨੇ ਮਾਮਲੇ ਵਿਚ ਬੜੀ ਭਾਰੀ ਛੋਟ ਦਿਵਾ ਦਿਤੀ। ਸਾਰੇ ਪੰਜਾਬ ਦੇ ਵਿਚ ਗੁਰੂ ਮਹਾਰਾਜ ਦੀ ਮਹਿਮਾ ਤੇ ਬੜੀ ਨੇਕੀ ਦਾ ਕੰਮ ਹੋਇਆ। ਸੋ ਏਸ ਤਰ੍ਹਾਂ ਦਾ ਉਹ ਬਾਦਸ਼ਾਹ ਸੀ, ਸਭ ਧਰਮਾਂ ਦਾ ਸਤਿਕਾਰ ਕਰਦਾ ਸੀ। ਉਹਦੇ ਵਾਸਤੇ ਮੰਦਰ ਵੀ ਓਹੀ ਸੀ, ਮਸਜਿਦ ਵੀ ਓਹੀ ਸੀ। ਜਦੋਂ ਚੜ੍ਹਾਈ ਕੀਤੀ ਉਹਨੇ ਲਿਖਿਆ ਕਿ ਸਿਰ ਕਾਹਬੇ ਵਲ ਨਾ ਕਰਿਆ ਜਾਵੇ, ਮੇਰੇ ਜਿਹੜੇ ਪੈਰ ਨੇ ਉਹ ਕਾਹਬੇ ਵਲ ਹੋਣ ਮੇਰਾ ਸਿਰ ਜਿਹੜਾ ਹੈ, ਉਹ ਜਿਧਰੋਂ ਸੂਰਜ ਚੜ੍ਹਦਾ ਹੈ, ਓਧਰ ਨੂੰ ਹੋਵੇ। ਹੁਣ ਵੀ ਜਾ ਕੇ ਦੇਖ ਲਓ ਉਹ ਸਿਰ ਹੁਣ ਵੀ ਸੂਰਜ ਵਲ ਹੈ। ਅਜੀਬ ਤਰ੍ਹਾਂ ਦਾ ਬਾਦਸ਼ਾਹ ਸੀ, ਏਸੇ ਕਰਕੇ ਉਹਨੂੰ ਸਾਰੇ ਪਿਆਰ ਕਰਦੇ ਸੀ। ਲੇਕਿਨ ਉਹਦੇ ਰਾਜ ਵਿਚ ਇਕ ਸਰਹੰਦ ਵਿਚ ਪੀਰ ਸੀਗਾ, ਅਹਿਮਦ ਉਹਦਾ ਨਾਉਂ ਸੀ। ਉਹ ਬੜਾ ਹੀ ਕੱਟੜ ਬੰਦਾ ਸੀ, ਉਹ ਚਾਹੁੰਦਾ ਸੀ ਕਿ ਸਾਰੇ ਹੀ ਇਸਲਾਮ ਹੀ ਇਸਲਾਮ ਹੋ ਜਾਏ। ਲੇਕਿਨ ਪੰਜਾਬ ਵਿਚ ਹੋਇਆਂ ਉਹਦੇ ਮਨ ਵਿਚ ਇਹ ਗੱਲ ਰੜਕਦੀ ਸੀ ਕਿ ਜਿੰਨੀ ਦੇਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਹੈ, ਇਹ ਕੰਮ ਹੋ ਨਹੀਂ ਸਕਣਾ। ਜੱਟ ਤਾਂ ਅੱਧੇ ਆਪੇ ਹੀ ਸਰਵਰੀਏ ਬਣੇ ਹੋਏ ਨੇ, ਭਰਾਈ ਦਾ ਜੂਠਾ ਖਾਂਦੇ ਨੇ, ਨਿਗਾਹੀਏ ਕਹਾਉਂਦੇ ਨੇ, ਸਰਵਰੀਏ ਕਹਾਉਂਦੇ ਨੇ, ਜੇ ਵੱਡੀ ਰੁਕਾਵਟ ਹੈ ਉਹ ਗੁਰੂ ਅਰਜਨ ਦੇਵ (ਜੀ) ਦੀ ਰੁਕਾਵਟ ਹੈ। ਜੇ ਇਹ ਦੂਰ ਹੋ ਜਾਵੇ ਵਿਚੋਂ ਤਾਂ ਫੇਰ ਪੰਜਾਬ ਤਾਂ ਮੁਸਲਮਾਨ ਬਣਿਆ ਹੀ ਬਣਾਇਆ ਹੈ। ਕੱਟੜ ਸੀ। ਜਹਾਂਗੀਰ ਜਦੋਂ ਗੱਦੀ ਤੇ ਬੈਠਿਆ ਇਸ ਨੇ ਇਸ ਸ਼ਰਤ ਦੇ ਉਤੇ ਇਹਦੀ ਮਦਦ ਕਰੀ ਕਿ ਜੇ ਤੂੰ ਇਸਲਾਮ ਨੂੰ ਫੈਲਾਵੇਂ, ਆਪਣੇ ਬਾਪ ਦੀ ਨੀਤੀ ਤੋਂ ਬਿਲਕੁਲ ਉਲਟਾ ਕੰਮ ਕਰੇਂ ਤਾਂ ਸਾਰੇ ਮੋਮਨ ਤੇਰੇ ਨਾਲ ਰਲ ਜਾਣਗੇ। ਹੁਣ ਕਿੰਨਾ ਬੁਰਾ ਹਾਲ ਹੋ ਰਿਹਾ ਹੈ। ਜਿਹੜੇ ਮੁਸਲਮਾਨ ਬਣਾਏ ਸੀ, ਉਨ੍ਹਾਂ ਨੇ ਫਟਾਫਟ ਜਨੇਊ ਪਾਉਣਾ ਸ਼ੁਰੂ ਕਰ ਦਿਤਾ। ਉਹ ਫੇਰ ਆਪਣੀ

ਕੌਮ ਵਿਚ ਜਾ ਰਲੇ। ਇਨ੍ਹਾਂ ਵਿਚ ਜਿਹੜੇ ਵੱਡੇ-ਵੱਡੇ ਰੁਕਾਵਟ ਪਾਉਣ ਵਾਲੇ ਨੇ ਉਨ੍ਹਾਂ ਨੂੰ ਖਤਮ ਕਰਨਾ ਚਾਹੀਦਾ ਹੈ।

ਸ੍ਰੀ ਗੁਰੂ ਅਰਜਨ ਪਾਤਸ਼ਾਹ ਦੇ ਖਿਲਾਫ ਉਸ ਦੇ ਕੰਨ ਭਰੇ। ਜਹਾਂਗੀਰ ਦੇ ਮਨ ਵਿਚ ਵੀ ਬਦੀ ਸੀ, ਬਹੁਤ ਦੇਰ ਦਾ ਸੁਣਦਾ ਸੀ ਇਹ ਗੱਲਾਂ, 1605 ਵਿਚ ਅਕਬਰ ਕਾਲ ਵਸ ਹੋ ਗਿਆ। ਥੋੜ੍ਹੇ ਮਹੀਨਿਆਂ ਤੋਂ ਬਾਅਦ ਇਸ ਦੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿਤੀ, ਖੁਸਰੋ ਜਿਹੜਾ ਸੀ ਉਹ ਇਕ ਤਰ੍ਹਾਂ ਨਾਲ ਐਉਂ ਹੀ ਕਹਿ ਦਿੰਦਾ ਸੀ ਕਿ ਮੈਂ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁਰੀਦ ਹਾਂ। ਸ੍ਰੀ ਅੰਮ੍ਰਿਤਸਰ ਵੀ ਆਉਂਦਾ ਸੀ, ਗੁਰੂ ਮਹਾਰਾਜ ਤੋਂ ਅਸ਼ੀਰਵਾਦ ਵੀ ਲੈਂਦਾ ਸੀ ਪਰ ਜਦੋਂ ਬਗਾਵਤ ਕਰੀ ਜਦ ਨਹੀਂ ਗੁਰੂ ਮਹਾਰਾਜ ਨੂੰ ਮਿਲਿਆ। ਇਤਿਹਾਸਾਂ 'ਚ ਕਈ ਗੱਲਾਂ ਆਉਂਦੀਆਂ ਨੇ, ਕਹਿੰਦਾ ਮਿਲ ਆਇਆ ਸੀ, ਕੋਈ ਕਹਿੰਦਾ ਲੰਗਰ 'ਚ ਪ੍ਰਸ਼ਾਦਾ ਛਕ ਆਇਆ ਸੀ, ਕੋਈ ਕਹਿੰਦਾ ਹੈ ਕਿ ਮਹਾਰਾਜ ਨੇ ਉਸ ਨੂੰ ਪੰਜ ਹਜ਼ਾਰ ਰੁਪਿਆ ਵੀ ਦਿਤਾ ਰਾਹ ਦਾ ਖਰਚਾ।

ਸੋ ਮਹਾਰਾਜ ਨੇ ਇਸ ਤੋਂ ਪਹਿਲਾਂ ਜਦੋਂ ਰਾਜ ਬਦਲਿਆ। ਇਕ ਦਿਨ ਗੁਰਸਿੱਖਾਂ 'ਚ ਬੈਠੇ ਸੀ। ਸਾਰਿਆਂ ਨੂੰ ਕਹਿਣ ਲੱਗੇ ਕਿ ਹੁਣ ਸਾਡੀ ਟੱਕਰ ਜਿਹੜੀ ਹੈ ਉਹ ਵੱਡੇ ਹਨ੍ਹੇਰੇ ਨਾਲ ਹੋਣੀ ਹੈ, ਹਨ੍ਹੇਰੇ ਦੇ ਸੈਂਟਰ 'ਚ ਜਾਣਾ ਹੈ ਅਸੀਂ। ਉਥੇ ਪ੍ਰਕਾਸ਼ ਕਰਨਾ ਹੈ, ਉਥੇ ਅਸੀਂ ਉਨ੍ਹਾਂ ਦੀ ਗੱਲ ਨਹੀਂ ਮੰਨਣੀ ਤੇ ਸਾਨੂੰ ਸੀਸ ਦੇਣਾ ਪੈਣਾ ਹੈ ਆਪਣਾ ਕਿਉਂਕਿ ਸਾਨੂੰ ਦਿਸਦਾ ਹੈ ਅਸੀਂ ਜਾਣਾ ਹੈ, ਗੱਲਬਾਤ ਹੋਣੀ ਹੈ, ਅਕਬਰ ਚੜ੍ਹਾਈ ਕਰ ਗਿਆ, ਨੀਤੀ ਬਦਲ ਗਈ ਰਾਜ ਦੀ। ਉਨ੍ਹਾਂ ਦੀ ਨਿਗ੍ਹਾ ਦੇ ਵਿਚ ਅਸੀਂ ਹੋਰ ਤਰ੍ਹਾਂ ਹਾਂ ਕਿਉਂਕਿ ਤਉਜ਼ਕੇ ਜਹਾਂਗੀਰੀ ਦੇ ਅੰਦਰ ਜਹਾਂਗੀਰ ਨੇ ਆਪ ਬੜੇ ਭੈੜੇ ਅੱਖਰ ਲਿਖੇ ਨੇ। ਜੇ ਕੋਈ ਰੁਕਾਵਟ ਹੈ, ਬੜਾ ਭਾਰਾ ਪਾਖੰਡ ਦਾ ਅੱਡਾ ਹੈ ਤਾਂ ਗੁਰੂ ਅਰਜਨ ਦੇ ਹੇਠ ਚਲ ਰਿਹਾ ਹੈ, ਬੜੇ ਭੈੜੈ ਸ਼ਬਦ ਨੇ ਮੈਂ ਤਾਂ ਕਹਿਣੇ ਨਹੀਂ ਚਾਹੁੰਦਾ। 100% ਖਿਲਾਫ ਸੀ।

ਗੁਰੂ ਮਹਾਰਾਜ ਨੇ ਇਹ ਬਚਨ ਪਹਿਲਾਂ ਕਹਿ ਦਿਤੇ ਸੀ। ਅਖੀਰ ਇਹ ਹੋਇਆ ਕਿ ਬਗਾਵਤ ਕਰ ਦਿਤੀ ਖੁਸਰੋ ਨੇ, ਉਹ ਅਪ੍ਰੈਲ 29 ਨੂੰ ਗ੍ਰਿਫਤਾਰ ਹੋ ਜਾਂਦਾ ਹੈ ਤੇ ਉਸ ਤੋਂ ਬਾਅਦ ਜਹਾਂਗੀਰ ਲਾਹੌਰ ਪਹੁੰਚ ਜਾਂਦਾ ਹੈ। ਉਥੇ ਬੁਲਾ ਕੇ ਇਹਦੇ ਸਾਥੀਆਂ ਨੂੰ ਖੱਲਾਂ 'ਚ ਮੜ੍ਹਾ ਦਿਤਾ ਤੇ ਸੂਲੀ ਤੇ ਚਾੜ੍ਹ ਦਿਤਾ। ਇਹਨੂੰ ਦਿਖਾਇਆ ਗਿਆ ਕਿ ਆਹ ਦੇਖ ਲੈ ਤੇਰੇ ਨਾਲਦਿਆਂ ਦਾ ਕੀ ਹਾਲ ਹੋ ਰਿਹਾ ਹੈ, ਖੁਸਰੋ ਦੀਆਂ ਅੱਖਾਂ ਦੇ ਵਿਚ ਇਕ ਦਵਾਈ ਪਾ ਕੇ ਅੰਨ੍ਹਾ ਕਰ ਦਿਤਾ ਗਿਆ, ਉਸ ਤੋਂ ਬਾਅਦ ਦਿੱਲੀ ਲਿਜਾ ਕੇ ਉਸਨੂੰ ਕਤਲ ਕਰ ਦਿਤਾ ਜਾਂਦਾ ਹੈ। ਸੋ ਇਸ ਤਰ੍ਹਾਂ ਉਥੇ ਹੀ ਇਹਦੇ ਕੰਨ ਭਰ ਦਿਤੇ ਕਿ ਮਹਾਰਾਜ! ਗੁਰੂ ਅਰਜਨ ਨੇ ਇਸਦੀ ਸਹਾਇਤਾ ਕੀਤੀ ਹੈ। ਉਸ ਵੇਲੇ ਉਸ ਨੇ ਹੁਕਮ ਕਰ ਦਿਤਾ ਕਿ ਸ੍ਰੀ ਗੁਰੂ ਅਰਜਨ ਪਾਤਸ਼ਾਹ ਨੂੰ ਗ੍ਰਿਫ਼ਤਾਰ ਕਰਕੇ ਮੇਰੇ ਪੇਸ਼ ਕਰੋ। ਫੌਜ ਚਲੀ ਜਾਂਦੀ ਹੈ ਤੇ ਓਧਰ ਮਹਾਰਾਜ ਜੀ ਨੇ ਭਾਈ ਗੁਰਦਾਸ ਜੀ ਨੂੰ, ਬਾਬਾ ਬੁੱਢਾ ਜੀ ਤੇ ਹੋਰ ਪ੍ਰਮੁੱਖ ਗੁਰਸਿੱਖਾਂ ਨੂੰ ਬੁਲਾਇਆ ਤੇ ਕਹਿਣ ਲੱਗੇ ਦੇਖੋ, ਅਸੀਂ ਲਾਹੌਰ ਜਾਣਾ ਹੈ ਤੇ ਮੁੜ ਕੇ ਨਹੀਂ ਅਸੀਂ ਆਉਣਾ, ਉਥੇ ਹੀ ਸਾਡਾ ਸੀਸ ਲਗ ਜਾਣਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਨੂੰ ਗੱਦੀ ਦੇ ਦਿਤੀ ਤੇ ਨਾਲ ਹੁਕਮ ਕਰ ਦਿਤਾ ਕਿ ਹੁਣ ਸਸ਼ਤਰ ਸੰਭਾਲਣਾ ਹੈ। ਹੁਣ ਸਮਾਂ ਐਸਾ ਆ ਗਿਆ ਕਿ ਆਪਣੀ ਅਣਖ ਵਾਸਤੇ, ਜੀਉਣ ਵਾਸਤੇ ਸ਼ਸਤਰ ਦੀ ਲੋੜ ਹੈ। ਐਵੇਂ ਮੁਰਗੀਆਂ ਵਾਂਗੂੰ ਕਟਣ ਦੀ ਲੋੜ ਨਹੀਂ ਹੈ ਕਿਉਂਕਿ ਇਨ੍ਹਾਂ ਦੀ ਆਤਮਾ ਜਾਗਦੀ ਨਹੀਂ। ਮੈਂ ਜਾ ਰਿਹਾ ਹਾਂ, ਇਨ੍ਹਾਂ ਦੀ ਆਤਮਾ ਜਗਾਉਣ ਵਾਸਤੇ ਪਰ ਐਨਾ ਅੰਧਕਾਰ ਛਾ ਗਿਆ, ਅਨਿਆਂ ਦਾ ਐਨਾ ਵੱਡਾ ਗੁਬਾਰ ਚੜ੍ਹ ਗਿਆ ਕਿ ਇਹਦੇ ਵਿਚ ਪ੍ਰਕਾਸ਼ ਨਹੀਂ ਹੋ ਸਕਦਾ। ਸੋ ਰਾਖੀ ਵਾਸਤੇ ***'ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥'*** ਸਸ਼ਤਰਾਂ ਦੀ ਲੋੜ ਹੈ। ਸਸ਼ਤਰਧਾਰੀ ਹੋਣਾ ਪੈਣਾ ਹੈ। ਉਸ ਵੇਲੇ ਸਿੱਖੀ ਦਾ ਜਿਹੜਾ ਚਲਣ ਸੀ ਥੋੜ੍ਹਾ ਆ ਬਦਲਿਆ।

ਗੁਰੂ ਮਹਾਰਾਜ ਜੀ ਉਸ ਵੇਲੇ ਪੰਜ ਗੁਰਸਿੱਖਾਂ ਨੂੰ ਨਾਲ ਲੈ ਕੇ ਲਾਹੌਰ ਜਾਂਦੇ ਨੇ, ਆਪ ਦੇ ਨਾਲ ਪੰਜ ਗੁਰਸਿੱਖ ਭਾਈ ਪ੍ਰਾਣਾ, ਭਾਈ ਲੰਗਾਹਾ, ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਜੇਠਾ ਪੰਜਾਂ ਦੇ ਨਾਲ ਭਾਈ ਸੰਧੂ ਦੇ ਘਰ ਚਲੇ ਜਾਂਦੇ ਨੇ ਕਿਉਂਕਿ ਉਹ ਬਹੁਤ ਦੇਰ ਦਾ ਇੰਤਜ਼ਾਰ ਕਰਦਾ ਸੀ। ਜਦੋਂ ਦਰਬਾਰ ਸਾਹਿਬ ਤੋਂ ਚੱਲਣ ਲਗਦੇ ਨੇ ਉਸ ਵੇਲੇ

ਆਪ ਨੇ ਮਾਤਾ ਗੰਗਾ ਜੀ ਨਾਲ ਗੱਲ ਕਰੀ ਕਹਿਣ ਲੱਗੇ ਦੇਖੋ, ਅਸੀਂ ਹੁਣ ਆਉਣਾ ਨਹੀਂ ਹੈ, ਭਾਣਾ ਵਰਤਣਾ ਹੈ, ਤੁਸੀਂ ਸਾਹਿਬਜ਼ਾਦੇ ਦਾ ਪਿਛੋਂ ਧਿਆਨ ਰੱਖਣਾ ਹੈ। ਇਸ ਤਰ੍ਹਾਂ ਸਿੱਖੀ ਚਲਾਉਣੀ ਹੈ, ਸਾਰੀਆਂ ਹਦਾਇਤਾਂ ਦੇ ਦਿਤੀਆਂ।

ਸੋ ਮਾਤਾ ਜੀ ਕਹਿਣ ਲੱਗੇ, ਪਾਤਸ਼ਾਹ! ਬਹੁਤ ਮੁਸ਼ਕਲ ਹੈ, ਨੇਤਰ ਭਰ ਗਏ, ਬੋਲਿਆ ਨਹੀਂ ਜਾਂਦਾ ਕਹਿੰਦੇ ਕਿਵੇਂ ਹੋਏਗਾ? ਇਸ ਤਰ੍ਹਾਂ ਨਾਲ ਪੜ੍ਹ ਲਓ-

*ਧਾਰਨਾ - ਝੱਲਿਆ ਨਹੀਂ ਜਾਣਾ ਸਾਹਿਬਾ,*
*ਤੇਰਾ ਵਿਛੋੜਾ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*
*ਅੰਗ- ੭੦੮*

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ- ੮੩*

ਵਿਛੋੜਾ ਨਹੀਂ ਮੇਰੇ ਤੋਂ ਸਹਿ ਹੋਣਾ, ਅੱਛਾ ਹੈ ਕਿ ਮੇਰੇ ਪ੍ਰਾਣ ਪੰਖੇਰੂ ਤੁਹਾਡੇ ਸਾਮ੍ਹਣੇ ਹੀ ਉਡਾਰੀ ਮਾਰ ਜਾਣ। ਕਹਿਣ ਲੱਗੇ, ਦੇਖੋ ਸੰਸਾਰ ਤੇ ਜੋ ਵੀ ਆਇਆ ਹੈ, ਉਸ ਨੇ ਜਾਣਾ ਹੀ ਜਾਣਾ ਹੈ। ਪਹਿਲਾ ਲੇਖ ਇਹ ਲਿਖਿਆ ਜਾਂਦਾ ਹੈ ਕਿ ਐਨੀ ਦੇਰ ਇਹ ਰਹੇਗਾ ਸੰਸਾਰ 'ਤੇ। ਇਸ ਕਾਰਨ ਨਾਲ, ਇਸ ਦਿਨ, ਇਸ ਥਾਂ ਦੇ ਉਤੇ ਆਹ ਘਟਨਾ ਵਾਪਰੇਗੀ, ਜਿਹਦੇ ਨਾਲ ਇਹ ਵਾਪਸ ਆ ਜਾਏਗਾ।

ਸੋ ਸੰਸਾਰ ਤੇ ਧਿਆਨ ਦੇ ਲਓ। ਵੱਡੇ-ਵੱਡੇ ਆਏ ਨੇ, ਕੋਈ ਰਿਹਾ ਹੈ ਇਸ ਸਥਾਨ 'ਤੇ? ਵਿਚਾਰ ਦੇ ਨਾਲ ਗੱਲ ਸੋਚੋ -

*ਧਾਰਨਾ - ਇਥੇ ਰਿਹਾ ਨਾ ਜਗਤ ਉਤੇ ਕੋਈ*
*ਵਾਰੀ ਆਈ ਸਾਰੇ ਤੁਰ ਗਏ।*

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਾਏ ਹੈਂ॥*
*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਕਹਿਣ ਲੱਗੇ ਵਿਚਾਰ ਕਰੋ, ਸੰਸਾਰ 'ਤੇ ਕੋਈ ਨਹੀਂ ਰਿਹਾ। ਆਹ ਨਛੱਤਰ ਵੀ ਚਲੇ ਜਾਣੇ ਨੇ, ਧਰਤੀ ਵੀ ਚਲੀ ਜਾਣੀ ਹੈ, ਸੂਰਜ ਵੀ ਚਲਿਆ ਜਾਣਾ ਹੈ, ਚੰਦਰਮਾ ਵੀ ਚਲਿਆ ਜਾਣਾ ਹੈ, ਸਮੁੰਦਰ ਨੇ ਵੀ ਖਤਮ ਹੋ ਜਾਣਾ ਹੈ, ਪਹਾੜਾਂ ਨੇ ਵੀ ਖਤਮ ਹੋ ਜਾਣਾ ਹੈ।

ਇਹ ਤਾਂ ਸਾਰਾ ਕਾਲ ਵਿਚ ਲੀਨ ਹੋ ਜਾਣਾ ਹੈ, ਮੁੜ ਕੇ ਕੋਈ ਆਉਂਦਾ ਨਹੀਂ, ਆਪਣਾ-ਆਪਣਾ ਹੈ, ਜੋ ਰੋਲ ਦਿਤਾ ਹੋਇਆ ਹੈ ਪ੍ਰਭੂ ਨੇ ਉਹ ਪੂਰਾ ਕਰਕੇ ਚਲੇ ਜਾਣਾ ਹੈ। ਸੋ ਇਸ ਗੱਲ ਦਾ ਤੁਸੀਂ ਮਨ ਵਿਚ ਨਾ ਕਰੋ। ਵਿਚਾਰ ਦੇ ਨਾਲ ਰਹੋ। ਸੋ ਇਸ ਤਰ੍ਹਾਂ ਨਾਲ ਸਮਝਾ ਕੇ ਆਪ ਪੰਜ ਪ੍ਰਕਰਮਾ ਦਰਬਾਰ ਸਾਹਿਬ ਦੀਆਂ ਕੀਤੀਆਂ, ਮਸਤਕ ਨਿਵਾਇਆ, ਉਸ ਤੋਂ ਬਾਅਦ ਬਹੁਤ ਸੰਗਤ ਨਾਲ ਚੱਲ ਪਈ।

ਮਹਾਰਾਜ ਜੀ ਨੇ ਅਰਥਮੱਲ ਜੀ ਨੂੰ ਸੁਨੇਹਾ ਭੇਜ ਦਿਤਾ, ਜੋ ਬਾਬਾ ਅਮਰਦਾਸ ਜੀ ਦੇ ਖਾਨਦਾਨ 'ਚੋਂ ਸੀਗੇ ਕਿ ਸਾਨੂੰ ਲਾਹੌਰ ਮਿਲੋ। ਲਾਹੌਰ ਉਸ ਗੁਰਸਿੱਖ ਦੇ ਜੋ ਪਪੀਹੇ ਵਾਂਗੂੰ ਇਨ੍ਹਾਂ ਦੇ ਦਰਸ਼ਨਾਂ ਨੂੰ ਤਰਸਦਾ ਸੀ, ਉਥੇ ਚਲੇ ਗਏ। ਉਥੇ ਹੀ ਅਰਥਮੱਲ ਜੀ ਆ ਗਏ। ਦੱਸਿਆ ਕਿ ਅਸੀਂ ਭਾਣਾ ਵਰਤਾਉਣੈ।

ਅਰਥਮੱਲ ਜੀ ਨੇ ਕਿਹਾ ਕਿ ਤੁਸੀਂ ਸਮਰੱਥ ਪੁਰਸ਼ ਹੋਂ, ਟਾਲ ਵੀ ਸਕਦੇ ਹੋ ਇਹਨੂੰ, ਕੋਈ ਔਖੀ ਗੱਲ ਨਹੀਂ ਹੈ। ਐਨਾ ਕਸ਼ਟ ਸਰੀਰ 'ਤੇ ਸਹੋਂਗੇ?

ਕਹਿੰਦੇ, ਹਾਂ ਇਹ ਸਾਨੂੰ ਸਹਿਣਾ ਪੈਣਾ ਹੈ ਕਿਉਂਕਿ ਸਾਡੇ ਪਿਛੋਂ ਜੋ ਗੁਰਸਿੱਖੀ ਦੀ ਲੜੀ ਚੱਲਣੀ ਹੈ, ਉਹਦੇ ਵਿਚ ਸ਼ਹਾਦਤ ਜਿਹੜੀ ਹੈ ਉਹ ਅਵੱਸ਼ ਦੇਣੀ ਪੈਣੀ ਹੈ। ਬੇਅੰਤ ਸ਼ਹਾਦਤਾਂ ਦੇਣੀਆਂ ਪੈਣੀਆਂ ਨੇ। ਜਦੋਂ ਅਸੀਂ ਦੇਵਾਂਗੇ, ਸਾਨੂੰ ਦੇਖ ਕੇ ਉਨ੍ਹਾਂ ਦਾ ਹੌਸਲਾ ਬੁਲੰਦ ਹੋਏਗਾ, ਉਹ ਵੀ ਸ਼ਹਾਦਤ ਦੇ ਦੇਣਗੇ। ਸੱਚ ਦੀ ਗਵਾਹੀ ਦੇਣੀ ਹੈ। ਸਰੀਰ ਨਿਛਾਵਰ ਕਰਨਾ ਹੈ, ਕੁਰਬਾਨ ਕਰਨਾ ਹੈ। ਸੋ ਇਸ ਕਰਕੇ ਸਾਨੂੰ ਇਹ ਸਾਰੀ ਖੇਲ੍ਹ ਕਰਨੀ ਪੈਣੀ ਹੈ, ਮਹਾਰਾਜ ਕਹਿੰਦੇ ਫੇਰ ਮੈਂ ਵੀ ਤੁਹਾਡੇ ਨਾਲ ਹੀ ਚਲਦਾ ਹਾਂ, ਕਹਿੰਦੇ ਨਹੀਂ। 40 ਦਿਨ ਅਜੇ ਤੁਹਾਡੇ ਬਚਦੇ ਨੇ, ਤੁਸੀਂ 40 ਦਿਨ ਹੋਰ ਠਹਿਰੋ, ਫੇਰ ਤੁਸੀਂ ਆ ਜਾਣਾ। ਅਸੀਂ ਕੱਲ੍ਹ ਨੂੰ ਜਾਣਾ ਹੈ, ਫੇਰ ਵਾਪਸ ਨਹੀਂ ਆਉਣਾ, ਫੇਰ ਮਿਲਣਾ ਨਹੀਂ ਹੈ। ਉਥੇ ਹੀ ਭਾਣਾ

ਵਰਤਣਾ ਹੈ।

ਸੋ ਮਹਾਰਾਜ ਜੀ ਦੀ ਦੂਸਰੇ ਦਿਨ ਪੇਸ਼ੀ ਹੁੰਦੀ ਹੈ ਕਿ ਤੁਹਾਡੇ ਪਾਸ ਚੋਰ ਰਹਿੰਦੇ ਹਨ। ਮਹਾਰਾਜ ਕਹਿੰਦੇ, ਸਾਡੇ ਪਾਸ ਤਾਂ ਸਾਰੇ ਸਾਧੂ ਨੇ। ਸਾਡੇ ਕੋਲ ਤਾਂ ਆ ਕੇ ਡਾਕੂ ਵੀ, ਚੋਰ ਵੀ ਸਾਧੂ ਬਣ ਜਾਂਦੇ ਨੇ। ਇਹ ਦਰ ਹੀ ਐਸਾ ਹੈ ਇਥੇ ਜੋ ਵੀ ਆਇਆ ਸਾਧੂ ਬਣ ਗਿਆ। ਡਾਕੇ ਮਾਰਦੇ ਨੇ, ਚੋਰੀਆਂ ਕਰਦੇ ਨੇ। ਮਹਾਰਾਜ ਕਹਿੰਦੇ ਚੋਰੀਆਂ ਧਨ ਦੀਆਂ ਨਹੀਂ ਕਰਦੇ। ਸੱਚੇ ਧਨ ਦੀਆਂ ਕਰਦੇ ਨੇ। ਜਦੋਂ ਸੰਸਾਰ ਸੁੱਤਾ ਪਿਆ ਹੁੰਦਾ ਹੈ, ਅੰਮ੍ਰਿਤ ਵੇਲੇ ਜਾਗਦੇ ਨੇ, ਇਸ਼ਨਾਨ ਕਰਦੇ ਨੇ। ਨਾਮ ਧਨ ਖਟਦੇ ਨੇ। ਸੰਸਾਰ ਦੀਆਂ ਚੋਰੀਆਂ ਇਨ੍ਹਾਂ ਨੇ ਕੀ ਕਰਨੀਆਂ ਨੇ, ਡਾਕੇ ਕੀ ਮਾਰਨੇ ਨੇ।

ਕਹਿਣ ਲੱਗੇ, ਤੁਸੀਂ ਖੁਸਰੋ ਨੂੰ ਮਦਦ ਦਿਤੀ ਹੈ?

ਮਹਾਰਾਜ ਕਹਿੰਦੇ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਲੰਗਰ ਸਭ ਵਾਸਤੇ ਖੁਲ੍ਹਾ ਹੈ। ਤੁਹਾਡੇ ਦਾਦਾ ਜੀ, ਤੁਹਾਡੇ ਪਿਤਾ ਜੀ ਵੀ ਇਥੇ ਪ੍ਰਸ਼ਾਦਾ ਛਕਦੇ ਰਹੇ, ਬੜੀ ਸ਼ਰਧਾ ਦੇ ਨਾਲ ਤੁਸੀਂ ਵੀ ਇਸ ਘਰ ਨੂੰ ਜਾਣਦੇ ਹੋਂ, ਇਹ ਗੁਰੂ ਨਾਨਕ ਦਾ ਘਰ ਹੈ, ਜਿਹਨੇ ਬਖਸ਼ਿਸ਼ ਕੀਤੀ ਹੈ ਤੁਹਾਡੇ 'ਤੇ ਵੀ। ਜਿਹਨੇ ਤੁਹਾਨੂੰ ਭਾਰਤ ਵਰਸ਼ ਦਾ ਰਾਜ ਦੁਆਇਆ। ਬਚਨ ਲਿਆ ਸੀ ਕਿ ਤੁਸੀਂ ਨੇਕ ਕਦਮ ਚੱਲਿਓ, ਸਾਰਿਆਂ ਨੂੰ ਇਕ ਅੱਖ ਦੇ ਨਾਲ ਦੇਖਿਓ। ਫਰਕ ਨਾ ਪਾਇਓ ਕਿ ਇਹ ਹਿੰਦੂ ਹੈ ਇਹ ਮੁਸਲਮਾਨ ਹੈ। ਇਨ੍ਹਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਦੇਈਏ। ਪਰ ਨਾਲ ਇਹ ਗੱਲ ਕਹੀ ਸੀ ਕਿ ਰਾਜਾ ਜਦੋਂ ਤਖ਼ਤ ਤੇ ਬੈਠਦਾ ਹੈ, ਉਹ ਦੈਂਤ ਬਣ ਜਾਂਦਾ ਹੈ। ਉਸ ਵੇਲੇ ਰਾਖਸ਼ਸ਼ ਬਣ ਜਾਂਦਾ ਹੈ। ਅਸੀਂ ਫੇਰ ਆਪਣੇ ਸੀਸ ਦੇ ਕੇ ਗੱਦੀ ਵਾਪਸ ਲੈ ਲਵਾਂਗੇ। ਸੋ ਹੁਣ ਅਨਿਆ ਹੋ ਰਿਹਾ ਹੈ, ਵਿਤਕਰਾ ਸ਼ੁਰੂ ਹੋ ਗਿਆ, ਪਿਤਾ ਦੀ ਤੁਹਾਡੇ ਜੋ ਨੀਤੀ ਸੀ ਉਹਨੂੰ ਉਲੰਘਣਾ ਸ਼ੁਰੂ ਕਰ ਦਿਤਾ। ਸੋ ਇਹ ਗੱਲ ਕੋਈ ਅੱਛੀ ਨਹੀਂ ਹੈ। ਖੁਸਰੋ ਹੈ ਉਹ ਪਹਿਲਾਂ ਵੀ ਆਇਆ ਹੈ, ਹੁਣ ਵੀ ਪ੍ਰਸ਼ਾਦਾ ਛਕ ਗਿਆ, ਲੰਗਰ 'ਚ। ਛਕ ਗਿਆ ਜਾਂ ਨਾ ਛਕ ਗਿਆ, ਕਿਉਂਕਿ ਅਸੀਂ ਤਾਂ ਅੰਮ੍ਰਿਤਸਰ ਸੀ, ਤਰਨ ਤਾਰਨ ਦੇ ਕੋਲ ਦੀ ਲੰਘਿਆ ਉਹ ਗੋਇੰਦਵਾਲ ਦੇ ਪੱਤਣ ਤੋਂ। ਸਾਡਾ ਉਹਦੇ ਨਾਲ ਤੁਅੱਲਕ ਨਹੀਂ।

ਫੇਰ ਕਹਿੰਦੇ ਤੁਸੀਂ, ਧਰਮ ਗ੍ਰੰਥ ਬਣਾਇਆ ਹੈ?

ਨਾਲ ਦਾ ਕਹਿਣ ਲੱਗਿਆ ਕਿ ਉਸ ਧਰਮ ਗ੍ਰੰਥ ਦੇ ਵਿਚ ਤੁਸੀਂ ਮੁਹੰਮਦ ਸਾਹਿਬ ਦੀ ਤਾਰੀਫ ਲਿਖ ਦਿਓ। ਮਹਾਰਾਜ ਕਹਿੰਦੇ, ਅਸੀਂ ਤਾਂ ਨਹੀਂ ਬਣਾਇਆ ਇਹ ਜਿਵੇਂ ਪੈਗੰਬਰ ਨੂੰ ਫਰਿਸ਼ਤੇ ਦੇ ਰਾਹੀਂ ਸੁਨੇਹਾ ਆਉਂਦਾ ਸੀ, ਪ੍ਰਮੇਸ਼ਰ ਦੀ ਇਹ ਜੋ ਬਾਣੀ ਹੈ, ਇਹ ਕਿਸੇ ਦੀ ਕਿਰਤ ਨਹੀਂ ਹੈ।

ਬੜਾ ਫਰਕ ਹੈ ਅੱਜਕਲ੍ਹ ਦੇ ਜਿਹੜੇ ਬੁੱਧੀਜੀਵੀ ਨੇ, ਪਤਾ ਨਹੀਂ ਤਾਂ ਇਨ੍ਹਾਂ ਨੂੰ ਗਿਆਨ ਨਹੀਂ ਹੈ, ਗੁਰੂ ਸਾਹਿਬ ਨੂੰ ਕਵੀ ਲਿਖੀ ਜਾਂਦੇ ਨੇ। ਕਿਵੇਂ ਸਮਝਾਵੇ ਇਨ੍ਹਾਂ ਬੰਦਿਆਂ ਨੂੰ, ਕਲਮਾਂ ਇਨ੍ਹਾਂ ਦੇ ਹੱਥਾਂ ਵਿਚ ਆ ਗਈਆਂ, ਸਿੱਖੀ ਦਾ ਸਤਿਆਨਾਸ ਕਰ ਦੇਣਗੇ। ਉਹ ਕਹਿੰਦੇ ਨੇ ਕਿ ਸੰਤ ਕਰ ਰਹੇ ਨੇ ਸਿੱਖੀ ਦਾ ਨਾਸ਼। ਉਨ੍ਹਾਂ ਨੂੰ ਪੁੱਛੋ ਕਿ ਤੁਸੀਂ ਕਿਸੇ ਇਕ ਬੰਦੇ ਨੂੰ ਵੀ ਅੰਮ੍ਰਿਤ ਛਕਾਇਆ ਹੈ ਕਿ ਇਥੇ ਹੀ ਕੁਰਸੀਆਂ ਮੇਜਾਂ 'ਤੇ ਬੈਠ ਕੇ ਰੌਲਾ ਪਾਈ ਜਾਂਦੇ ਓਂ। ਸੰਤ ਦਿਨ ਰਾਤ ਲੰਗਰ ਚਲਾਉਂਦੇ ਨੇ, ਦਿਨ ਰਾਤ ਤੁਰੇ ਫਿਰਦੇ ਨੇ। ਕੋਈ ਤਨਖਾਹ ਨਹੀਂ ਲੈਂਦੇ, ਕੋਈ ਨਿਜੀ ਜਾਇਦਾਦ ਨਹੀਂ ਬਣਾਉਂਦੇ। ਸਾਰੀ ਜਾਇਦਾਦ ਸਾਂਝੀ ਬਣਾ ਕੇ ਦਿੰਦੇ ਨੇ, ਨੇਕ ਕੰਮ ਚਲ ਰਹੇ ਨੇ, ਕਿਤੇ ਹਸਪਤਾਲ ਚਲ ਰਹੇ ਨੇ, ਕਿਤੇ ਸਕੂਲ ਚਲ ਰਹੇ ਨੇ, ਕਿਤੇ ਲੰਗਰ ਚਲ ਰਹੇ ਨੇ, ਕਿਤੇ ਜਿਨ੍ਹਾਂ ਬਿਰਧਾਂ ਨੂੰ ਥਾਂ ਨਹੀਂ, ਉਹ ਦਿੰਦੇ ਨੇ, ਉਹ ਸਿੱਖੀ ਦਾ ਸਤਿਆਨਾਸ਼ ਕਰਦੇ ਨੇ ਤੇ ਤੁਸੀਂ ਜਿਹੜੇ ਕੁਰਸੀਆਂ 'ਤੇ ਬੈਠ ਕੇ ਕਲਮਾਂ ਘਸਾਉਂਦੇ ਓਂ ਤੁਸੀਂ ਕੀ ਭਲਾ ਕਰ ਰਹੇ ਹੋਂ? ਮਾੜਾ ਜਿਹਾ ਲੇਖ ਲਿਖਣਾ ਪੈ ਜਾਏ, ਕਹਿਣਗੇ 1500 ਰੁਪਿਆ ਦਿਓ ਸਾਡਾ।

ਸੋ ਇਸ ਤਰ੍ਹਾਂ ਉਲਟ-ਪੁਲਟ ਗੱਲਾਂ ਸੰਸਾਰ ਦੇ ਅੰਦਰ ਹੁੰਦੀਆਂ ਨੇ ਤੇ ਗੁਰੂਆਂ ਨੂੰ ਕਵੀ ਕਹਿੰਦੇ ਨੇ। ਕਵੀ ਹੁੰਦਾ ਹੈ ਜਿਹਦੀ ਪਹੁੰਚ ਬੁੱਧੀ ਮੰਡਲ ਤੱਕ ਹੋਵੇ। ਉਹ ਕਵਿਤਾ ਲਿਖਦਾ ਹੈ, ਉਹਦੀ ਕਵਿਤਾ ਦੇ ਵਿਚ ਕਾਂਟ-ਛਾਂਟ ਹੋਏਗੀ, ਲਿਖੇਗਾ ਫੇਰ ਕੱਟੇਗਾ ਕਿ ਇਹ ਸਹੀ ਨਹੀਂ ਲਿਖਿਆ ਗਿਆ, ਲਾਈਨ ਬਦਲੇਗਾ। ਇਹ ਜਿਹੜੀ ਬਾਣੀ ਹੈ ਇਹ ਕਵਿਤਾ ਨਹੀਂ ਹੈ। ਇਹਦੇ ਬਾਰੇ ਤਾਂ ਐਸਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ -

*ਧਾਰਨਾ - ਇਹ ਧੁਰ ਕੀ ਬਾਣੀ ਆਈ,*
*ਜਿਨ ਚਿੰਤਾ ਸਗਲ ਮਿਟਾਈ।*

ਇਹ ਤਾਂ ਬਾਣੀ ਆਉਂਦੀ ਹੈ, ਘਟਨਾ ਤੋਂ 13 ਸਾਲ ਪਹਿਲਾਂ ਹੀ ਆਈ ਸੀ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥* *ਅੰਗ- ੭੨੨*

ਜਿਸ ਵਿਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਹੈ -

*ਕਾਇਆ ਕਪੜੁ ਟੁਕੁ ਟੁਕੁ ਹੋਸੀ*
*ਹਿਦੁਸਤਾਨੁ ਸਮਾਲਸੀ ਬੋਲਾ ॥*
*ਆਵਨਿ ਅਠਤਰੈ ਜਾਨਿ ਸਤਾਨਵੈ*
*ਹੋਰੁ ਭੀ ਉਠਸੀ ਮਰਦ ਕਾ ਚੇਲਾ ॥*
*ਸਚ ਕੀ ਬਾਣੀ ਨਾਨਕੁ ਆਖੈ ਸਚੁ*
*ਸੁਣਾਇਸੀ ਸਚ ਕੀ ਬੇਲਾ ॥* *ਅੰਗ- ੭੨੩*

ਬਾਣੀ ਆ ਗਈ ਤੇਰਾਂ ਸਾਲ ਪਹਿਲਾਂ, 13 ਸਾਲ ਪਹਿਲਾਂ ਲਿਖ ਦਿਤੀ। ਇਹਨੂੰ ਇਲਹਾਮ ਕਹਿੰਦੇ ਨੇ, ਧੁਰ ਤੋਂ, ਦਰਗਾਹ ਤੋਂ ਆਉਂਦੇ ਨੇ। ਆਪੇ ਰਚੀ ਹੋਈ ਕਵਿਤਾ ਜਿਹੜੀ ਹੈ, ਡਾ. ਸਵਾਮੀ ਜੀ ਲਿਖਦੇ ਨੇ ਕਿ ਮੈਂ ਟੈਗੋਰ ਦੇ ਕੋਲ ਕਾਫੀ ਦੇਰ ਰਿਹਾ, ਗੀਤਾਂਜਲੀ ਉਨ੍ਹਾਂ ਦੀ ਬੜੀ ਮਸ਼ਹੂਰ ਪੁਸਤਕ ਸੀ। ਕਹਿੰਦੇ, ਉਹ ਜਦੋਂ ਲਿਖਦੇ ਸੀ, ਲਿਖਦੇ-ਲਿਖਦੇ ਲਾਈਨ ਕੱਟ ਦੇਣੀ, ਫੇਰ ਅਗਲੀ ਲਿਖ ਦਿਤੀ ਉਹ ਵੀ ਕੱਟ ਦਿਤੀ, ਰਾਤ ਨੂੰ ਰੱਖ ਦਿਤੀ, ਸਵੇਰੇ ਉਠ ਕੇ ਸਾਰੀ ਹੀ ਕੱਟ ਦਿਤੀ। ਨਵੀਂ ਲਿਖ ਦਿਤੀ। ਇਹ ਤਾਂ ਹੁੰਦੀ ਹੈ ਕਵਿਤਾ। ਜਿਹੜੀ ਬਾਣੀ ਹੈ ਇਹ ਤਾਂ ਆਈ ਜਾਂਦੀ ਹੈ, ਭਾਈ ਮਰਦਾਨਾ ਜੀ ਰਬਾਬ ਵਜਾ ਰਹੇ ਹਨ, ਸ੍ਰੀ ਗੁਰੂ ਨਾਨਕ ਮਹਾਰਾਜ ਦੀ ਪਵਿੱਤਰ ਰਸਨਾ ਤੋਂ ਬਾਣੀ ਦਾ ਉਚਾਰਨ ਹੋ ਰਿਹਾ ਹੈ, ਬਾਣੀ ਆ ਰਹੀ ਹੈ ਉਹ ਬੋਲ ਰਹੇ ਨੇ।

ਕਹਿਣ ਲੱਗੇ, ਇਹ ਤਾਂ ਦਰਗਾਹ ਦੀ ਹੈ। ਜੇ ਦਰਗਾਹ ਦੇ ਵਿਚੋਂ ਮੁਹੰਮਦ ਸਾਹਿਬ ਆਉਂਦਾ ਜ਼ਰੂਰ ਲਿਖਿਆ ਜਾਂਦਾ ਪਰ ਇਹ ਤਾਂ ਸਾਰੀ ਰੂਹਾਨੀ ਚੀਜ਼ ਹੈ, ਕਿਸੇ ਦਾ ਵੀ ਨਹੀਂ ਲਿਖਿਆ ਹੋਇਆ ਇਹਦੇ ਵਿਚ ਕੁਛ ਵੀ। ਸੋ ਇਸ ਤਰ੍ਹਾਂ ਦੇ ਬਚਨ ਬਿਲਾਸ ਤੋਂ ਬਾਅਦ ਮਹਾਰਾਜ ਨੂੰ ਸਜ਼ਾ ਸੁਨਾ ਦਿਤੀ। ਯਾਸ਼ਾ ਦੀ। ਯਾਸ਼ਾ ਇਕ ਕਾਨੂੰਨ ਸੀ ਕਿ ਐਸੇ ਤਰੀਕੇ ਨਾਲ ਮਾਰਿਆ ਜਾਵੇ, ਖੂਨ ਨਾ ਉਸ ਦਾ ਨਿਕਲੇ। ਚਾਹੇ ਭੁੱਖਾ ਰੱਖ ਕੇ, ਚਾਹੇ ਕਿਸੇ ਹੋਰ ਢੰਗ ਨਾਲ, ਚਾਹੇ ਪਾਣੀ ਵਿਚ ਡੁਬੋ ਕੇ, ਚਾਹੇ ਤੱਤੀਆਂ ਤਵੀਆਂ 'ਤੇ ਬਿਠਾ ਕੇ, ਉਬਲਦੇ ਪਾਣੀ ਵਿਚ ਮਾਰਿਆ ਜਾਵੇ ਕਿਉਂਕਿ ਉਹਦੇ ਵਿਚ ਇਕ ਐਸਾ ਸੀ ਕਿ ਸਾਧੂ ਸੰਤ ਦਾ ਖੂਨ ਡੁੱਲ੍ਹ ਜਾਵੇ ਤਾਂ ਦੋਸ਼ ਲੱਗੇਗਾ, ਖੂਨ ਨਹੀਂ ਡੁਲ੍ਹਣ ਦੇਣਾ। ਸੋ ਯਾਸ਼ਾ ਦੇ ਕਾਨੂੰਨ ਦੇ ਮੁਤਾਬਿਕ ਸਜ਼ਾ ਦਿਤੀ ਜਾਂਦੀ ਹੈ, ਬੜਾ ਜੰਗਲੀ ਕਾਨੂੰਨ ਹੈ।

ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੂੰ ਇਹ ਲੈ ਜਾਂਦਾ ਹੈ, ਉਥੇ ਜਾ ਕੇ ਚੰਦੂ ਨੇ ਫੇਰ ਕਿਹਾ ਕਿ ਦੇਖੋ, ਗੱਲ ਸਾਰੀ ਹੋ ਸਕਦੀ ਹੈ, ਅਜੇ ਵੀ ਲੜਕੀ ਦਾ ਰਿਸ਼ਤਾ ਲੈ ਲਓ, ਕੁਆਰੀ ਹੈ ਉਹ। ਮਹਾਰਾਜ ਕਹਿੰਦੇ, ਜਿਹੜਾ ਬਚਨ ਅਸੀਂ ਇਕ ਵਾਰੀ ਕਹਿਣਾ ਸੀ ਕਹਿ ਦਿਤਾ, ਹੁਣ ਤੂੰ ਕਿਉਂ ਵਿਚ ਲਿਆਉਂਦਾ ਹੈ। ਠੀਕ ਹੈ ਸਜ਼ਾ ਉਥੋਂ ਹੋਈ, ਤੂੰ ਭੁਗਤਾਉਣ ਦਾ ਜ਼ਿੰਮਾ ਲਿਆ ਹੈ, ਤੂੰ ਆਪਣਾ ਕੰਮ ਕਰ।

ਉਹਦੇ ਮੁਤਾਬਿਕ ਹੁਕਮ ਦੇ ਦਿਤਾ ਕਿ ਇਨ੍ਹਾਂ ਨੂੰ ਖੜ੍ਹੇ ਰੱਖਿਆ ਜਾਵੇ, ਧੁੱਪ ਵਿਚ। ਪਾਣੀ ਨਾ ਦਿਤਾ ਜਾਵੇ, ਪ੍ਰਸ਼ਾਦਾ ਨਾ ਦਿਤਾ ਜਾਵੇ, ਬੈਠਣ ਨਾ ਦਿਤਾ ਜਾਵੇ। ਸਾਰੀ ਰਾਤ, ਸਾਰਾ ਦਿਨ, ਦੋ ਦਿਨ ਇਸ ਤਰ੍ਹਾਂ ਲੰਘਾ ਦਿਤੇ। ਉਸ ਤੋਂ ਬਾਅਦ ਤੀਸਰਾ ਦਿਨ ਹੋਇਆ, ਸਜ਼ਾ ਬਦਲ ਦਿਤੀ, ਵੱਡਾ ਦੇਗਾ ਮੰਗਾ ਲਿਆ, ਪਾਣੀ ਨਾਲ ਭਰ ਲਿਆ, ਪਾਣੀ ਉਬਲਣ ਲਗ ਗਿਆ ਤੇ ਹੁਕਮ ਕਰਿਆ ਨੌਕਰਾਂ ਨੂੰ ਕਿ ਏਸ ਨੂੰ ਫੜ ਕੇ ਪਾਣੀ ਦੀ ਦੇਗ ਵਿਚ ਬਿਠਾ ਦਿਓ।

ਮਹਾਰਾਜ ਕਹਿੰਦੇ, ਫੜਦੇ ਕਿਉਂ ਹੋਂ, ਮੈਂ ਨੱਠਣਾ ਹੈਂ ਇਥੋਂ? ਮੈਂ ਆਪੇ ਹੀ ਬਹਿ ਜਾਨਾਂ। ਉਬਾਲੇ ਖਾਂਦੀ ਦੇਗ ਵਿਚ ਆਪੇ ਹੀ ਬਹਿ ਗਏ। ਨਾਲ ਬਚਨ ਕਰਿਆ -

*ਧਾਰਨਾ - ਪਾਣੀ ਦੇਗ ਦਾ ਉਬਾਲੇ ਖਾਵੇ,*
*ਸਤਿਗੁਰ ਆ ਕੇ ਵਿਚ ਬੈਠ ਗਏ।*
*ਜਹ ਬੈਸਾਲਹਿ ਤਹ ਬੈਸਾ ਸੁਆਮੀ*
*ਜਹ ਭੇਜਹਿ ਤਹ ਜਾਵਾ ॥*
*ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ ॥*
*ਅੰਗ- ੯੯੩*

ਹੇ ਪ੍ਰਭੂ! ਜਿਥੇ ਤੇਰੀ ਮਰਜ਼ੀ ਹੈ ਬਿਠਾਉਣ ਦੀ ਮੈਂ ਬੈਠ ਜਾਂਦਾ ਹਾਂ, ਚਾਹੇ ਤਖ਼ਤ 'ਤੇ ਬਿਠਾ ਦੇ, ਚਾਹੇ ਉਬਲਦੇ ਪਾਣੀ ਵਿਚ ਬਿਠਾ ਦੇ। ਸੋ ਇਸ ਤਰ੍ਹਾਂ ਆਪ ਉਬਲਦੇ ਪਾਣੀ ਵਿਚ ਬੈਠ ਜਾਂਦੇ ਨੇ।

ਇਥੇ ਇਕ ਵੀਚਾਰ ਆਉਂਦੀ ਹੈ, ਉਹ ਵਿਚਾਰ ਇਹ ਆਉਂਦੀ ਹੈ ਕਿ ਕਬੀਰ ਸਾਹਿਬ ਨੂੰ ਜਦੋਂ ਪਾਣੀ ਦੇ ਵਿਚ ਡੋਬਿਆ ਗਿਆ, ਸੰਗਲ ਬੰਨ੍ਹ ਕੇ, ਪੱਥਰ ਬੰਨ੍ਹ ਦਿਤੇ ਸੰਗਲਾਂ ਦੇ ਨਾਲ, ਕਿਸ਼ਤੀ ਦੇ ਵਿਚੋਂ ਚੁੱਕ ਕੇ, ਕਬੀਰ ਸਾਹਿਬ ਨੂੰ ਪਾਣੀ ਦੀ ਮੰਝਲੀ ਧਾਰ ਵਿਚ ਗੰਗਾ ਦੇ ਸੁੱਟ ਦਿਤਾ। ਉਥੇ ਕੀ ਹੋਇਆ

ਕਿ ਇਕ ਵਾਰੀ ਕਬੀਰ ਸਾਹਿਬ ਥੱਲੇ ਨੂੰ ਗਏ, ਸੰਗਲ ਵਗੈਰਾ ਕੋਈ ਵੀ ਨਾ ਰਿਹਾ ਤੇ ਦੇਖਦੇ ਕੀ ਨੇ, ਕਬੀਰ ਸਾਹਿਬ ਪਾਣੀ ਦੇ ਉਤੇ ਇਕ ਆਸਣ ਵਿਛਿਆ ਹੋਇਆ ਹੈ, ਉਹਦੇ ਉਤੇ ਚੌਂਕੜਾ ਮਾਰੀ ਬੈਠੇ ਨੇ –

*ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥*
*ਮ੍ਰਿਗਛਾਲਾ ਪਰ ਬੈਠੇ ਕਬੀਰ ॥* *ਅੰਗ- ੧੧੬੨*

ਇਹ ਗੱਲ ਜਦੋਂ ਸਾਡੇ ਸਾਮ੍ਹਣੇ ਆਉਂਦੀ ਹੈ ਇਹ ਫਰਕ ਕੀ ਹੋਇਆ? ਇਹ ਉਬਲਦੀ ਦੇਗ ਹੈ।

ਜੇ ਗੁਰੂ ਮਹਾਰਾਜ ਚਾਹੁੰਦੇ ਤਾਂ ਭਾਈ ਮਰਦਾਨੇ ਨੂੰ ਜਿਸ ਵਕਤ ਸੁੱਟਣ ਲੱਗਿਆ ਕੌਡਾ ਰਾਕਸ਼ ਉਬਲਦੇ ਕੜਾਹੇ ਵਿਚ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਗ੍ਹਾ ਹੀ ਪਈ ਹੈ ਤੇ ਕੜਾਹਾ ਠੰਢਾ, ਸ਼ਾਂਤ ਹੋ ਗਿਆ। ਹੱਥ ਲਾ ਕੇ ਦੇਖਿਆ ਕਿਥੇ ਉਬਲਦਾ, ਸੇਕ ਮਾਰਦਾ ਸੀ, ਕਿੱਥੇ ਬਰਫ ਨਾਲੋਂ ਵੀ ਠੰਢਾ ਹੋ ਗਿਆ। ਕਹਿਣ ਲੱਗਿਆ, ਕੀ ਗੱਲ ਹੋ ਗਈ? ਉਚਾ ਦੇਖਿਆ ਤਾਂ ਗੁਰੂ ਨਾਨਕ ਪਾਤਸ਼ਾਹ ਖੜ੍ਹੇ ਨੇ। ਉਨ੍ਹਾਂ ਦੀ ਨਿਗ੍ਹਾ ਦੇ ਨਾਲ ਉਬਲਦਾ ਕੜਾਹਾ ਠੰਢਾ ਹੋ ਗਿਆ ਤੇ ਹੁਣ ਉਹੀ ਗੁਰੂ ਨਾਨਕ ਪੰਜਵੇਂ ਜਾਮੇ ਦੇ ਅੰਦਰ, ਉਹੀ ਹਾਲਾਤ ਨੇ। ਕੀ ਹੁਣ ਸ਼ਕਤੀ ਘਟ ਗਈ ਉਨ੍ਹਾਂ ਦੀ ਕਿ ਕੌਤਕ ਕੋਈ ਹੋਰ ਵਰਤ ਗਿਆ। ਇਹ ਵਿਚਾਰ ਹੈ ਜਿਹੜੀ ਆਮ ਸਾਰਿਆਂ ਦੇ ਦਿਲਾਂ 'ਚ ਆਉਂਦੀ ਹੈ ਕਿ ਉਬਲਦਾ ਪਾਣੀ ਨਹੀਂ ਸੀ ਚਾਹੀਦਾ, ਹੱਥ ਲਾ ਕੇ ਦੇਖਦੇ ਬਰਫ ਵਰਗਾ ਹੋ ਜਾਣਾ ਚਾਹੀਦਾ ਸੀ। ਸਰੀਰ ਤੇ ਕੋਈ ਅਸਰ ਨਹੀਂ ਸੀ ਹੋਣਾ ਚਾਹੀਦਾ ਕਿਉਂਕਿ ਭਾਈ ਗੁਰਦਾਸ ਜੀ ਨੇ ਐਸਾ ਫੁਰਮਾਨ ਕਰਿਆ ਹੈ –

*ਧਾਰਨਾ – ਜਲ ਡੋਬੇ ਨਾ ਅਗਨੀ ਸਾੜੇ,*
*ਜਿਨ੍ਹਾਂ ਨੇ ਤੇਰਾ ਨਾਮ ਜਪਿਆ।*
*ਜਲ ਅਗਨੀ ਵਿਚਿ ਘਤਿਆ*
*ਜਲੈ ਨ ਡੁਬੈ ਗੁਰ ਪਰਸਾਦਿ॥* *ਭਾਈ ਗੁਰਦਾਸ ਜੀ*

ਨਾਮ ਜਪਣ ਵਾਲੇ ਨੂੰ ਨਾ ਜਲ ਨੇ ਡੋਬਿਆ ਨਾ ਅੱਗ ਨੇ ਸਾੜਿਆ, ਅੱਗ ਦੇ ਵਿਚੋਂ ਪ੍ਰਹਿਲਾਦ ਉਸੇ ਤਰ੍ਹਾਂ ਨਿਕਲ ਆਇਆ, ਕਬੀਰ ਸਾਹਿਬ ਨੂੰ ਅੱਗ ਦੇ ਵਿਚ ਬਿਠਾ ਦਿਤਾ, ਕਹਿੰਦੇ ਮਹਾਰਾਜ ਕੁਛ ਕਰੋ? ਕਹਿੰਦੇ ਕੀ ਕਰਨਾ ਹੈ?

*ਆਪੇ ਪਾਵਕੁ ਆਪੇ ਪਵਨਾ ॥*
*ਜਾਰੈ ਖਸਮੁ ਤ ਰਾਖੈ ਕਵਨਾ ॥* *ਅੰਗ- ੩੨੯*

ਕਹਿੰਦੇ, ਪ੍ਰਮੇਸ਼ਰ ਰੂਪ ਹੈ ਇਹ ਅੱਗ। ਐਸਾ ਸਾਖੀ ਰੂਪ ਵਿਚ ਆਉਂਦਾ ਹੈ ਕਿ ਅੱਗ ਜਲ ਗਈ, ਲੱਕੜਾਂ ਜਲ ਗਈਆਂ, ਕਬੀਰ ਸਾਹਿਬ ਉਠ ਕੇ ਰਾਮ-ਰਾਮ ਕਰਦੇ ਬਾਹਰ ਨਿਕਲ ਆਏ। ਇਸੇ ਤਰ੍ਹਾਂ ਨਾਲ ਬਹੁਤ ਮਿਸਾਲਾਂ ਨੇ।

ਨਾਮਦੇਵ ਜੀ ਨੂੰ ਹਾਥੀ ਦੇ ਅੱਗੇ ਸੁੱਟ ਦਿਤਾ। ਕਬੀਰ ਸਾਹਿਬ ਨੂੰ ਹਾਥੀ ਦੇ ਅੱਗੇ ਸੁੱਟ ਦਿਤਾ। ਉਹ ਮੱਥੇ ਟੇਕੀ ਜਾਂਦਾ ਹੈ, ਹੈਰਾਨੀ ਹੁੰਦੀ ਹੈ ਕਿ ਉਹਦਾ ਸੁਭਾਅ ਬਦਲ ਗਿਆ, ਭਗਤ ਨੂੰ ਦੇਖ ਕੇ, ਸੰਤ ਨੂੰ ਦੇਖ ਕੇ। ਇਹਦਾ ਜਵਾਬ ਤਾਂ ਸਾਡੇ ਕੋਲ ਹੈਗਾ ਕਿ ਉਹਦੀ ਦ੍ਰਿਸ਼ਟੀ ਐਸੀ ਹੁੰਦੀ ਹੈ ਕਿ ਅੰਮ੍ਰਿਤ ਦੀ ਵਰਖਾ ਹੁੰਦੀ ਹੈ, ਜਿਧਰ ਦੇਖ ਲੈਣ, ਉਹਦੇ ਹਿਰਦੇ 'ਚੋਂ ਪਾਪ ਸਾਰੇ ਖਤਮ ਕਰ ਦੇਂਦੇ ਹਨ।

ਇਹ ਜੋ ਗੁਰੂ ਮਹਾਰਾਜ ਨੇ ਕੌਤਕ ਰਚਿਆ ਹੈ, ਇਹਦੇ ਬਾਰੇ ਬਹੁਤ ਮੁਸ਼ਕਲ ਹੈ ਬਚਨ ਕਰਨਾ। ਕਿਉਂਕਿ ਆਮ ਆਦਮੀ ਇਹੀ ਕਹੇਗਾ ਕਿ ਗੁਰੂ ਸਾਹਿਬ ਸਮਰੱਥ ਸੀਗੇ, ਸਮਰੱਥ ਹੁੰਦੇ ਹੋਏ ਇਹ ਕੀ ਗੱਲ ਕਰੀ। ਕਿਉਂ ਛਾਲੇ ਪੈ ਗਏ? ਸਾਡੇ ਨਿਹਚੇ ਹੋਰ ਤਰ੍ਹਾਂ ਨੇ, ਅਸੀਂ ਨਹੀਂ ਇਨ੍ਹਾਂ ਗੱਲਾਂ ਨੂੰ ਮੰਨਦੇ। ਅਸੀਂ ਕਹਿੰਦੇ ਹਾਂ ਕਿ ਦਿਸਣ ਵਾਸਤੇ ਹੋਣੇ ਨੇ ਲੇਕਿਨ ਐਸਾ ਬਹੁਤ ਇਤਿਹਾਸਾਂ 'ਚ ਆਉਂਦਾ ਹੈ ਕਿ ਮਾਇਆ ਦਾ ਸਰੀਰ ਮਹਾਤਮਾ ਪੇਸ਼ ਕਰ ਦਿੰਦੇ ਨੇ ਕਿ ਇਹਨੂੰ ਕਰੀ ਜਾਓ ਜਿਹੜਾ ਕੁਛ ਕਰਨਾ ਹੈ, ਆਪ ਅਲੋਪ ਹੋ ਜਾਂਦੇ ਨੇ। ਗੁਰੂ ਮਹਾਰਾਜ ਨੇ ਐਸਾ ਵੀ ਨਹੀਂ ਕਰਿਆ, ਪ੍ਰਤੱਖ ਰੂਪ ਵਿਚ ਆਪ ਜਿਸ ਵਕਤ ਤੱਤੀ ਤਵੀ ਤੇ ਬੈਠਦੇ ਨੇ ਤਾਂ ਉਸ ਵੇਲੇ ਭਾਈ ਪ੍ਰਾਣਾ ਜਿਹੜਾ ਹੈ ਉਸ ਤੋਂ ਸਹਿਆ ਨਾ ਗਿਆ। ਦੋਵੇਂ ਬਾਹਾਂ ਚੁੱਕ ਲਈਆਂ, ਤਾਲੀ ਮਾਰਨ ਲੱਗਿਆ, ਮਹਾਰਾਜ ਜੀ ਦੀ ਨਿਗ੍ਹਾ ਪੈ ਗਈ।

ਕਹਿੰਦੇ, ਕੀ ਕਰਦਾ ਹੈਂ?

ਕਹਿਣ ਲੱਗਿਆ, ਮੈਂ ਨਹੀਂ ਦੇਖ ਸਕਦਾ, ਮੈਂ ਲਾਹੌਰ ਗਰਕ ਕਰ ਦੇਣਾ ਹੈ ਸਾਰਾ।

ਐਨੀ-ਐਨੀ ਸਮਰੱਥਾ ਦੇ ਗੁਰਸਿੱਖ ਸੀਗੇ ਉਸ ਵੇਲੇ, ਜਿਹੜੇ ਇਕ ਨਿਗ੍ਹਾ ਇਕਹਿਰੀ ਕਰਕੇ ਸਾਰੇ ਸ਼ਹਿਰ ਨੂੰ ਗਰਕ ਕਰ ਦਿੰਦੇ। ਮਹਾਰਾਜ ਕਹਿੰਦੇ, ਦੇਖ ਇਹ ਸਾਡਾ ਜੋ ਚੱਲ ਰਿਹਾ ਹੈ ਨਾ ਸਬਕ ਇਹਦੇ ਵਿਚ ਤੂੰ ਨਹੀਂ ਦਖਲ ਦੇਣਾ।

*ਧਾਰਨਾ – ਇਹ ਭਾਣਾ ਮਾਲਕ ਦਾ,*
*ਅਸੀਂ ਮੰਨਣੈ ਮਿੱਠਾ ਕਰਕੇ।*

ਭਾਈ ਪ੍ਰਾਣਾ! ਸਾਡੀ ਕ੍ਰਿਆ 'ਚ ਤੂੰ ਨਹੀਂ ਦਖਲ

ਦੇਣਾ। ਕਿਸੇ ਨੇ ਵੀ ਨਹੀਂ ਦੇਣਾ, ਇਹ ਜੋ ਕੁਛ ਹੋਇਆ ਹੈ -

*ਜੋ ਤੁਧੁ ਕਰਣਾ ਸੋ ਕਰਿ ਪਾਇਆ ॥*
*ਭਾਣੇ ਵਿਚਿ ਕੋ ਵਿਰਲਾ ਆਇਆ ॥*
*ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ ॥*
*ਅੰਗ- ੧੦੬੩*

*ਹਮਨੇ ਇਮ ਹੀ ਕਾਰਨ ਕਰਨਾ॥*
*ਤੂੰ ਨਹਿਂ ਲਖੈਂ ਏਵ ਆਚਰਨਾ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ੨੩੬੫*

ਸੋ ਉਸ ਵੇਲੇ ਮਹਾਰਾਜ ਜੀ ਨੂੰ ਪਾਣੀ ਦੇ ਵਿਚੋਂ ਕੱਢਿਆ ਗਿਆ। ਲੇਕਿਨ ਜਿਹੜੀ ਸੁਰਤ ਹੈ ਉਹ ਚੜ੍ਹਦੀ ਕਲਾ ਵਿਚ ਹੈ ਉਵੇਂ ਜਿਵੇਂ।

ਕਹਿੰਦੇ ਜਿਵੇਂ ਪੱਥਰ ਨੂੰ ਕੋਈ ਹਿਲਾ ਨਹੀਂ ਸਕਦਾ, ਪਹਾੜ ਨੂੰ ਐਵੇਂ ਕਿਸੇ ਦੀ ਤਾਕਤ ਨਹੀਂ ਸੀ ਕਿ ਉਨ੍ਹਾਂ ਨੂੰ ਹਿਲਾ ਦਿੰਦਾ।

ਉਸ ਵੇਲੇ ਮੀਆਂ ਮੀਰ ਨੂੰ ਜਦੋਂ ਪਤਾ ਲੱਗਿਆ, ਮਹਾਰਾਜ ਜੀ ਦੇ ਕੋਲ ਆ ਗਿਆ। ਕਹਿਣ ਲੱਗਿਆ, ਦੇਖਦੇ ਸਾਰ ਕਿ ਇਹ ਕੀ? ਦੋਵੇਂ ਬਾਹਾਂ ਚੁੱਕ ਲਈਆਂ। ਮਹਾਰਾਜ ਕਹਿੰਦੇ, ਕੀ ਗੱਲ ਪੀਰ ਜੀ? ਕਹਿੰਦੇ, ਮੈਂ ਨਹੀਂ ਦੇਖ ਸਕਦਾ ਮੈਂ ਇਸ ਲਾਹੌਰ ਸ਼ਹਿਰ ਨੂੰ ਗਰਕ ਕਰ ਦੇਵਾਂਗਾ। ਮਹਾਰਾਜ ਕਹਿੰਦੇ ਨਾ-ਨਾ ਇਸ ਤਰ੍ਹਾਂ ਨਹੀਂ ਕਰਨਾ। ਕਾਹਦੇ ਵਾਸਤੇ ਤੁਸੀਂ ਕਰਦੇ ਓਂ? ਆਤਮਾ ਸਦਾ ਅਸੰਗ ਹੈ।

ਕਹਿਣ ਲੱਗਿਆ, ਧੰਨ ਹੋ ਮਹਾਰਾਜ! ਜੋ ਤੁਸੀਂ ਸੁਖਮਨੀ ਸਾਹਿਬ ਵਿਚ ਵਰਣਨ ਕਰਿਆ ਹੈ -

*ਬ੍ਰਹਮ ਗਿਆਨੀ ਕੈ ਧੀਰਜੁ ਏਕ ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥ ਅੰਗ- ੨੭੨*

ਕੋਈ ਧਰਤੀ ਨੂੰ ਪੁੱਟਦਾ ਹੈ, ਕੋਈ ਚੰਦਨ ਨੂੰ ਲੇਪ ਕਰਦਾ ਹੈ, ਬ੍ਰਹਮ ਗਿਆਨੀ ਐਸੀ ਧੀਰਜ ਹੈ ਕੋਈ ਇੱਟਾਂ ਵੱਟੇ ਮਾਰਦਾ ਹੈ, ਤੱਤੀਆਂ ਤਵੀਆਂ ਤੇ ਬਿਠਾਉਂਦਾ ਹੈ, ਮਸਤਕ ਨਿਵਾਉਂਦਾ ਹੈ, ਭੇਟਾ ਚਾੜ੍ਹਦਾ ਹੈ, ਤਾਂ ਵੀ ਧੀਰਜ ਦੋਵੇਂ ਪਾਸੇ ਹੀ।

ਮਹਾਰਾਜ ਕਹਿੰਦੇ, ਪੀਰ ਜੀ! ਤੁਸੀਂ ਅਰਥ ਪੁੱਛੇ ਸੀ, ਤੁਹਾਨੂੰ ਕਿਹਾ ਸੀ ਕਿ ਕੋਈ ਸਮਾਂ ਆਏਗਾ, ਪ੍ਰਤੱਖ ਰੂਪ ਵਿਚ ਦਿਖਾਵਾਂਗੇ। ਉਹ ਇਹ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*ਅੰਗ- ੨੭੫*

ਸੋ ਸ਼ਕਤੀ ਨਹੀਂ ਦਿਖਾਉਂਦੇ। ਤਵੀ ਗਰਮ ਕਰ ਦਿਤੀ, ਵੱਡਾ ਤਵਾ ਸੀ, ਪਲੇਟ ਸੀ ਵੱਡੀ। ਲੱਕੜਾਂ ਬੇਅੰਤ ਜਾਲ ਦਿਤੀਆਂ, ਲਾਲ ਸੁਰਖ ਕਰ ਦਿਤੀ। ਉਸ ਵੇਲੇ ਗੁਰੂ ਮਹਾਰਾਜ ਨੂੰ ਕਿਹਾ ਕਿ ਇਹਦੇ ਉਤੇ ਬੈਠੋ, ਨਹੀਂ ਤਾਂ ਅਸੀਂ ਬਿਠਾ ਦੇਵਾਂਗੇ। ਮਹਾਰਾਜ ਕਹਿੰਦੇ, ਤੁਹਾਨੂੰ ਕੀ ਬਿਠਾਉਣ ਦੀ ਲੋੜ ਹੈ। ਅਸੀਂ ਆਪ ਹੀ ਬੈਠ ਜਾਂਦੇ ਹਾਂ, ਓਧਰ ਤੱਤੀ ਤਵੀ ਤੇ ਪੈਰ ਧਰ ਕੇ ਚੌਂਕੜਾ ਮਾਰਦੇ ਨੇ, ਓਧਰ ਮੁਖ ਤੋਂ ਇਹ ਬਚਨ ਨਿਕਲਦੇ ਨੇ -

*ਧਾਰਨਾ - ਤੱਤੀ ਲੋਅ 'ਤੇ ਬੈਠ ਸਤਿਗੁਰ ਬੋਲਦੇ,*
*ਮਿੱਠਾ ਤੇਰਾ ਭਾਣਾ ਲਗਦਾ।*
*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ ਅੰਗ- ੩੯੪*

ਅਜਰ ਨੂੰ ਜਰ ਜਾਣ ਦੀ ਕਹਿੰਦੇ ਐਸੀ ਅਉਧ ਦਿਖਾਈ ਕਿ ਸਵਰਗ ਲੋਕਾਂ 'ਚ ਜਿੰਨੇ ਵੀ ਸੀ, ਤਖਤ ਹਿੱਲ ਗਏ ਸਾਰਿਆਂ ਦੇ। ਉਸ ਵੇਲੇ ਇੰਦਰ ਸਮੇਤ ਦੇਵਤਿਆਂ ਦੇ ਨਮਸ਼ਕਾਰਾਂ ਕਰਦਾ ਹੈ -

*ਅਜਰ ਜਰਨਿ ਕੀ ਔਧਿ ਜਨਾਈ।*
*ਇਤੇ ਕਸ਼ਟ ਤੇ ਨਹੀਂ ਦਿਖਾਈ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ੨੩੬੯*

ਸ਼ਕਤੀ ਨਹੀਂ ਦਿਖਾਈ। ਨਾ ਕਿਸੇ ਨੂੰ ਦਿਖਾਉਣ ਦਿਤੀ ਹੈ ਸ਼ਕਤੀ।

*ਇੰਦ੍ਰ ਆਦਿ ਜੇਤਿਕ ਸੁਰ ਸਾਰੇ।*
*ਚੱਕ੍ਰਿਤ ਚਿਤ ਗੁਰਿ ਚਲਿਤ ਨਿਹਾਰੇ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ੨੩੬੯*

ਹੈਰਾਨ ਹੋਏ ਬੈਠੇ ਨੇ, ਕਿਉਂਕਿ ਪਹਿਲਾਂ ਕਦੇ ਇਹੋ ਜਿਹਾ ਹੋਇਆ ਹੀ ਨਹੀਂ ਸੀ। ਰਿਸ਼ੀਆਂ ਮੁਨੀਆਂ ਨੂੰ ਕੋਈ ਛੇੜ ਸਕਦਾ ਸੀ? ਇਕ ਚੂਲੀ ਭਰ ਕੇ ਸਰਾਪ ਦਿੰਦੇ ਸੀ, ਗਰਕ ਕਰ ਦਿੰਦੇ ਸੀ ਸਾਰਿਆਂ ਨੂੰ। ਡਰਦੇ ਸੀ ਸਾਰੇ। ਇਹ ਸਬਕ ਹੀ ਹੋਰ ਦੇਣਾ ਸ਼ੁਰੂ ਕਰ ਦਿਤਾ ਗੁਰੂ ਮਹਾਰਾਜ ਨੇ, ਸਮੇਂ ਦੇ ਮੁਤਾਬਿਕ। ਉਹ ਹੈਰਾਨ ਹੁੰਦੇ ਨੇ ਕਿ ਐਨੀਆਂ ਸ਼ਕਤੀਆਂ ਦੇ ਮਾਲਕ ਜੇ ਇਕ ਫੁਰਨਾ ਕਰ ਦੇਣ,

ਸਾਰਾ ਸੰਸਾਰ ਹੀ ਖਤਮ ਹੋ ਜਾਵੇ, ਕੁਛ ਨਾ ਰਹੇ। ਐਡੀ ਸ਼ਕਤੀ ਦੇ ਬਾਵਜੂਦ ਤੱਤੀਆਂ ਤਵੀਆਂ ਤੇ ਬੈਠ ਰਹੇ ਨੇ।

*ਧੰਨਯ ਧੰਨਯ ਸਭਿ ਕਰਹਿਂ ਬਖਾਨਾ।*
*ਇਨ ਤੇ ਬਿਨਾ ਨ ਐਸੋ ਆਨਾ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ੨੩੬੯*

ਕੋਈ ਹੋਰ ਕਰ ਹੀ ਨਹੀਂ ਸੀ ਸਕਦਾ। ਸੋ ਐਸ ਤਰ੍ਹਾਂ ਦੀ ਘਟਨਾ ਨੇ ਸਿੱਧ ਵੀ ਹਿਲਾ ਦਿਤੇ ਤੇ ਸਮਾਧੀਆਂ ਦੇ ਅੰਦਰੋਂ ਗੋਰਖ ਵੀ ਗਿਆ। ਗੋਰਖ ਦਾ ਸੁਭਾਅ ਸੀ ਸ਼ਕਤੀਆਂ ਵਾਲਾ, ਆਇਆ, ਆਉਂਦੇ ਨੇ ਹੀ ਸਾਰੇ ਪਹਿਰੇਦਾਰ ਬੇਹੋਸ਼ ਕਰ ਦਿਤੇ, ਗੁਰੂ ਮਹਾਰਾਜ ਕੋਲ ਆ ਗਿਆ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਹ ਤੁਸੀਂ ਕੀ ਕਰ ਰਹੇ ਹੋਂ? ਇਹ ਤਾਂ ਚਾਮਲ ਜਾਣਗੇ, ਜੋ ਸ਼ਕਤੀ ਨਾ ਦਿਖਾਈ ਤਾਂ ਇਹ ਤਾਂ ਸਾਰੇ ਸੰਤਾਂ ਨੂੰ ਕਸ਼ਟ ਦੇਣ ਲਗ ਜਾਣਗੇ। ਇਨ੍ਹਾਂ ਨੂੰ ਤਾਂ ਸਬਕ ਦੇਣਾ ਚਾਹੀਦੈ। ਮੈਨੂੰ ਇਹ ਆਗਿਆ ਦੇਵੋ ਕਿ ਮੈਂ ਇਸ ਸ਼ਹਿਰ ਨੂੰ, ਇਸ ਹਵੇਲੀ ਨੂੰ ਹੀ ਗਰਕ ਕਰ ਦੇਵਾਂ। ਮੀਆ ਮੀਰ ਵੀ ਆ ਗਏ ਮਹਾਰਾਜ! ਕ੍ਰਿਪਾ ਕਰੋ।

ਮਹਾਰਾਜ ਕਹਿਣ ਲੱਗੇ, ਮੀਆਂਮੀਰ! ਗੋਰਖ! ਕਬੀਰ ਸਾਹਿਬ ਦਾ ਅੱਗ ਵਿਚੋਂ ਨਿਕਲ ਆਉਣਾ, ਠੀਕ ਹੈ ਉਨ੍ਹਾਂ ਦਾ ਨਿੱਜੀ ਕੰਮ ਸੀ। ਉਥੇ ਸਵਾਲ ਹੋਰ ਸੀ। ਸਾਡੇ ਵਾਲਾ ਨਹੀਂ ਸੀ। ਉਥੇ ਇਹ ਸੀ ਕਿ ਸੰਤ ਦਾ ਰਾਜਸੀ ਸ਼ਕਤੀ ਨਾਲ ਵਾਹ ਪਿਆ ਹੈ ਤੇ ਉਥੇ ਅਕਾਲ ਪੁਰਖ ਦਾ ਜਿਹੜਾ ਅਸੂਲ ਹੈ ਉਹ ਇਹ ਹੈ –

*ਧਾਰਨਾ – ਉਹ ਤਾਂ ਕਦੇ ਵੀ ਨਾ ਹਾਰਦਾ,*
*ਜਿਹਦੇ ਹੋ ਜਾਏ ਵਲ।*
*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥*
*ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ ॥*

*ਅੰਗ – ੫੧੯*

ਉਥੇ ਇਹ ਅਸੂਲ ਕੰਮ ਕਰਦਾ ਸੀ। ਭਗਤਾਂ ਨੂੰ ਦੁਖੀ ਕੀਤਾ ਜਾ ਰਿਹਾ ਸੀ ਤੇ ਪਰਮੇਸ਼ਰ ਉਨ੍ਹਾਂ ਦੀ ਰਖਸ਼ਾ ਕਰਦਾ ਸੀ। ਚਾਹੇ ਪ੍ਰਹਿਲਾਦ ਵੇਲੇ ਥੰਮ ਦੇ ਵਿਚੋਂ ਪ੍ਰਗਟ ਹੋ ਗਿਆ ਸੀ, ਚਾਹੇ ਕਬੀਰ ਸਾਹਿਬ ਉਹ ਨਾ ਜਲਣ ਦਿਤੇ, ਨਾ ਪਾਣੀ ਵਿਚ ਡੁੱਬਣ ਦਿਤੇ। ਨਾ ਧਰਤੀ ਵਿਚ ਦਬਣ ਦਿਤੇ। ਚਾਹੇ ਨਾਮਦੇਵ ਜੀ ਨੇ। ਕੋਈ ਵੀ ਹੈ ਵਾਹਿਗੁਰੂ ਜੀ ਨੇ ਸੰਤਾਂ ਦੀ ਰੱਖਿਆ ਕਰਨੀ ਹੀ ਕਰਨੀ ਹੈ। ਪਰ ਇਹ ਜਿਹੜਾ ਅਸੀਂ ਸਬਕ ਦੇ ਰਹੇ ਹਾਂ ਸਬਰ ਤੇ ਸ਼ੁਕਰ ਦਾ। ਐਸੇ ਹਾਲਾਤ ਵਿਚ ਕਿਵੇਂ ਸਬਰ ਤੇ ਸ਼ੁਕਰ ਰੱਖਿਆ ਜਾ ਸਕਦਾ ਹੈ, ਸਾਰੀਆਂ ਸ਼ਕਤੀਆਂ ਦੇ ਹੁੰਦੇ ਹੋਏ?

ਸ਼ਕਤੀ ਗੁਰੂ ਘਰ 'ਚ ਘੱਟ ਹੈ? ਬਗ਼ਦਾਦ ਦੇ ਪੀਰ ਨੇ ਸਾਰੇ ਬਗਦਾਦ ਨੂੰ ਕਹਿ ਦਿਤਾ ਕਿ ਪੱਥਰ ਮਾਰ ਕੇ ਮਾਰ ਦਿਓ, ਸੰਗ ਸਾਰ ਕਰ ਦਿਓ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ। ਸਾਰਾ ਬਗਦਾਦ ਪੱਥਰ ਚੁੱਕੀ ਆਉਂਦਾ ਹੈ। ਮਰਦਾਨਾ ਕਹਿੰਦਾ, ਸੱਚੇ ਪਾਤਸ਼ਾਹ! ਦੇਖੋ ਕਿੰਨੇ ਬੰਦਿਆਂ ਦੇ ਹੱਥ ਵਿਚ ਪੱਥਰ ਨੇ। ਕਹਿੰਦੇ, ਤੈਨੂੰ ਕੀ ਫਿਕਰ ਹੈ? ਦੇਖ ਨਿਰੰਕਾਰ ਦੇ ਰੰਗ।

ਇਕ ਦਮ ਬਾਹਾਂ ਚੁੱਕ ਕੇ ਜਦੋਂ ਸਭ ਮਾਰਨ ਲੱਗੇ, ਪੱਥਰ ਹੱਥਾਂ ਨਾਲ ਹੀ ਚਿੰਬੜ ਗਏ। ਬਾਹਾਂ ਉਪਰ ਹੀ ਰਹਿ ਗਈਆਂ ਸਭ ਦੀਆਂ। ਉਹ ਕਹਿੰਦੇ ਇਹ ਸਮਾਂ ਹੀ ਐਸਾ ਸੀ, ਉਥੇ ਖੇਲ੍ਹ ਹੀ ਐਸੀ ਹੋਣੀ ਸੀ।

ਇਹ ਤਾਂ ਹੁਣ ਬਦੀ ਤੇ ਨੇਕੀ ਦਾ ਬੜਾ ਭਾਰਾ ਸੰਘਰਸ਼ ਹੈ। ਇਹ ਕਿਤੇ ਹਟਣ ਵਾਲਾ ਹੈ। ਇਹ ਤਾਂ ਚੱਲਣਾ ਹੈ। ਬਹੁਤ ਦੇਰ ਤੱਕ ਚਲਣਾ ਹੈ, ਸੋ ਅਸੀਂ ਗਾਈਡ ਲਾਈਨਜ਼ ਦੇ ਰਹੇ ਹਾਂ ਸਾਰਿਆਂ ਵਾਸਤੇ, ਜਿਹੜੀਆਂ ਆਉਣ ਵਾਲੀਆਂ ਨਸਲਾਂ ਨੇ, ਗੁਰਸਿੱਖ ਨੇ ਉਨ੍ਹਾਂ ਨੇ ਬੇਅੰਤ ਕਸ਼ਟਾਂ ਵਿਚੋਂ ਆਪਣੇ ਆਪ ਨੂੰ ਲੰਘਾਉਣਾ ਹੈ। ਉਹ ਥਿਰ ਨਹੀਂ ਰਹਿਣੇ ਫੇਰ ਗੋਰਖ! ਡੋਲ ਜਾਣਗੇ ਸਾਰੇ। ਸੋ ਅਸੀਂ ਸਬਰ ਤੇ ਸ਼ੁਕਰ ਦਾ ਸਬਕ ਦੇ ਰਹੇ ਹਾਂ।

ਇਕ ਵਾਰੀ ਈਰਾਨ ਦੇ ਬਾਦਸ਼ਾਹ ਨੂੰ ਇਹਦੇ ਮਾਇਅਨੇ ਸਮਝਣ ਦੀ ਲੋੜ ਪਈ, ਪਤਾ ਲੱਗਿਆ ਕਿ ਦਿੱਲੀ ਔਰੰਗਜ਼ੇਬ ਦੀ ਕੈਦ ਵਿਚ ਪੂਰਨ ਤੱਤ ਬੇਤਾ ਮਹਾਂਪੁਰਸ਼ ਕੈਦ ਹੈ। ਉਹ ਇਹਦੇ ਅਰਥ ਸਹੀ ਕਰ ਸਕਦਾ ਹੈ। ਕਾਜੀਆਂ ਮੁਲਾਂ-ਮੁਲਾਣਿਆਂ ਤੋਂ ਨਹੀਂ ਹੋ ਸਕਦਾ। ਅਬੈਂਸਡਰ ਭੇਜ ਦਿਤਾ ਗਿਆ ਤੇ ਉਥੇ ਗਿਆ ਤਾ ਸੱਤ ਤਾਲਿਆਂ ਦੇ ਅੰਦਰ ਬੰਦ ਹੈ। ਜਾਂਦੇ ਸਾਰ ਤਾਲੇ ਖੁਲ੍ਹ ਗਏ, ਅੰਦਰ ਗਿਆ, ਦੇਖਿਆ, ਤਾਂ ਫਕੀਰ ਬੈਠਾ ਹੈ ਜੇਲ੍ਹ ਦੇ ਵਿਚ।

ਕਹਿਣ ਲੱਗਿਆ, ਕਿਵੇਂ ਆਏ?

ਉਸ ਨੇ ਕਿਹਾ ਕਿ ਮੈਨੂੰ ਬਾਦਸ਼ਾਹ ਨੇ ਭੇਜਿਆ ਹੈ, ਈਰਾਨ ਦੇ ਨੇ। ਇਨ੍ਹਾਂ ਤੋਂ ਮੈਂ ਮਨਜ਼ੂਰੀ ਲਈ ਹੈ ਤੇ ਮੈਂ ਸਬਰ ਤੇ ਸ਼ੁਕਰ ਦਾ ਅਰਥ ਪੁੱਛਣ ਆਇਆ ਹਾਂ।

ਕਹਿੰਦੇ ਜੇ ਪੁੱਛਣਾ ਹੈ ਤਾਂ ਦੋ ਗਜ਼ ਕੱਪੜਾ ਲੈ ਕੇ ਆਈਂ, ਇਕ ਮਸ਼ਕ ਪਾਣੀ ਦੀ ਲਿਆਈਂ। ਇਸ਼ਨਾਨ ਕਰਿਆਂ ਨੂੰ ਬੜੀ ਦੇਰ ਹੋ ਗਈ। ਸੈਲ 'ਚ ਪਾ ਛੱਡਿਆ ਇਸ ਮੂਰਖ ਬਾਦਸ਼ਾਹ ਨੇ।

ਦੂਸਰੇ ਦਿਨ ਅਬੈਂਸਡਰ ਆਇਆ ਕੱਪੜਾ ਤੇੜ ਪਹਿਨ ਲਿਆ, ਬੈਠ ਗਏ। ਐਨੇ ਨੂੰ ਕੋਰੜੇ ਮਾਰਨ ਵਾਲਾ ਆ ਗਿਆ, 101 ਕੋਰੜਾ ਰੋਜ਼ ਮਾਰਿਆ ਕਰਦੇ ਸੀ। ਜਦੋਂ ਸ਼ੁਰੂ ਕਰਿਆ ਪਹਿਲੇ ਕੋਰੜੇ ਤੇ ਹੀ ਆਪ ਉਂਗਲੀ ਹਿਲਾਉਣ ਲਗ ਗਏ, ਉਪਰ ਨੂੰ ਦੇਖ ਕੇ। 51 ਕੋਰੜੇ ਲੱਗ ਗਏ। ਜਲਾਦ ਪਰ੍ਹੇ ਹਟ ਗਿਆ, ਥੋੜ੍ਹੀ ਦੇਰ ਦਮ ਲੈਣ ਲਗ ਗਿਆ। ਸੁਰਮੱਦ ਕਹਿਣ ਲਗਿਆ ਕਿ ਸਮਝ ਵਿਚ ਆਇਆ ਤੇਰੇ ਕੁਝ? ਉਸ ਨੇ ਕਿਹਾ ਕਿ ਨਾ ਮਹਾਰਾਜ! ਮੇਰੇ ਕੁਛ ਨਹੀਂ ਸਮਝ ਆਇਆ।

ਕਹਿੰਦੇ, ਹੁਣ ਸਮਝੀਂ ਅਸੀਂ ਤੈਨੂੰ ਉਹ ਨੇਤਰ ਦੇ ਦਿੰਦੇ ਹਾਂ ਜਿਹੜੇ ਗੈਬ ਵਿਚ ਦੇਖ ਸਕਣ। ਜਦੋਂ 50 ਕੋਰੜੇ ਦੂਜੀ ਵਾਰੀ ਮਾਰੇ, ਕੀ ਦੇਖਦਾ ਹੈ, ਸਾਰੀਆਂ ਸ਼ਕਤੀਆਂ, ਅਸਮਾਨੀ ਫਰਿਸ਼ਤੇ ਹੱਥ ਬੰਨ੍ਹੀ ਖੜ੍ਹੇ ਨੇ ਕਿ ਹੁਕਮ ਕਰੋ, ਅਸੀਂ ਇਹਦਾ ਮੂਲ ਹੀ ਪੁੱਟ ਦੇਈਏ, ਖਤਮ ਕਰ ਦੇਈਏ। ਸਰਮੱਦ ਨਾਂਹ-ਨਾਂਹ ਕਰੀ ਜਾਂਦਾ ਹੈ। ਜਦੋਂ ਪੂਰੇ ਕੋਰੜੇ ਲਗ ਚੁੱਕੇ ਤਾਂ ਕਹਿੰਦੇ, ਹੁਣ ਤੇਰੀ ਸਮਝ ਵਿਚ ਆਇਆ ਕੁਛ?

ਕਹਿੰਦਾ, ਨਹੀਂ ਮਹਾਰਾਜ! ਤੁਸੀਂ ਸਮਝਾਓ। ਮੇਰੀ ਸਮਝ ਵਿਚ ਨਹੀਂ ਆਇਆ।

ਕਹਿੰਦੇ, ਦੇਖ, ਐਨੀਆਂ ਗੈਬੀ ਸ਼ਕਤੀਆਂ ਮੇਰੇ ਹੱਥ ਵਿਚ ਨੇ। ਜੇ ਮੈਂ ਇਕ ਫੁਰਨਾ ਕਰ ਦੇਵਾਂ, ਔਰੰਗਜ਼ੇਬ ਦਾ ਰਾਜ ਐਉਂ ਉਡ ਜਾਏਗਾ ਜਿਵੇਂ ਰੂੰ ਦੇ ਫੰਬੇ ਉਡ ਜਾਂਦੇ ਨੇ। ਕੁਛ ਨਹੀਂ ਬਚਣਾ। ਲੇਕਿਨ ਮੈਂ ਐਨੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ, 101 ਕੋਰੜਾ ਰੋਜ਼ ਖਾ ਰਿਹਾ ਹੈ, ਇਹਨੂੰ ਸਬਰ ਕਹਿੰਦੇ ਨੇ।

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*

*ਭਾਈ ਗੁਰਦਾਸ ਜੀ, ਵਾਰ ੩/੧੮*

ਐਨੇ ਨੂੰ ਪਿਆਲਾ ਆ ਗਿਆ ਪਾਣੀ ਪੀਣ ਵਾਲਾ। ਨਮਕ ਪਾਇਆ ਹੋਇਆ। ਉਸ ਵੇਲੇ ਕੀ ਦੇਖਦਾ ਹੈ ਅਸਮਾਨੀ ਸ਼ਕਤੀਆਂ ਹੱਥ ਬੰਨ੍ਹਦੀਆਂ ਨੇ, ਪੀਰ ਜੀ! ਆਹ ਚੀਜ਼ਾਂ ਅਸੀਂ ਤੁਹਾਡੇ ਵਾਸਤੇ ਲੈ ਕੇ ਆਏ ਹਾਂ, ਤੁਸੀਂ ਅੰਗੀਕਾਰ ਕਰੋ। ਰਿੱਧੀਆਂ-ਸਿੱਧੀਆਂ 36 ਪ੍ਰਕਾਰ ਦੇ ਭੋਜਨ ਲਈ ਖੜ੍ਹੀਆਂ ਨੇ। ਕਹਿੰਦੇ, ਨਹੀਂ। ਪਿਆਲਾ ਪੀ ਕੇ ਕਹਿਣ ਲੱਗੇ ਕਿ ਅੱਲਾਹ ਤਾਲਾ! ਤੇਰਾ ਸ਼ੁਕਰ ਹੈ, ਤੂੰ ਭੇਜਦਾ ਤਾਂ ਹੈਂ ਨਾ ਪਾਣੀ। ਚਾਹੇ ਨਮਕ ਵਾਲਾ ਹੀ ਭੇਜੇਂ।

ਸੋ ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਅਸੀਂ ਤਾਂ ਸਬਕ ਦੇ ਰਹੇ ਹਾਂ, ਸਬਰ ਤੇ ਸ਼ੁਕਰ ਦਾ। ਓਸ ਵੇਲੇ ਗੋਰਖ ਕਹਿਣ ਲੱਗਿਆ ਕਿ ਠੀਕ ਹੈ ਮਹਾਰਾਜ। ਲੇਕਿਨ ਇਹ ਖੇਲ੍ਹ ਬੜੀ ਔਖੀ ਹੈ, ਆਉਣ ਵਾਲੇ ਸੰਤਾਂ ਨੂੰ ਬੜਾ ਦੁਖ ਦੇਣਗੇ। ਤੁਸੀਂ ਸਰਾਪ ਦੇ ਦਿਓ, ਸ਼ਕਤੀ ਵਰਤ ਲਓ। ਮਹਾਰਾਜ ਕਹਿੰਦੇ, ਕੀਹਨੂੰ ਸਰਾਪ ਦੇ ਦੇਈਏ -

*ਧਾਰਨਾ - ਆਪੇ ਇਕ ਤੋਂ ਅਨੇਕ ਰੂਪ ਧਾਰ ਕੇ,*
*ਆਪੇ ਖੇਲ੍ਹੇ ਖੇਲ੍ਹ ਆਪਣੀ।*

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*

*ਤ੍ਵਪ੍ਰਸਾਦਿ ਕਬਿੱਤ*

ਕਹਿਣ ਲੱਗੇ, ਮਹਾਂਪੁਰਸ਼ੋ! ਸਰਾਪ ਤਾਂ ਦਿਤਾ ਜਾਂਦਾ ਹੈ, ਜੇ ਇਥੇ ਕੋਈ ਹੋਰ ਹੋਵੇ।

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*

*ਅੰਗ- ੨੭੨*

ਇਹ ਤਾਂ ਆਪੇ ਹੀ ਹੈ।

*ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ।*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।*

*ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥*
*ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥*

*ਅੰਗ- ੯੩੦*

ਮਹਾਰਾਜ ਕਹਿੰਦੇ ਨੇ ਕਿ ਪਛਾਣ ਵੀ ਹੈ ਕਿ ਐਵੇਂ ਹੀ ਕਹੀ ਜਾਂਦਾ ਹੈ ਕਿ ਰੱਬ ਹੀ ਐਥੇ। ਜੇ ਕੋਈ ਥੱਪੜ ਮਾਰਨ ਵਾਲਾ ਆ ਗਿਆ ਮੂੰਹ 'ਤੇ ਫੇਰ ਕਹੇਗਾ ਇਹਨੇ ਮਾਰਿਆ ਹੈ ਮੇਰੇ, ਫੇਰ ਰੱਬ ਕਿੱਧਰ ਚਲਿਆ ਗਿਆ।

*ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥*

*ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥*
*ਅੰਗ- ੯੩੦*

ਇਹ ਇਕ ਅਵਸਥਾ ਹੈ ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਤੱਤੀਆਂ ਤਵੀਆਂ 'ਤੇ ਬੈਠ ਕੇ ਪ੍ਰਤੱਖ ਰੂਪ ਵਿਚ ਮਾਇਅਨੇ ਦਾ ਹੱਲ ਕਰ ਦਿਤਾ। ਬਾਕੀ ਹੈ ਗੁਰੂ ਮਹਾਰਾਜ ਵਿਚ ਤਾਂ ਸ਼ਕਤੀ ਸੀ, ਗੁਰੂ ਮਹਾਰਾਜ ਜੇ ਨਾ ਵੀ ਸ਼ਕਤੀਆਂ ਦਿਖਾਲਦੇ ਤਾਂ ਗੁਰਸਿੱਖਾਂ ਉਤੇ ਵੀ ਸ਼ਕਤੀਆਂ ਦੀਆਂ ਬਖਸ਼ਿਸ਼ਾਂ ਸਨ।

ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਐਲਾਨ ਕਰ ਦਿਤਾ ਕਿ ਅਸੀਂ ਫਲਾਣੀ ਤਰੀਕ ਨੂੰ ਚਲੇ ਜਾਣੈ, ਸੰਗਤਾਂ ਇਕੱਠੀਆਂ ਹੋ ਗਈਆਂ, ਬਹੁਤ ਬਿਰਹਾ ਹੋਣ ਲਗ ਗਿਆ। ਉਸ ਵੇਲੇ ਬਾਬਾ ਜੀ ਦੇ ਪਾਸ ਛੋਟੇ ਸੰਤ ਬਾਬਾ ਲਾਲ ਸਿੰਘ ਜੀ ਸੰਗਤ ਨੂੰ ਲੈ ਕੇ ਪਹੁੰਚੇ, ਕਹਿਣ ਲੱਗੇ, ਬਾਬਾ ਜੀ ਤੁਸੀਂ ਸਮਰੱਥ ਪੁਰਸ਼ ਹੋਂ। ਹੋਰ ਠਹਿਰੋ। ਕਹਿੰਦੇ, ਲਾਲ ਸਿੰਘਾਂ! ਫੇਰ ਐਉਂ ਕਰ ਜਾਂਦੇ ਹਾਂ, ਦੋ ਸਾਲ, ਦੋ ਮਹੀਨੇ, ਦੋ ਦਿਨ ਤੇਰਾ ਸਮਾਂ ਰਹਿੰਦਾ ਹੈ, ਅਸੀਂ ਤੇਰੇ ਵਾਲਾ ਸਮਾਂ ਲੈ ਲੈਂਦੇ ਹਾਂ, ਤੂੰ ਸਾਡੇ ਵਾਲਾ ਲੈ-ਲੈ। ਕਹਿੰਦੇ, ਠੀਕ ਹੈ ਮਹਾਰਾਜ। ਕਹਿੰਦੇ ਸਾਢੇ ਚਾਰ ਵਜੇ ਵਾਸਤੇ ਤਿਆਰ ਹੋ ਜਾ, ਸਾਢੇ ਚਾਰ ਠੀਕ ਅਸੀਂ ਚਲੇ ਜਾਣਾ ਹੈ ਇਥੋਂ। ਬਾਬਾ ਜੀ ਇਸ਼ਨਾਨ ਕਰਕੇ ਲੰਗਰ ਵਰਤਾਉਂਦੇ ਜੀ। ਚਾਰ ਵਜੇ ਇਸ਼ਨਾਨ ਕਰਕੇ ਪਹੁੰਚ ਕੇ ਬਹੁਤ ਬੇਨਤੀ ਦੇ ਸ਼ਬਦ ਪੜ੍ਹਨ ਤੋਂ ਬਾਅਦ ਚਾਰ ਵਜ ਕੇ 25 ਮਿੰਟ 'ਤੇ ਜਪੁਜੀ ਸਾਹਿਬ ਦਾ ਭੋਗ ਪੈ ਕੇ ਬਕਸੇ ਵਿਚ ਪੈ ਗਏ। ਅੰਦਰ ਹੀ ਬੇਨਤੀਆਂ ਕਰਦੇ ਨੇ। ਬਾਬਾ ਕਰਮ ਸਿੰਘ ਜੀ ਕਹਿਣ ਲੱਗੇ, ਭਾਈ ਸਾਢੇ ਚਾਰ ਹੋ ਗਏ, ਦੇਖੋ ਜਾ ਬਾਬਾ ਲਾਲ ਸਿੰਘ ਉਹਨੇ ਚਲੇ ਗਏ। ਗੋਰੇ ਵੀ ਬੈਠੇ ਨੇ ਜਰਨੈਲ ਉਥੇ, ਸਾਰੀ ਦੁਨੀਆਂ ਬੈਠੀ ਹੈ। ਹੱਥ ਲਾਇਆ, ਉਥੇ ਕੁਛ ਨਹੀਂ ਹੈ।

ਅੱਜਕਲ੍ਹ ਦਾ ਜ਼ਮਾਨਾ ਹੁੰਦਾ ਤਾਂ ਕਹਿੰਦੇ ਬਕਸੇ ਦੇ ਥੱਲੇ ਬਿਜਲੀ ਲਾਈ ਹੋਣੀ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਧਾਰਨਾ - ਆਵੈ ਜਾਇ ਨਿਸੰਗੁ*
*ਗੁਰਮੁਖ ਪਿਆਰਾ-ਗੁਰਮੁਖ ਪਿਆਰਾ।*
*ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ- ੯੩੨*

ਸਰੀਰ ਛੱਡਣ ਤੋਂ ਬਾਅਦ ਫੇਰ ਆ ਜਾਂਦਾ ਹੈ।

ਸਵਾਮੀ ਰਾਮ ਜੀ ਲਿਖਦੇ ਨੇ 'ਹਿਮਾਲੀਅਨ ਯੋਗੀ ਦੇ ਸੰਗ' ਪੁਸਤਕ ਵਿਚ ਕਿ ਇਕ ਸੰਤ ਕੋਲ ਇਨ੍ਹਾਂ ਦੇ ਗੁਰੂ ਜੀ ਨੇ ਭੇਜਿਆ ਕਿ ਜਾਹ ਉਹਦੇ ਕੋਲ ਤੇ ਜਾ ਕੇ ਪੁੱਛ ਕਿ ਉਹ ਕਿਵੇਂ ਭਜਨ ਕਰਦੇ ਨੇ?

ਸਵਾਮੀ ਜੀ ਲਿਖਦੇ ਨੇ ਕਿ 89 ਸੰਤਾਂ ਦੇ ਕੋਲ ਮੈਂ ਗਿਆ। ਉਨ੍ਹਾਂ ਦੇ ਭਗਤੀ ਦੇ ਤਰੀਕੇ, ਉਨ੍ਹਾਂ ਦੀਆਂ ਸਾਰੀਆਂ ਗੱਲਾਂ ਦਾ ਅਨੁਭਵ ਹੈ। ਜਦ ਉਥੇ ਗਿਆ, 9 ਮੀਲ ਦੂਰ ਸੀ, ਉਥੇ ਉਨ੍ਹਾਂ ਨੇ ਪ੍ਰਸ਼ਾਦਾ ਭੇਜ ਦਿਤਾ 9 ਮੀਲ 'ਤੇ। ਜਿਹੜਾ ਲੈ ਕੇ ਆਇਆ, ਉਸ ਨੇ ਕਿਹਾ ਕਿ ਤੁਸੀਂ ਆ ਰਹੇ ਸੀ, ਉਨ੍ਹਾਂ ਨੇ ਕਿਹਾ ਕਿ ਉਹ ਭੁੱਖਾ ਹੈ, ਜਾਹ 9 ਮੀਲ ਚਲਿਆ ਜਾਹ। ਉਥੇ ਜਾ ਕੇ ਪ੍ਰਸ਼ਾਦਾ ਦੇ ਦੇਈਂ ਫਲਾਣੇ ਰਸਤੇ ਆ ਜਾਈਂ। ਉਹ ਕਹਿਣ ਲੱਗੇ ਕਿ ਮੈਂ ਏਸ ਗੱਲ ਨੂੰ ਕੋਈ ਬਹੁਤਾ ਨਾ ਗੋਲਿਆ ਨਾ ਕਿਉਂਕਿ ਅਸੀਂ ਵੀ ਅਨੁਭਵ (sense) ਕਰ ਜਾਂਦੇ ਹਾਂ ਕਿ ਫਲਾਣਾ ਬੰਦਾ ਆ ਰਿਹਾ ਹੈ। ਇਹ ਕੋਈ ਵੱਡੀ ਗੱਲ ਨਹੀਂ ਹੈ ਸਾਧਾਰਣ ਗੱਲ ਹੈ ਯੋਗ ਦੇ ਅੰਦਰ। ਉਸ ਤੋਂ ਬਾਅਦ ਜਦੋਂ ਮੈਂ ਚਲਿਆ ਗਿਆ ਉਥੇ ਤਾਂ ਉਨ੍ਹਾਂ ਨੇ ਮੈਨੂੰ ਪੁੱਛਿਆ ਕਿ ਕਿਵੇਂ ਆਏ? ਮੈਂ ਕਿਹਾ, ਮੈਂ ਤਾਂ ਤੁਹਾਡੇ ਤੋਂ ਆਹ ਗੱਲਾਂ ਪੁੱਛਣ ਆਇਆ ਸੀ।

ਕਹਿਣ ਲੱਗੇ, Mr. you are too late. (ਸ੍ਰੀ ਮਾਨ ਜੀ, ਤੁਸੀਂ ਦੇਰੀ ਕਰ ਦਿਤੀ।) ਕਿਉਂਕਿ ਮੈਂ ਫੈਸਲਾ ਕਰ ਲਿਆ ਸੰਸਾਰ ਤੋਂ ਜਾਣ ਦਾ। ਸਵੇਰੇ ਮੈਂ ਚਲਿਆ ਜਾਣਾ ਹੈ। ਤੂੰ ਇਥੇ ਹੀ ਰਹਿ। ਕਹਿੰਦੇ, ਮੈਂ ਰਹਿ ਪਿਆ, ਸਵੇਰੇ ਉਹਦੇ ਸਾਰੇ ਸੇਵਕ ਇਕੱਠੇ ਹੋ ਗਏ। ਆਰਾਮ ਨਾਲ ਹੀ ਬੈਠਾ ਸੀ, ਬੈਠਾ-ਬੈਠਾ ਕਹਿਣ ਲੱਗਿਆ ਕਿ ਮੈਂ ਤਾਂ ਚੱਲਿਆ। ਸਰੀਰ ਦੇ ਵਿਚੋਂ ਨਿਕਲ ਗਿਆ, ਸਰੀਰ ਮੁਰਦਾ ਹੋ ਗਿਆ।

ਝਗੜਾ ਪੈ ਗਿਆ, ਈਸਾਈ ਕਹਿੰਦੇ, ਅਸੀਂ ਲੈ ਕੇ ਜਾਣਾ ਹੈ, ਮੁਸਲਮਾਨ ਕਹਿੰਦੇ ਅਸੀਂ ਕਬਰਸਤਾਨ 'ਚ ਲੈ ਕੇ ਜਾਣਾ ਹੈ, ਹਿੰਦੂ ਕਹਿੰਦੇ ਇਹ ਤਾਂ ਹੈ ਹੀ ਹਿੰਦੂ ਸਵਾਮੀ, ਅਸੀਂ ਤਾਂ ਇਹਨੂੰ ਸ਼ਮਸ਼ਾਨ ਭੂਮੀ 'ਚ ਲੈ ਕੇ ਜਾਣਾ ਹੈ।

ਡੀ.ਸੀ ਆ ਗਿਆ, ਐਸ.ਪੀ ਆ ਗਿਆ, ਪੁਲਿਸ ਆ ਗਈ। ਉਹ ਵੀ ਆਪਣੇ ਸੋਟੇ ਵਗੈਰਾ ਚੁਕ ਲਿਆਏ ਕਿ ਅਸੀਂ ਜ਼ਬਰਦਸਤੀ ਚੁੱਕ ਲਿਆਉਣਾ ਹੈ ਸਵਾਮੀ ਜੀ ਨੂੰ। ਚਾਰ ਘੰਟੇ ਰੌਲਾ ਪੈਂਦਾ ਰਿਹਾ। ਜਦੋਂ ਚਾਰ ਘੰਟੇ ਹੋ ਗਏ, ਉਹ ਸਾਰਿਆਂ ਨੂੰ ਪੁੱਛਣ ਕਿ ਸੰਤ ਕਿਵੇਂ ਸੀ? ਈਸਾਈਆਂ ਨੂੰ ਪੁੱਛਿਆ, ਈਸਾਈ ਕਹਿੰਦੇ ਸਾਨੂੰ ਬਾਈਬਲ ਦਾ

ਉਪਦੇਸ਼ ਦਿੰਦੇ ਸੀ। ਹਿੰਦੂਆਂ ਨੂੰ ਪੁੱਛਿਆ, ਉਹ ਕਹਿੰਦੇ, ਸਾਨੂੰ ਗੀਤਾ ਦਾ, ਵੇਦਾਂ ਦਾ ਉਪਦੇਸ਼ ਦਿੰਦਾ ਸੀ। ਮੁਸਲਮਾਨਾਂ ਨੂੰ ਪੁੱਛਿਆ, ਉਹ ਕਹਿੰਦੇ ਸਾਨੂੰ ਕੁਰਾਨ ਸ਼ਰੀਫ ਦਾ ਉਪਦੇਸ਼ ਦਿੰਦਾ ਸੀ।

ਉਪਦੇਸ਼ ਤਾਂ ਮਹਾਤਮਾ ਦਾ ਸਾਂਝਾਂ ਹੁੰਦਾ ਹੈ, ਉਹਨੂੰ ਚਾਹੇ ਬਾਈਬਲ ਨਾਲ ਜੋੜ ਲਓ, ਚਾਹੇ ਕੁਰਾਨ ਸ਼ਰੀਫ ਨਾਲ ਜੋੜ ਲਓ, ਚਾਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜ ਲਓ। ਇੱਕੋ ਹੀ ਗੱਲ ਹੈ।

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*

*ਅੰਗ- ੪੬੭*

ਤੱਤ ਦੀ ਗੱਲ ਇਕੋ ਹੀ ਹੈ। ਸੋ ਫੈਸਲਾ ਉਹ ਵੀ ਨਾ ਕਰ ਸਕੇ ਤੇ ਮੈਨੂੰ ਕਹਿਣ ਲੱਗੇ ਕਿ ਸਵਾਮੀ! ਤੂੰ ਦਸ ਕਿ ਤੇਰੀ ਕੀ ਰਾਏ ਹੈ? ਮੈਂ ਕਿਹਾ, ਮੈਂ ਤਾਂ ਕੱਲ੍ਹ ਆਇਆ ਸੀ, ਏਸ ਸੰਤ ਨੇ ਤਾਂ ਖਾਹਮਖਾਹ ਝਗੜਾ ਹੀ ਪਾ ਦਿਤਾ।

ਸਵਾਮੀ ਜੀ ਕਹਿੰਦੇ, ਮੈਂ ਹੈਰਾਨ ਹੋ ਗਿਆ, ਉਠ ਕੇ ਬੈਠ ਗਿਆ, ਮੈਨੂੰ ਕਹਿੰਦਾ ਕਿ ਕਿਹੜਾ ਝਗੜਾ ਪਾਇਆ ਹੈ ਮੈਂ? ਕਹਿੰਦਾ, ਹਿੰਦੂ ਗੈਟ ਆਊਟ, ਸਾਰਿਆਂ ਨੂੰ ਕੱਢ ਦਿਤਾ। ਮੁਸਲਮਾਨ ਕਹਿੰਦੇ, ਅਸੀਂ ਰਹਿ ਗਏ। ਉਨ੍ਹਾਂ ਨੂੰ ਵੀ ਕੱਢ ਦਿਤਾ, ਈਸਾਈ ਵੀ ਕੱਢ ਦਿਤੇ। ਕਹਿੰਦਾ, ਕਿੰਨੇ ਮੂਰਖ ਬੰਦੇ ਨੇ, ਹੁਣ ਨਹੀਂ ਮੈਂ ਤੁਹਾਡੇ ਹੱਥ ਆਉਂਦਾ।

ਮੈਂ ਕਿਹਾ ਸੰਤ ਜੀ! ਤੁਸੀਂ ਇਨ੍ਹਾਂ ਨੂੰ ਦੱਸਿਆ ਕਿਉਂ ਨਹੀਂ?

ਕਹਿੰਦੇ ਮੈਂ ਕੀ ਦਸਦਾ, ਸੰਤਾਂ ਦੀ ਕੋਈ ਜਾਤ ਹੁੰਦੀ ਹੈ? ਜਿਹੜੇ ਸੰਤ ਦੀ ਜਾਤ ਹੈ ਉਹ ਸੰਤ ਹੀ ਨਹੀਂ ਹੈ। ਉੱਚੀ ਬਾਤ ਹੈ ਇਹ ਬਹੁਤ। ਸੰਤ ਦੀ ਕੋਈ ਜਾਤ ਨਹੀਂ, ਸੰਤ ਦੀ ਜਾਤ ਅੱਲਾਹ ਹੁੰਦੀ ਹੈ, ਵਾਹਿਗੁਰੂ ਹੁੰਦੀ ਹੈ।

*ਨਾ ਹਮ ਹਿੰਦੂ ਨ ਮੁਸਲਮਾਨ ॥*
*ਅਲਹ ਰਾਮ ਕੇ ਪਿੰਡੁ ਪਰਾਨ ॥* *ਅੰਗ- ੧੧੩੬*

ਕਹਿਣ ਲੱਗਿਆ, ਹੁਣ ਮੈਂ ਚਾਰ ਪੰਜ ਦਿਨ ਹੋਰ ਰਹਾਂਗਾਂ। ਤੂੰ ਪੁੱਛ ਲੈ ਜਿਹੜੀਆਂ ਗੱਲਾਂ ਮੇਰੇ ਤੋਂ ਪੁੱਛਣੀਆਂ ਨੇ। ਮੈਂ ਬਹੁਤ ਬਚਨ ਉਸ ਤੋਂ ਪੁੱਛੇ। ਪੰਜਵੇਂ ਦਿਨ ਕਹਿੰਦਾ ਕਿ ਚਲ ਸਵਾਮੀ, ਆਪਾਂ ਨਹਾ ਕੇ ਆਈਏ। ਕਹਿੰਦੇ, ਮੈਂ ਤਾਂ ਹੁਣ ਚਲਿਆ ਜਾਣਾ ਹੈ, ਲੱਭਣਾ ਨਹੀਂ ਕਿਸੇ ਨੂੰ ਵੀ ਜ਼ੋਰ ਲਾ ਲੈਣ। ਕਹਿੰਦੇ, ਮੈਂ ਵੀ ਨਹਾ ਰਿਹਾ ਸੀ ਤੇ ਉਹ ਵੀ, ਟੁੱਭੀ ਮਾਰੀ, ਮੁੜ ਕੇ ਨਿਕਲੇ ਹੀ ਨਹੀਂ। ਮੈਂ ਰੌਲਾ ਪਾ ਦਿਤਾ ਕਿ ਤੁਹਾਡਾ ਸੰਤ ਤਾਂ ਗਿਆ।

ਬਥੇਰੇ ਨੱਠੇ ਫਿਰੇ, ਥੋੜ੍ਹਾ-ਥੋੜ੍ਹਾ ਪਾਣੀ ਸੀ ਪਰ ਲੱਭਿਆ ਹੀ ਨਹੀਂ ਉਹ ਕਿਸੇ ਨੂੰ। ਸਰੀਰ ਹੀ ਗੁੰਮ ਕਰ ਲਿਆ।

ਮੈਂ ਬੇਨਤੀ ਕਰਦਾ ਹਾਂ ਕਿ ਚਾਹੇ ਗੁਰੂ ਘਰ ਹੈ, ਚਾਹੇ ਹੋਰ ਹੈ ਜਿਹਦੀ ਬਿਰਤੀ ਪਹੁੰਚੀ ਹੋਈ ਹੈ, ਕਾਲ ਉਹਦੇ ਹੱਥ ਵਿਚ ਹੁੰਦਾ ਹੈ, ਜਦੋਂ ਜੀਅ ਕਰੇ ਆ ਜਾਵੇ, ਜਦੋਂ ਜੀਅ ਕਰੇ ਚਲਿਆ ਜਾਵੇ। ਚਾਰ ਪੰਜ ਘੰਟੇ ਮਰੇ ਨੂੰ ਹੋ ਗਏ ਸੀ, ਫੇਰ ਉਠ ਕੇ ਬਹਿ ਗਿਆ। ਮਰਜ਼ੀ ਨਾਲ ਫੇਰ ਚਲਿਆ ਗਿਆ।

ਗੁਰੂ ਮਹਾਰਾਜ ਜੀ ਸਾਰੀਆਂ ਤਕਲੀਫਾਂ ਸਹਿ ਰਹੇ ਨੇ। ਉਸ ਤੋਂ ਬਾਅਦ ਆਪ ਜੀ ਐਸਾ ਇਤਿਹਾਸ ਲਿਖਦੇ ਨੇ ਕਿ ਮਹਾਰਾਜ ਕਹਿੰਦੇ ਨੇ ਕਿ ਇਸ਼ਨਾਨ ਕਰਨਾ ਹੈ। ਕਈਆਂ ਵਿਚ ਐਉਂ ਲਿਖਿਆ ਹੋਇਆ ਹੈ ਕਿ ਉਥੇ ਬਰੇਤੀ ਤੇ ਹੀ ਉਨ੍ਹਾਂ ਨੂੰ ਰੱਖਿਆ ਗਿਆ, ਉਥੇ ਹੀ ਤੜਫ-ਤੜਫ ਕੇ ਉਨ੍ਹਾਂ ਦਾ ਸਰੀਰ ਛੁਟ ਗਿਆ। ਕਈਆਂ ਵਿਚ ਇਹ ਲਿਖਿਆ ਹੋਇਆ ਹੈ ਕਿ ਉਨ੍ਹਾਂ ਨੂੰ ਹੋਰ ਸਜ਼ਾ ਦੇਣ ਵਾਸਤੇ, ਠੰਢੇ ਪਾਣੀ ਵਿਚ ਗੋਤੇ ਦੇਣ ਲਗ ਗਏ ਕਿ ਛਾਲੇ ਜਿਹੜੇ ਨੇ ਪਏ ਹੋਏ, ਉਹ ਹੋਰ ਦੁਖਣ। ਆਪਣੀ-ਆਪਣੀ ਮੱਤ ਹੈ। ਮਹਿਮਾ ਪ੍ਰਕਾਸ਼ ਨੇ ਕੁਛ ਵੀ ਨਹੀਂ ਲਿਖਿਆ, ਕਿਤੇ ਵੀ ਨਹੀਂ ਕਿ ਤੱਤੀ ਤਵੀ 'ਤੇ ਬੈਠੇ, ਹੁਣ ਕਿਹੜੇ ਇਤਿਹਾਸ ਨੂੰ ਮੰਨੀਏ ਕਿਹੜੇ ਨੂੰ ਛੱਡੀਏ। ਜੇ ਅਸੀਂ ਆਪਣਾ ਮਤਲਬ ਸਿੱਧ ਕਰਨ ਵਾਸਤੇ ਕਿਸੇ ਦੀ ਬਾਂਹ, ਕਿਸੇ ਦੀ ਲੱਤ ਖਿਚਦੇ ਹਾਂ, ਕਿਸੇ ਦੀ ਉਂਗਲੀ, ਕਿਸੇ ਦਾ ਪਜਾਮਾ, ਕਿਸੇ ਦਾ ਕੁੜਤਾ ਖਿੱਚ ਕੇ, ਇਸ ਤਰ੍ਹਾਂ ਗੁਜ਼ਾਰਾ ਕਰਕੇ ਗੁਜ਼ਾਰਾ ਕਰਦੇ ਨੇ ਇਤਿਹਾਸ ਵਿਚ ਤਾਂ, ਤੁਹਾਨੂੰ ਸਿੱਧੀ ਗੱਲ ਦੱਸੀਏ। ਇਹ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੇ ਕ੍ਰਿਪਾ ਕਰ ਦਿਤੀ, ਸਿੱਕੇਬੱਧ ਕਰ ਦਿਤਾ, ਇਹਦੇ ਕਰਕੇ ਆਪਾਂ ਬਚੇ ਹੋਏ ਹਾਂ, ਇਤਿਹਾਸ ਨਾਲ ਨਹੀਂ ਸੀ ਬਚਣਾ। ਬਹੁਤ ਗਲਤ ਗੱਲਾਂ ਲਿਖ ਦਿੰਦੇ ਨੇ।

ਖੈਰ, ਗੁਰੂ ਮਹਾਰਾਜ ਨੇ ਸਰੀਰ ਛੱਡ ਦਿਤਾ। ਐਸਾ ਲਿਖਿਆ ਹੋਇਆ ਹੈ ਕਿ ਚੰਦਨ ਦੀ ਚਿਖਾ ਤਿਆਰ ਕਰਕੇ ਉਥੇ ਸਸਕਾਰ ਕੀਤਾ। ਕਈ ਥਾਂ

'ਤੇ ਐਸਾ ਲਿਖਿਆ ਹੈ ਕਿ ਗੁਰੂ ਮਹਾਰਾਜ ਨੇ ਇਸ਼ਨਾਨ ਕਰਨ ਵਾਸਤੇ ਵੜੇ, ਕਹਿੰਦੇ ਲਓ ਬਈ ਅਸੀਂ ਆਪਣਾ ਸਰੀਰ ਜਿਹੜਾ ਹੈ, ਜਿਵੇਂ ਗੁਰੂ ਨਾਨਕ ਸਾਹਿਬ ਨੇ ਅਲੋਪ ਕਰਿਆ ਸੀ, ਅਸੀਂ ਵੀ ਕਰ ਲੈਂਦੇ ਹਾਂ। ਨਹੀਂ ਤਾਂ ਜੇ ਐਨੀ ਪਬਲਿਕ ਸੀ ਉਥੇ ਗਈ ਹੋਈ, ਤਾਂ ਪਾਣੀ ਤਾਂ ਡੂੰਘਾ ਨਹੀਂ ਸੀ, ਉਥੇ ਟੋਲ੍ਹ ਟਾਲ ਲੈਣਾ ਸੀ ਕਿ ਆਹ ਗੁਰੂ ਸਾਹਿਬ ਦਾ ਸਰੀਰ ਜਾ ਰਿਹਾ ਹੈ। ਇਹ ਤਾਂ ਉਨ੍ਹਾਂ ਦੀ ਮੌਜ ਸੀ ਪ੍ਰਗਟ ਕਰ ਲੈਣਾ, ਗੁਪਤ ਹੋ ਜਾਣਾ। ਸਰੀਰ ਗੁਪਤ ਕਰ ਲਿਆ।

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਐਸੀ ਜੋ ਘਟਨਾ ਹੈ, ਗੁਰ ਇਤਿਹਾਸ ਦੇ ਅੰਦਰ ਬਹੁਤ ਵੱਡੀ ਘਟਨਾ ਹੈ ਜਿਹੜੀ ਸਾਨੂੰ ਬਹੁਤ ਸਾਰੇ ਸਬਕ ਦਿੰਦੀ ਹੈ। ਕੌਮ ਦੀ ਮਜ਼ਬੂਤੀ ਇਸ ਘਟਨਾ ਤੋਂ ਸ਼ੁਰੂ ਹੁੰਦੀ ਹੈ। ਜੇ ਗੁਰੂ ਮਹਾਰਾਜ ਸ਼ਕਤੀਆਂ ਦਿਖਾ ਦਿੰਦੇ, ਨਾ ਅੱਗ ਜਲਣ ਦਿੰਦੇ, ਨਾ ਪਾਣੀ ਗਰਮ ਹੋਣ ਦਿੰਦੇ, ਨਾ ਉਨ੍ਹਾਂ ਦੀਆਂ ਹਥਕੜੀਆਂ ਰਹਿੰਦੀਆਂ, ਫੇਰ ਕੀ ਹੁੰਦਾ। ਫੇਰ ਤਾਂ ਇਹ ਹੋਣਾ ਸੀ ਕਿ ਉਹ ਸ਼ਕਤੀ ਵਾਲੇ ਸੀ, ਸਾਡੇ 'ਚ ਸ਼ਕਤੀ ਨਹੀਂ ਹੈ, ਇਹ ਸੰਘਰਸ਼ ਨਹੀਂ ਸੀ ਚਲ ਸਕਣਾ। ਕੌਮ ਦਾ ਸੰਘਰਸ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਦਸ਼ਮੇਸ਼ ਪਿਤਾ ਜੀ ਮਹਾਰਾਜ, ਗੁਰੂ ਅੱਠਵੇਂ ਪਾਤਸ਼ਾਹ, ਗੁਰੂ ਛੇਵੇਂ ਪਾਤਸ਼ਾਹ, ਗੁਰੂ ਪੰਜਵੇਂ ਪਾਤਸ਼ਾਹ, ਹੋਰ ਅਨੇਕਾਂ ਗੁਰਸਿੱਖ ਭਾਈ ਮਨੀ ਸਿੰਘ ਵਰਗੇ, ਭਾਈ ਤਾਰੂ ਸਿੰਘ ਵਰਗੇ, ਸ਼ਕਤੀਆਂ ਸੰਪੰਨ ਸੀਗੇ ਸਾਰੇ। ਲੇਕਿਨ ਉਨ੍ਹਾਂ ਨੇ ਇਕ ਲਾਈਨ ਤੋਰ ਦਿਤੀ ਕਿ ਸੱਚੇ ਦੇ ਉਤੋਂ ਕੁਰਬਾਨ ਹੋਣਾ, ਸੱਚ ਦੀ ਸ਼ਹਾਦਤ ਦੇਣੀ ਅਤੇ ਸੱਚ ਦੀ ਸ਼ਹਾਦਤ ਦਿੰਦੇ ਜੇ ਸਰੀਰ ਜਾਂਦਾ ਹੈ ਤਾਂ ਜਾਣ ਦਿਓ। ਕੋਈ ਗੱਲ ਨਹੀਂ ਹੈ ਕਿਉਂਕਿ ਸਰੀਰ ਨੇ ਤਾਂ ਲੇਖੇ ਲਗਣਾ ਹੀ ਲਗਣਾ ਹੈ। ਇਹ ਗੱਲ ਉਹ ਹੈ ਕਿ –

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥*

*ਅੰਗ- ੬੨*

ਪਹਿਲੇ ਸਾਧੂ ਜਦੋਂ ਬ੍ਰਹਮਗਿਆਨ ਹੋ ਜਾਂਦਾ, ਪ੍ਰਕਾਸ਼ ਹੋ ਜਾਂਦਾ, ਉਸ ਤੋਂ ਬਾਅਦ ਸਰੀਰ ਦੀ ਲੋੜ ਨਹੀਂ ਸੀ ਸਮਝਦੇ, ਆਪਣੇ ਆਪ ਹੀ ਛੱਡ ਦਿਆ ਕਰਦੇ ਸੀ ਕਿ ਹੁਣ ਮੈਨੂੰ ਲੋੜ ਨਹੀਂ ਹੈ, ਜੋ ਕੁਛ ਲੈਣਾ ਸੀ ਮਿਲ ਗਿਆ, ਜੋ ਕੁਛ ਪਾਉਣਾ ਸੀ ਪਾ ਲਿਆ, ਜੋ ਕੁਛ ਜਾਨਣਾ ਸੀ ਜਾਣ ਲਿਆ, ਹੁਣ ਇਸ ਤੋਂ ਅੱਗੇ ਕੋਈ ਚੀਜ਼ ਨਹੀਂ। ਲੇਕਿਨ ਗੁਰੂ ਘਰ ਦੇ ਅੰਦਰ ਹੈ ਕਿ ਬ੍ਰਹਮਗਿਆਨ ਦੀ ਪ੍ਰਾਪਤੀ ਕਰਨ ਤੋਂ ਬਾਅਦ ਇਸ ਸਰੀਰ ਨੂੰ ਸ਼ੁਭ ਲੇਖੇ ਵਿਚ ਲਾਓ। ਚਾਹੇ ਤਾਂ ਸੇਵਾ ਕਰੋ ਸੰਗਤਾਂ ਦੀ, ਚਾਹੇ ਕੀਰਤਨ ਨਾਲ ਸੇਵਾ ਕਰੋ, ਚਾਹੇ ਹੋਰ ਤਰੀਕੇ ਨਾਲ ਸੇਵਾ ਕਰੋ। ਸੇਵਾ ਕਰੋ, ਏਸ ਸਰੀਰ ਨੂੰ ਅੰਤ ਸਮੇਂ ਤੱਕ ਜਦੋਂ ਤਕ ਆਖਰੀ ਸ੍ਵਾਸ ਨਹੀਂ ਆਉਂਦਾ ਇਹਨੂੰ ਲੇਖੇ ਵਿਚ ਲਾਓ।

ਸੋ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਦੀ ਜੋ ਮਹਿਮਾ ਹੈ, ਉਹਦੇ ਬਾਰੇ ਭੱਟਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ, ਐਸੀ ਸ਼ਰਧਾ ਪ੍ਰਗਟਾਈ ਹੈ –

*ਧਾਰਨਾ – ਜਿਨ੍ਹਾਂ ਜਪਿਆ ਅਰਜਨ ਦੇਵ ਗੁਰਾਂ ਨੂੰ,*
*ਜਮਾਂ ਵਾਲੀ ਫਾਹੀ ਟੁੱਟ ਗਈ।*

*ਜਪ੍ਉ ਜਿਨ੍ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥ ਅੰਗ – ੧੪੦੯*

ਜਿਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਨੂੰ ਜਪਿਆ ਹੈ, ਸੁਣਿਆ ਹੈ, ਉਹਦਾ ਫਲ ਕੀ ਹੋਇਆ? ਉਹ ਗਰਭ ਜੂਨ ਵਿਚ ਫੇਰ ਨਹੀਂ ਆਉਂਦੇ। ਸਾਰੀ ਜ਼ਿੰਦਗੀ ਕੱਢ ਦਿਤੀ ਭਰਮਦਿਆਂ ਨੇ, ਕੋਈ ਥਾਂ ਨਹੀਂ ਮਿਲਿਆ। ਕਲਜੁਗ ਦੇ ਸਮੁੰਦਰ ਵਿਚ ਡੁੱਬ ਰਹੇ ਸੀ। ਤੱਤ ਵਿਚਾਰ ਤਾਂ ਕਹਿੰਦੇ ਇਹ ਹੈ ਕਿ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਨੇ ਨਿਰਗੁਨ ਸਰੂਪ 'ਚੋਂ ਸੰਸਾਰ ਦਾ ਉਧਾਰ ਕਰਨ ਵਾਸਤੇ ਇਹ ਅਵਤਾਰ ਬਣਾਇਆ ਸੀ, ਸਰੀਰ ਬਣਾਇਆ ਸੀ। ਜਿਨ੍ਹਾਂ ਨੇ ਇਨ੍ਹਾਂ ਦਾ ਧਿਆਨ ਕਰਿਆ ਹੈ। ਜਿਸ ਤਰ੍ਹਾਂ –

*ਸ੍ਰੀ ਗੁਰੁ ਹਰਿ ਕ੍ਰਿਸ਼ਨ ਧਿਆਈਐ*
*ਜਿਸ ਡਿਠੈ ਸਭ ਦੁਖ ਜਾਹਿ।*

ਜਿਹੜਾ ਗੁਰੂ ਅਰਜਨ ਪਾਤਸ਼ਾਹ ਦਾ ਧਿਆਨ ਕਰਦੈ, ਉਹਦੇ ਨਾਲ ਕੀ ਹੁੰਦੈ –

*ਜਪ੍ਉ ਜਿਨ੍ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥ ਅੰਗ- ੧੪੦੯*

ਫੇਰ ਨਹੀਂ ਉਹਨੂੰ ਸੰਕਟ ਪੈਣਾ, ਗਰਭ ਜੋਨੀ 'ਚ ਨਹੀਂ ਆਵੇਗਾ ਜਿਨ੍ਹਾਂ ਨੇ ਉਨ੍ਹਾਂ ਦਾ ਜਸ ਸੁਣਿਆ ਹੈ, ਜਸ ਗਾਇਆ ਹੈ, ਜਸ ਨੂੰ ਹਿਰਦੇ 'ਚ ਵਸਾਇਆ ਹੈ ਕਿਉਂਕਿ ਉਹ ਆਪ ਹੀ ਪ੍ਰਮੇਸ਼ਰ ਸੀਗੇ। ਪ੍ਰਮੇਸ਼ਰ ਉਨ੍ਹਾਂ ਦੇ ਸਰੀਰ 'ਚ ਸਾਖਸ਼ਾਤ ਵਸਦਾ ਸੀ। ਉਥੇ ਦੋ ਨਹੀਂ ਸੀਗੇ, ਆਪ ਹੀ ਪ੍ਰਮੇਸ਼ਰ ਸੀ।

*ਇਹ ਪਧਤਿ ਤੇ ਮਤ ਚੂਕਹਿ ਰੇ ਮਨ*
*ਭੇਦੁ ਬਿਭੇਦੁ ਨ ਜਾਨ ਬੀਅਉ ॥*
*ਪਰਤਛਿ ਰਿਦੈ ਗੁਰ ਅਰਜੁਨ ਕੈ*
*ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥ ਅੰਗ- ੧੪੦੯*

*ਧਰਨਿ ਗਗਨ ਨਵ ਖੰਡ ਮਹਿ*
*ਜੋਤਿ ਸ੍ਵਰੂਪੀ ਰਹਿਓ ਭਰਿ ॥*
*ਭਨਿ ਮਥੁਰਾ ਕਛੁ ਭੇਦੁ ਨਹੀ*
*ਗੁਰੁ ਅਰਜੁਨੁ ਪਰਤਖ੍ਹ ਹਰਿ ॥ ਅੰਗ- ੧੪੦੯*

ਸੋ ਐਸੇ ਮਹਾਨ ਗੁਰੂਆਂ ਬਾਰੇ ਆਪ ਨੇ ਪੜ੍ਹਿਆ ਹੈ। ਸੋ ਜਿੰਨੀ ਕੁ ਬੁੱਧੀ ਬਖਸ਼ੀ ਹੈ ਉਸ ਦੇ ਮੁਤਾਬਿਕ ਮੈਂ ਬੇਨਤੀ ਕਰੀ ਹੈ, ਕਿਉਂਕਿ ਸਾਨੂੰ ਸ਼ੱਕ ਪੈ ਜਾਂਦੇ ਨੇ ਕਿ ਗੁਰੂ ਮਹਾਰਾਜ ਨੇ ਸ਼ਕਤੀ ਕਿਉਂ ਨਾ ਦਿਖਾਲੀ। ਆਹ ਬੁੱਧੀਜੀਵੀ ਲੋਕ ਨੇ, ਕਈ ਪ੍ਰੋਫੈਸਰ ਕਹਿੰਦੇ ਨੇ ਕਿ ਸ਼ਕਤੀ ਹੈ ਹੀ ਨਹੀਂ ਸੀ, ਜੇ ਹੁੰਦੀ ਤਾਂ ਦਿਖਾਂਦੇ। ਉਹ ਆਪਣੇ ਹਿਸਾਬ ਨਾਲ ਚੱਲੀ ਜਾਂਦੇ ਨੇ। ਜਗਿਆਸੂ ਡੋਲਦਾ ਹੈ ਕਿ ਜਿਹੜੇ ਆਪਣੀ ਮਦਦ ਨਹੀਂ ਕਰ ਸਕੇ, ਸਾਡੀ ਕੀ ਕਰਨਗੇ। ਡੋਲਦਾ ਹੈ ਨਾ ਕੁਦਰਤੀ ਕਿ ਆਪ ਹੀ ਤੱਤੀਆਂ ਤਵੀਆਂ 'ਤੇ ਬਹਿ ਗਏ, ਆਪ ਹੀ ਦੇਗਾਂ 'ਚ ਉਬਾਲੇ ਖਾਏ, ਸਾਡੀ ਰਾਖੀ ਕੀ ਕਰਨਗੇ? ਗੁਰੂ ਤਾਂ ਇਹ ਕਹਿੰਦਾ ਹੈ -

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁਤ ਭਾਂਤਿ ਬਚਾਵੈ॥*
*ਸਤ੍ਰੁ ਅਨੇਕ ਚਲਾਵਤ ਘਾਵ*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰੁ ਦੈ ਕਰਿ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ,*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ (ਅਕਾਲ ਉਸਤਤਿ)*

ਲੱਖ ਬੰਦਾ ਬਰਖਿਲਾਫ ਹੋਵੇ, ਜੇ ਗੁਰੂ ਵਲ ਹੈ ਤਾਂ ਉਸ ਦਾ ਕੁਛ ਨਹੀਂ ਵਿਗੜਦਾ ਪਰ ਇਥੇ ਅਸੀਂ ਦੇਖਦੇ ਹਾਂ ਕਿ ਗੁਰੂ ਆਪ ਹੀ ਤੱਤੀਆਂ ਤਵੀਆਂ ਤੇ ਬੈਠ ਗਏ।

ਨਹੀਂ ਸਾਧਸੰਗਤ ਜੀ! ਇਹ ਗੁਰੂ ਦਾ ਆਪਣਾ ਕਰਮ ਸੀ ਜਿਹੜਾ ਉਨ੍ਹਾਂ ਨੇ ਕੌਮ ਦੀ ਉਸਾਰੀ ਵਾਸਤੇ ਕਰਨਾ ਹੀ ਕਰਨਾ ਸੀ। ਇਹਦੇ ਵਿਚ ਸ਼ਰਧਾ ਤੋੜ ਕੇ, ਇਸ ਤਰ੍ਹਾਂ ਦੀ ਗਲਤ ਸੋਚ ਨਹੀਂ ਸੋਚਣੀ ਚਾਹੀਦੀ। ਗੁਰੂ ਮਹਾਰਾਜ ਸਮਰੱਥ ਸੀਗੇ, ਜੋ ਕੁਛ ਕਰਨਾ ਚਾਹੁੰਦੇ ਕਰ ਸਕਦੇ ਸੀ, ਕਿਹਦੀ ਤਾਕਤ ਸੀ ਉਨ੍ਹਾਂ ਵਲ ਝਾਕਣ ਦੀ ਕਿਉਂਕਿ ਗੁਰੂ ਤੇ ਪ੍ਰਮੇਸ਼ਰ 'ਚ ਫਰਕ ਨਹੀਂ ਹੁੰਦਾ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ- ੪੪੨*

ਉਹ ਤਾਂ ਮਹਾਨ ਸ਼ਕਤੀਆਂ ਦੇ ਮਾਲਕ ਹੁੰਦੇ ਨੇ, ਇਕ ਫੁਰਨਾ ਕਰਨ ਦੀ ਲੋੜ ਹੈ, ਕੁਛ ਵੀ ਨਹੀਂ ਰਹਿੰਦਾ। ਲੇਕਿਨ ਉਨ੍ਹਾਂ ਨੇ ਆਉਣ ਵਾਲੀ ਜਿਹੜੀ ਕੌਮ ਸੀ ਉਹਦੇ ਵਿਚ ਜਾਨ ਭਰਨ ਵਾਸਤੇ, ਉਹਦੇ ਵਿਚ ਤਕਲੀਫਾਂ ਨੂੰ ਸਹਿ ਲੈਣ ਵਾਸਤੇ ਆਪ ਨੇ ਇਕ ਮਾਰਗ ਦਰਸ਼ਨ ਦਿਤਾ।

ਫੌਜ ਦੇ ਅੰਦਰ ਜਿਹੜਾ ਪੀ ਟੀ ਮਾਸਟਰ ਹੁੰਦਾ ਹੈ ਜਾਂ ਦੂਸਰਾ ਹੁੰਦਾ ਹੈ ਉਹ ਪਹਿਲਾਂ ਆਪ ਕਰਕੇ ਦਿਖਾਉਂਦਾ ਹੈ, ਚਾਹੇ ਉਹਨੂੰ ਕਰਨ ਦੀ ਲੋੜ ਨਹੀਂ ਕੋਈ ਹੁੰਦੀ, ਕਿਉਂਕਿ ਉਹਦੀ ਡਿਊਟੀ ਲੱਗੀ ਹੋਈ ਹੈ ਕਿ ਇਹ ਉਸਤਾਦ, ਉਸਤਾਦ ਨੇ ਜਿਹੜੇ ਰੰਗਰੂਟ ਨੇ ਸਿਖਾਉਣਾ ਹੀ ਸਿਖਾਉਣਾ ਹੈ। ਜਿਵੇਂ ਸਾਰਾ ਕੁਛ ਕਰਕੇ ਦਿਖਾਉਂਦਾ ਹੈ, ਹਾਲਾਂਕਿ ਉਹ ਤਾਂ ਪਾਸ ਹੋਇਆ-ਹੋਇਐ। ਸੋ ਗੁਰੂਆਂ ਨੇ ਜੇ ਤਾਂ ਇਹ ਧਰਮ ਦਾ ਮਾਰਗ ਨਾ ਚਲਾਣਾ ਹੁੰਦਾ ਫੇਰ ਤਾਂ ਕਿਸੇ ਦੀ ਤਾਕਤ ਨਹੀਂ ਸੀ ਗੁਰੂ ਸਾਹਿਬ ਨੂੰ ਕੋਈ ਤੱਤੀ ਤਵੀ 'ਤੇ ਬਿਠਾ ਦਿੰਦਾ, ਇਹ ਇਕ ਮਾਰਗ ਸੀ। ਇਹ ਇਕ ਲੰਮਾ ਰਸਤਾ ਹੈ ਜਿਹੜਾ ਸੰਸਾਰ ਦੇ ਉਤੇ ਫੈਲਣਾ ਹੈ, ਕਿਸੇ ਸਮੇਂ ਤੇ ਜਦੋਂ ਸਾਨੂੰ ਸੁਮੱਤ ਆ ਗਈ। ਅਜੇ ਸਾਨੂੰ ਅਕਲ ਨਹੀਂ ਆਈ। ਕਮਲਿਆਂ ਦੇ ਹੱਥ ਪੈ ਗਈ ਬਹੁਤ ਵੱਡੀ ਗੱਲ। ਕਮਲੇ ਆਪਸ ਵਿਚ ਹੀ ਲੜੀ ਜਾਂਦੇ ਨੇ, ਅੰਨ੍ਹੇ ਹਾਂ ਅਸੀਂ। ਦੁਨੀਆਂ ਨੂੰ ਨਹੀਂ ਦਸ ਸਕਦੇ, ਜੇ ਕੋਈ ਦੱਸਣ ਦੀ ਕੋਸ਼ਿਸ਼ ਕਰਦਾ ਹੈ, ਕਹਿੰਦੇ ਨੇ ਇਹਨੂੰ ਖਿੱਚ ਕੇ ਥੱਲੇ ਸੁੱਟ ਦਿਓ। ਬੋਲਣ ਨਹੀਂ ਦਿੰਦੇ ਕਿਸੇ ਨੂੰ। ਆ ਜਾਣਾ ਹੈ ਸਮਾਂ ਛੇਤੀ ਹੀ। ਇਹ ਤਾਂ ਫੈਲ ਜਾਣਾ ਹੈ ਸੰਦੇਸ਼ ਸਾਰੀ ਦੁਨੀਆਂ 'ਚ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾ ਛੱਡੋ, ਜਿਹੜਾ ਕੁਛ ਇਹ ਕਹਿੰਦੀ ਹੈ ਉਹਦੇ ਮੁਤਾਬਿਕ ਆਪਣਾ ਜੀਵਨ ਬਤੀਤ ਕਰੋ। ਫੇਰ ਅਸੀਂ ਇਥੇ ਵੀ ਸੁਖੀ ਤੇ ਦਰਗਾਹ ਵਿਚ ਵੀ ਸੁਖੀ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

***(ਵੀਡੀਓ ਫਿਲਮ ਦੀਵਾਨ ਨੰ: 519)***

# ਬਿਨੁ ਭਾਗਾ ਸਤਸੰਗੁ ਨ ਲਭੈ
# ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥*
*ਗੁਣ ਨਿਧਾਨ ਭਗਤਨ ਕਉ ਬਰਤਨਿ*
*ਬਿਰਲਾ ਪਾਵੈ ਕੋਈ ॥ ੧ ॥*
*ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥*
*ਜਾ ਕੀ ਸਰਣਿ ਪਇਆਂ ਸੁਖੁ ਪਾਈਐ*
*ਬਾਹੁੜਿ ਦੂਖੁ ਨ ਹੋਈ ॥ ੧ ॥ ਰਹਾਉ ॥*
*ਵਡਭਾਗੀ ਸਾਧਸੰਗੁ ਪਰਾਪਤਿ*
*ਤਿਨ ਭੇਟਤ ਦੁਰਮਤਿ ਖੋਈ ॥*
*ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ*
*ਜਿਨ ਹਰਿ ਨਾਮੁ ਰਿਦੈ ਪਰੋਈ ॥ ਅੰਗ- ੬੧੮*

*ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥*
*ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥*
*ਅੰਗ- ੧੩੬੯*

*ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ ॥*
*ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ ॥*
*ਅੰਗ- ੧੩੬੫*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਗੁਰੂ ਪਾਤਸ਼ਾਹ ਜੀ ਦੀ ਕ੍ਰਿਪਾ ਹੋਈ ਹੈ ਆਪਾਂ ਸਾਰਿਆਂ ਨੂੰ ਸਤਿਸੰਗ ਕਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਇਹ ਸੰਗਤ ਦੀ ਨਿਸ਼ਾਨੀ ਹੁੰਦੀ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਨਾਮ ਦੇ ਨਾਲ ਜੁੜਿਆ ਜਾਵੇ, ਨਾਮ ਦੇ ਵਿਚ ਸਾਂਤੀ ਹੈ। ਬਾਹਰ ਭਾਵੇਂ -

*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥*
*ਅੰਗ- ੭੫੭*

ਇਹ ਗੁਰਸਿੱਖੀ ਦੀ ਨਿਸ਼ਾਨੀ ਹੈ ਕਿ ਕਿਹੋ ਜਿਹੀ ਵੀ ਹਾਲਤ ਹੋਵੇ ਪਰ ਗੁਰੂ ਦੇ ਦਰਬਾਰ ਵਿਚ ਪਹੁੰਚਦੇ ਹੋਂ। ਸਤਿਸੰਗ ਬਿਨਾਂ ਭਾਗਾਂ ਤੋਂ ਨਹੀਂ ਮਿਲਦਾ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ- ੯੫*

ਬਾਕੀ ਕੰਮ ਤਾਂ ਜਿਹੜੇ ਤੇਰੇ ਹਨ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ - ੧੨*

ਕਿਹੜਾ ਕੰਮ ਅਸਲ ਹੈ, ਜਿਹੜਾ ਆਪਾਂ ਕਰਨਾ ਹੈ -

*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ- ੧੨*

ਇਹੀ ਨਾਲ ਜਾਣਾ ਹੈ। ਬਾਕੀ ਕੰਮ ਨਾਲ ਨਹੀਂ ਜਾਣੇ। ਨਾਮ ਨਾਲ ਜੁੜਿਆ ਜਾਂਦਾ ਹੈ। ਨਾਮ ਨਾਲ ਜੁੜਨ ਦੀ ਜੁਗਤ ਮਿਲਦੀ ਹੈ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਅੰਗ- ੨੬੪*

ਇਹ ਨਾਮ, ਇਹ ਧਨ, ਇਹ ਪੂੰਜੀ ਜਿਸਨੂੰ ਆਪਾਂ ਸਤਿਸੰਗ ਦੇ ਵਿਚੋਂ ਪ੍ਰਾਪਤ ਕਰਦੇ ਹਾਂ। ਇਹੀ ਔਖੇ ਸਮੇਂ ਸਹਾਈ ਹੋਣਾ ਹੈ। ਦੂਜੇ ਪਾਸੇ ਹੈ ਕੁਸੰਗ-

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥*
*ਅੰਗ- ੧੩੭੧*

ਜੇ ਕੁਸੰਗ ਨਾਮ ਤੋਂ ਭੁਲਾਉਣ ਵਾਲੇ ਕਿਸੇ ਬੰਦੇ ਦਾ ਮਿਲਦਾ ਹੈ ਕਹਿੰਦੇ, ਉਸ ਨੂੰ ਦੂਰੋਂ ਹੀ ਦੇਖ ਕੇ ਰਸਤਾ ਬਦਲ ਲਓ, ਪਾਸਾ ਵੱਟ ਲਓ ਕਿ ਇਹ ਤਾਂ ਪ੍ਰਮੇਸ਼ਰ ਨੂੰ ਭੁਲਾਉਣ ਵਾਲਾ ਕੰਮ ਹੈ। ਕਿਸੇ ਕੁਸੰਗੀ ਦਾ ਸੰਗ ਕਰ ਲਿਆ, ਕਿਹੋ ਜਿਹੀ ਹਾਲਤ ਹੁੰਦੀ ਹੈ-

*ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥*
*ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ ॥*
*ਅੰਗ- ੯੬੫*

ਫੇਰ ਜਵਾਬ ਮੰਗਿਆ ਜਾਣਾ ਹੈ ਕਿ ਤੂੰ ਕਿਉਂ ਕੁਸੰਗ ਕੀਤਾ? ਜਿਵੇਂ ਚਾਵਲ ਦੇ ਕਾਰਨ ਤੁੱਖ ਨੂੰ ਮੋਹਲਾ ਪੈਂਦਾ ਹੈ, ਸੱਟਾਂ ਪੈਂਦੀਆਂ ਨੇ ਇਹ ਇਕ ਮਿਸਾਲ ਦਿਤੀ ਹੈ -

*ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥*

*ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥*
*ਅੰਗ- ੧੩੬੯*

ਮਿਸਾਲ ਦਿਤੀ ਹੈ ਕਿ ਹਵਾ ਚਲਦੀ ਹੈ, ਕੇਲਾ ਆਪਣੀ ਮਸਤੀ ਦੇ ਵਿਚ ਝੂੰਮਦਾ ਹੈ ਪਰ ਉਸ ਦੇ ਨੇੜੇ ਬੇਰੀ ਹੈ, ਉਹ ਬੇਰੀ ਦਾ ਕੁਸੰਗ ਕੇਲੇ ਦੇ ਪੱਤਿਆਂ ਨੂੰ ਪਾੜ ਕੇ ਰੱਖ ਦਿੰਦਾ ਹੈ। ਦੂਜੇ ਪਾਸੇ ਸੰਗਤ ਹੈ -

*.....ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ਅੰਗ-੯੪*

ਆਹ ਥੋੜ੍ਹਾ ਜਿਹਾ ਸਮਾਂ ਸੰਗਤ ਮਿਲ ਗਈ, ਸਮਾਂ ਮਿਲ ਗਿਆ। ਇਹਦਾ ਲਾਭ ਹੀ ਲਾਭ ਹੈ -

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ- ੧੩੭੭*

ਇਕ ਘੜੀ, ਸਾਢੇ 24 ਕੁ ਮਿੰਟ ਵੀ ਮਿਲ ਗਏ। ਉਸ ਤੋਂ ਵੀ ਘੱਟ ਅੱਧੀ ਘੜੀ, ਸਵਾ 12 ਮਿੰਟ, ਉਸ ਤੋਂ ਵੀ ਅੱਧੀ ਪੌਣੇ ਕੁ 6 ਮਿੰਟ, ਉਸ ਤੋਂ ਵੀ ਅੱਧੀ ਕਹਿੰਦੇ ਢਾਈ ਮਿੰਟ, ਇਥੋਂ ਤਕ ਕਿ-

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।*

ਸਮਾਂ ਉਡੀਕਦਾ ਨਹੀਂ ਲੰਘ ਜਾਣਾ ਹੈ -

*ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥*
*ਕਾਲੁ ਅਹੇਰੀ ਫਿਰੈ ਬਧਿਕ ਜਿਉ*
*ਕਹਹੁ ਕਵਨ ਬਿਧਿ ਕੀਜੈ ॥ ਅੰਗ- ੬੯੨*

ਦਿਨ ਤੋਂ ਪਹਿਰ, ਪਹਿਰ ਫੇਰ ਘੜੀਆਂ, ਪਲਾ, ਚਸ ਕਿੰਨਾ ਸਮਾਂ ਹੈ, ਅੱਜ ਘੰਟੇ ਹਨ, ਮਿੰਟ, ਸਕਿੰਟ, ਲੰਘਦਾ ਜਾ ਰਿਹਾ ਹੈ, ਸਿਰ ਉਤੇ ਉਹ ਕਾਲ ਕੂਕ ਰਿਹਾ ਹੈ। ਇਸ ਕਰਕੇ ਤੈਨੂੰ ਗੁਰੂ ਦੀ ਬਾਣੀ ਯਾਦ ਕਰਾ ਰਹੀ ਹੈ ਕਿ ਇਹ ਕਰ ਤੂੰ -

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥*
*ਰਹਾਉ ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*
*ਅੰਗ- ੭੨੬*

ਪਿਆਰਿਆ! ਤੂੰ ਉਹ ਕੰਮ ਕਰ, ਜੋ ਇਸ ਮਾਤ ਲੋਕ ਦੇ ਵਿਚ ਕਰਨ ਵਾਸਤੇ ਆਇਆ ਹੈਂ। ਉਸ ਕੰਮ ਦੀ ਦਸ ਇਥੇ ਸਤਿਸੰਗ ਵਿਚ ਪੈਂਦੀ ਹੈ। ਉਹ ਕਿਹੜਾ ਕੰਮ ਹੈ? -

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ਅੰਗ- ੧੧੫੯*

ਸੇਵਾ ਤੇ ਸਿਮਰਨ ਇਹ ਦੋਵੇਂ ਜ਼ਰੂਰੀ ਹਨ। ਮਾਨੁੱਖ ਤਨ ਦਾ ਪ੍ਰਯੋਜਨ ਤਾਂ ਹੀ ਪੂਰਾ ਹੈ। ਹੋਰ ਜੂਨਾਂ ਦੇ ਜੀਵਾਂ ਨੂੰ ਇਹ ਅਧਿਕਾਰ ਪ੍ਰਾਪਤ ਨਹੀਂ, ਤਾਂ ਹੀ ਦੇਵਤੇ ਵੀ ਲੋਚਦੇ ਨੇ। ਬਾਕੀ ਜਿਹੜੀਆਂ ਜੂਨੀਆਂ ਹਨ ਉਹ ਕਰਮ ਜੂਨੀਆਂ ਹਨ। ਇਕ ਮਾਨੁਖ ਤਨ ਨੂੰ ਵਡਿਆਈ ਦਿਤੀ ਹੈ ਕਿ ਇਹ ਸੇਵਾ ਕਰ ਸਕਦਾ ਹੈ, ਸੇਵਾ ਤੇ ਸਿਮਰਨ। ਪਰ ਅਸੀਂ ਭੁੱਲੇ ਬੈਠੇ ਹਾਂ ਕਿ ਕੀ ਕਰਨਾ ਹੈ।

ਸੋ ਪਿਆਰਿਓ -

*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ਅੰਗ- ੧੧੫੯*

ਫੇਰ ਇਨਸਾਨ ਪ੍ਰੋੜ੍ਹਤਾ (justify) ਕਰਦਾ ਹੈ ਕਿ ਅਜੇ ਬੜਾ ਸਮਾਂ ਪਿਆ ਹੈ। ਅਜੇ ਬਚਪਨਾਂ ਹੈ, ਜਵਾਨੀ ਆਏਗੀ, ਬੁਢੇਪਾ ਆਏਗਾ ਫੇਰ ਨਾਮ ਜਪ ਲਵਾਂਗੇ। ਪਿਆਰਿਆ! ਫੇਰ ਨਹੀਂ ਹੋਣਾ -

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥*
*ਅੰਗ - ੧੪੨੮*

ਫੇਰ ਤਾਂ ਐਸਾ ਹੋ ਜਾਣਾ ਹੈ -

*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ਅੰਗ- ੧੧੫੯*

ਜਦੋਂ ਤਕ ਤੇਰੀ ਕਾਇਆ ਨਿਰੋਗ ਹੈ, ਸਰੀਰ ਬਲਵਾਨ ਹੈ, ਕਰ ਸਕਦਾ ਹੈ ਪਰ ਤੂੰ ਕਰਦਾ ਨਹੀਂ। ਫੇਰ ਕੀ ਹੋਣਾ ਹੈ? -

*ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥*
*ਅੰਗ- ੮੫੬*

'ਜਰਾ' ਬੁਢੇਪੇ ਨੂੰ ਕਿਹਾ ਹੈ। ਬਾਬਾ ਜੱਲ੍ਹਣ ਜੀ ਜੱਟ ਉਹ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਦੇ ਸਮਕਾਲੀ ਬੜੇ ਸਿੱਧੇ ਬਚਨ ਕਹਿੰਦੇ ਹਨ -

*ਨਿੱਕੇ ਹੁੰਦੇ ਢੱਗੇ ਚਾਰੇ*
*ਵੱਡੇ ਹੋਏ ਹੱਲ ਵਾਹਿਆ।*
*ਬੁੱਢੇ ਹੋ ਕੇ ਮਾਲਾ ਫੇਰੀ,*
*ਰੱਬ ਦਾ ਉਲਾਂਭਾ ਲਾਹਿਆ।*

ਫੇਰ ਤਾਂ ਐਸਾ ਹੁੰਦੈ –

*ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥*
*ਰੂਧਾ ਕੰਠੁ ਸਬਦੁ ਨਹੀ ਉਚਰੈ*
*ਅਬ ਕਿਆ ਕਰਹਿ ਪਰਾਨੀ ॥ ਅੰਗ- ੬੫੯*

ਬਾਬਾ ਫਰੀਦ ਨੇ ਤਾਂ ਕਹਿ ਹੀ ਦਿਤਾ ਕਿ ਇਹ ਹੋਣਾ ਨਹੀਂ ਫੇਰ –

*ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥*
*ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥*
*ਅੰਗ - ੧੩੭੮*

ਤੇਰੀ ਜਦੋਂ ਜਵਾਨੀ ਸੀ ਉਦੋਂ ਤੂੰ ਭਜਨ ਕੀਤਾ ਨਹੀਂ, ਫੇਰ ਬੁਢੇਪੇ ਵਿਚ ਕੀ ਆਸ ਹੈ? ਪਰ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਫੁਰਮਾਨ ਕਰਦੇ ਨੇ–

*ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ*
*ਜੇ ਕੋ ਚਿਤਿ ਕਰੇ ॥*
*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥*
*ਅੰਗ- ੧੩੭੮*

ਸੋ ਹੁਣ ਵੀ ਕਰ ਲਓ, ਜਦੋਂ ਸਮਾਂ ਬਣ ਗਿਆ, ਦਿਲ ਨਾ ਛੱਡੋ –

*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ਅੰਗ- ੧੧੫੯*

*ਸੋ ਸੇਵਕੁ ਜੋ ਲਾਇਆ ਸੇਵ ॥*
*ਤਿਨ ਹੀ ਪਾਏ ਨਿਰੰਜਨ ਦੇਵ ॥*
*ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥*
*ਬਹੁਰਿ ਨ ਆਵੈ ਜੋਨੀ ਬਾਟ ॥ ੪ ॥*
*ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥*
*ਘਟ ਭੀਤਰਿ ਤੂ ਦੇਖੁ ਬਿਚਾਰਿ ॥*
*ਕਹਤ ਕਬੀਰੁ ਜੀਤਿ ਕੈ ਹਾਰਿ ॥*
*ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥ ਅੰਗ - ੧੧੫੯*

ਜਿਨ੍ਹਾਂ ਨੂੰ ਸੇਵਾ ਮਿਲੀ ਕਿੰਨੇ ਭਾਗਾਂ ਵਾਲੇ ਹਨ, ਕੋਈ ਕਿਤੇ ਸੇਵਾ ਕਰਦਾ ਹੈ, ਕੋਈ ਲੰਗਰਾਂ 'ਚ, ਕੋਈ ਪੰਡਾਲਾਂ 'ਚ, ਜੋੜਿਆਂ 'ਚ। ਕੋਈ ਸੰਗਤਾਂ ਨੂੰ ਲਿਆਉਣ ਦੀ, ਕੋਈ ਲੰਗਰ ਬਣਾਉਣ ਦੀ, ਕੋਈ ਵਰਤਾਉਣ ਦੀ, ਕਿੰਨੀ ਸੇਵਾ ਦਾ ਕੁੰਭ ਲਗ ਗਿਆ। ਇਹ ਤਾਂ ਇਲਾਕਾ ਹੀ ਸੇਵਾ ਤੇ ਸਿਮਰਨ ਵਾਲਾ ਹੈ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਸਾਢੇ 29 ਸਾਲ ਇਸ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸਰੀਰਕ ਸਮੇਂ ਵਿਚ ਲਾਏ। ਗਏ ਤਾਂ ਕਿਤੇ ਨਹੀਂ। ਪਾਤਸ਼ਾਹ ਕਹਿੰਦੇ, ਇਹ ਮੇਰੀ ਖੇਤੀ ਹੈ। ਮੈਂ ਇਹਦੀ ਸੰਭਾਲ ਕਰਾਂਗਾ, ਕਦੋਂ ਤੱਕ? –

*ਜਬ ਲਗ ਖਾਲਸਾ ਰਹੇ ਨਿਆਰਾ।*
*ਤਬ ਲਗ ਤੇਜ ਦਿਓ ਮੈਂ ਸਾਰਾ।*

ਅੱਜ ਤੇਜ ਕਿਉਂ ਘਟਦੈ, ਅਸੀਂ ਰੀਤ ਹੋਰ ਅਪਣਾਅ ਲਈ –

*ਜਬ ਇਹ ਗਹੇ ਬਿਪਰਨ ਕੀ ਰੀਤ।*
*ਮੈਂ ਨਾ ਕਰਹੁੰ ਇਨ ਕੀ ਪਰਤੀਤ।*

ਹੁਣ ਇਥੇ ਹੀ ਸ੍ਰੀ ਅਨੰਦਪੁਰ ਸਾਹਿਬ ਇਕ ਐਸਾ ਪ੍ਰੇਮੀ ਆਉਂਦਾ, ਛੇਤੀ–ਛੇਤੀ ਕਰਦਾ, ਕਾਹਲੀ–ਕਾਹਲੀ ਕਰਦਾ। ਨਮਸ਼ਕਾਰ ਕਰਦਾ, ਉਸੇ ਸਮੇਂ ਮੁੜ ਜਾਂਦਾ। ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਸਿੱਖ ਦੇ ਅੰਦਰ ਬੜਾ ਕਾਹਲਾਪਣ ਹੈ। ਕਹਿੰਦੇ, ਕੋਈ ਨਾ ਇਹਨੂੰ ਬਿਠਾਇਓ ਅੱਜ ਗੱਲ ਕਰ ਲਵਾਂਗੇ।

ਉਹ ਕਹਿੰਦੇ, ਗੁਰਸਿੱਖਾ! ਤੈਨੂੰ ਕਾਹਲ ਕਾਹਦੀ ਹੈ?

ਕਹਿੰਦਾ, ਮਹਾਰਾਜ! ਰੋਜ਼ ਕਮਾਉਂਦਾ ਹਾਂ ਤੇ ਖਾਂਦਾ ਹਾਂ। ਦਿਹਾੜੀਦਾਰ ਹਾਂ। ਬੱਚੇ ਨੇ ਪਰਿਵਾਰ ਹੈ। ਇਸ ਕਰਕੇ ਕੰਮ ਵੀ ਦੇਖਣਾ ਹੈ। ਪਾਤਸ਼ਾਹ ਕਹਿੰਦੇ, ਤੂੰ ਬਾਣੀ ਪੜ੍ਹਦੈਂ?

ਕਹਿੰਦਾ, ਹਾਂ ਜੀ ਮਹਾਰਾਜ। ਮੈਂ ਨਿਤਨੇਮ ਵੀ ਕਰਦਾ ਹਾਂ, ਕਥਾ ਵੀ ਕਰਦਾ ਹਾਂ ਜਦੋਂ ਕਿਤੇ ਵਿਹਲ ਮਿਲੇ।

ਕਹਿੰਦੇ, ਤੂੰ ਕਦੇ ਇਸ ਤੁਕ ਨੂੰ ਵਿਚਾਰਿਆ ਨਹੀਂ ਕਿ –

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ- ੧੨*

ਸਤਿਸੰਗਤ ਕਰਨੀ ਬਹੁਤ ਜ਼ਰੂਰੀ ਹੈ, ਬਾਕੀ ਕੰਮ ਤਾਂ ਆਪੇ ਹੀ ਹੋਣਗੇ ਜਦੋਂ ਮਨ ਟਿਕਿਆ ਹੋਏਗਾ। ਟਿਕੇ ਹੋਏ ਮਨ ਦੀ ਸ਼ਕਤੀ ਦੇ ਨਾਲ, ਕੰਮ ਫੇਰ ਅੱਗੇ ਚਲਦਾ ਹੈ। ਨਹੀਂ ਤਾਂ ਫੇਰ ਇਹ ਪਿੱਛੇ ਰਹਿ ਜਾਂਦਾ ਹੈ। ਮਹਾਂਪੁਰਸ਼ਾਂ ਨੇ ਇਹ ਮਿਸਾਲ ਕਾਇਮ ਕੀਤੀ। ਯੂ.ਪੀ ਦੇ ਵਿਚ ਫਾਰਮ ਵੀ ਚਲਾਇਆ। ਬੱਚਿਆਂ ਨੂੰ ਵੀ ਪੜ੍ਹਾਇਆ, ਵਿਆਹ ਕੀਤੇ। ਫੌਜ ਵਿਚ ਵੀ ਰਹੇ, ਸਿਵਲ ਸਕੱਤਰੇਤ ਵਿਚ ਵੀ ਨੌਕਰੀ ਕੀਤੀ। ਪਰ ਨਾਲ ਪ੍ਰਮੁੱਖਤਾ ਕਿਸ ਕੰਮ ਨੂੰ ਦਿਤੀ। ਸਤਿਸੰਗ ਨੂੰ। ਫਸਲ ਭਾਵੇਂ ਬਾਅਦ ਵਿਚ ਸੰਭਾਲਦੇ, ਸਤਿਸੰਗ ਵਿਚ ਪਹਿਲਾਂ ਪਹੁੰਚਦੇ। ਫੇਰ ਕਿੱਡੀ ਕ੍ਰਿਪਾ ਹੋਈ, ਕੋਈ ਘਾਟ ਨਾ ਰਹੀ। ਦੀਨ ਤੇ ਦੁਨੀਆਂ ਦੋਵੇਂ ਮਿਲ ਗਈਆਂ। ਕਿੰਨਾ ਪ੍ਰਚਾਰ ਕੀਤਾ। ਕਿੱਡੀ ਵੱਡੀ ਸੰਸਥਾ ਖੜ੍ਹੀ ਕਰ ਦਿਤੀ –

*ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥*
*ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥*
*ਧਿਆਇ ਧਿਆਇ ਭਗਤਹ ਸੁਖੁ ਪਾਇਆ ॥*
*ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥*
*ਅੰਗ - ੨੮੪*

ਹੁਣ ਉਸ ਗੁਰਸਿੱਖ ਪ੍ਰਥਾਇ ਇਥੇ ਸ੍ਰੀ ਅਨੰਦਪੁਰ ਸਾਹਿਬ ਸਜੇ ਦਰਬਾਰ ਦੇ ਵਿਚ, ਪਾਤਸ਼ਾਹ ਕਹਿੰਦੇ ਠੀਕ ਹੈ ਤੂੰ ਬਾਣੀ ਵੀ ਪੜ੍ਹਦਾ ਹੈਂ, ਕਥਾ ਵੀ ਕਰਦਾ ਹੈਂ ਪਰ ਵਿਸ਼ਵਾਸ਼, ਭਰੋਸੇ ਦੀ ਘਾਟ ਹੈ। ਚਲੋ ਸਾਡਾ ਆਹ ਪੱਤਰ ਤੂੰ ਦੇ ਆ, ਸਾਡਾ ਐਨਾ ਕੁ ਹੀ ਕੰਮ ਕਰਦੇ। ਕਹਿੰਦਾ, ਚਲੋ ਮਹਾਰਾਜ! ਮੈਂ ਇਹ ਤਾਂ ਕੰਮ ਕਰ ਦਿੰਦਾ ਹਾਂ।

ਪਾਤਸ਼ਾਹ ਨੇ ਪੱਤਰ ਦੇ ਕੇ ਮਾਲਵੇ 'ਚ ਭੇਜ ਦਿਤਾ ਇਸ ਨੂੰ। ਉਸ ਵਿਚ ਲਿਖ ਦਿਤਾ ਕਿ ਇਹ ਗੁਰਸਿੱਖ ਹੈ, ਇਸ ਤੋਂ ਕਥਾ ਕਰਵਾਉਣੀ ਹੈ, ਨੌਂ ਮਹੀਨੇ ਇਸ ਨੂੰ ਇਥੇ ਹੀ ਰੱਖਣਾ ਹੈ, ਵਾਪਸ ਨਹੀਂ ਆਉਣ ਦੇਣਾ। ਜੇ ਤਾਂ ਇਹ ਪਿਆਰ ਨਾਲ ਰਿਹਾ ਤਾਂ ਠੀਕ ਹੈ, ਨਹੀਂ ਤਾਂ ਤੁਸੀਂ ਪਹਿਰਾ ਲਾ ਦੇਣਾ ਕਿ ਜਾਵੇ ਨਾ ਆਪਣੇ ਘਰ। ਇਹ ਗੁਰਸਿੱਖ ਅੰਦਰੋਂ ਬੜਾ ਪਰੇਸ਼ਾਨ ਸੀ ਕਿ ਮੇਰੇ ਬੱਚੇ ਤਾਂ ਭੁੱਖੇ ਮਰ ਜਾਣਗੇ, ਮੈਂ ਹੀ ਸੀ ਜੋ ਉਹਨਾਂ ਨੂੰ ਰੋਜ਼ ਦੀ ਰੋਜ਼ ਕਮਾ ਕੇ ਖਲਾਉਂਦਾ ਸੀ।

ਸੰਗਤ ਨੇ ਜਦੋਂ ਚਿੱਠੀ ਪੜ੍ਹੀ, ਗੁਰੂ ਦਾ ਬਚਨ ਸੀ, ਹੁਕਮ ਸੀ। ਹੁਕਮ ਮੰਨਣਾ ਗੁਰੂ ਦੀ ਵੱਡੀ ਸੇਵਾ ਹੁੰਦੀ ਹੈ। ਆਗਿਆ ਮੰਨੀ ਗਈ। ਇਹ ਗੁਰਸਿੱਖ ਨੌਂ ਮਹੀਨੇ ਗੁਰੂ ਦੀ ਲਾਈ ਹੋਈ ਸੇਵਾ ਨਿਭਾਉਂਦਾ ਰਿਹਾ। ਜਦੋਂ ਵਾਪਸ ਆਉਣ ਲੱਗਿਆ, ਘਰ ਵਲ ਨੂੰ ਚਾਲੇ ਪਾਉਂਦਾ ਹੈ, ਦੇਖਦਾ ਹੈ ਕਿ ਘਰ ਦੀ ਤਾਂ ਕਾਇਆ ਹੀ ਕਲਪ ਹੋ ਗਈ। ਜਿਥੇ ਕੱਚਾ ਕੋਠੜਾ ਸੀ ਉਥੇ ਬਹੁਤ ਸੋਹਣੀ ਕੋਠੀ ਬਣ ਗਈ। ਸੋਚਿਆ ਕਿ ਕਿਸੇ ਨੇ ਜਗ੍ਹਾ ਖਰੀਦ ਲਈ ਹੋਣੀ ਹੈ। ਬੱਚੇ ਤਾਂ ਭੁੱਖੇ ਮਰ ਗਏ ਹੋਣੇ। ਆਪਣੇ ਮਨ 'ਚ ਹੀ ਗੱਲਾਂ ਕਰਦਾ ਜਾਂਦਾ ਹੈ।

ਸਾਮ੍ਹਣੇ ਕੀ ਦੇਖਿਆ, ਇਸ ਦਾ ਛੋਟਾ ਮੁੰਡਾ, ਬੜੇ ਸੋਹਣੇ ਕੱਪੜੇ ਪਾਏ ਹੋਏ ਨੇ, ਖੇਡ ਰਿਹਾ ਹੈ ਬਾਹਰ। ਉਹ ਇਸ ਨੂੰ ਦੇਖ ਕੇ ਉਸ ਘਰ ਦੀਆਂ ਦੌੜ ਕੇ ਪੌੜੀਆਂ ਚੜ੍ਹ ਜਾਂਦਾ ਹੈ, ਇਹ ਵੀ ਕਾਹਲੀ-ਕਾਹਲੀ ਉਸ ਦੇ ਪਿੱਛੇ ਜਾਂਦਾ ਹੈ।

ਉਹ ਬੱਚਾ ਆਪਣੀ ਮਾਤਾ ਨੂੰ ਜਾ ਕੇ ਕਹਿੰਦਾ, ਬੇਬੇ! ਬਾਪੂ ਫੇਰ ਆ ਗਿਆ, ਹੁਣ ਆਪਾਂ ਫੇਰ ਭੁੱਖੇ ਮਰਾਂਗੇ। ਇਹ ਬਚਨ ਉਹਨੇ ਸੁਣ ਲਿਆ। ਸੋਚਿਆ ਕਿ ਇਹ ਤਾਂ ਗੱਲ ਹੀ ਹੋਰ ਹੈ।

ਜੇ ਇਸ ਗੁਰਸਿੱਖ ਨੂੰ ਗੁਰੂ 'ਤੇ ਭਰੋਸਾ ਹੁੰਦਾ, ਉਸ ਨੂੰ ਇਹੋ ਜਿਹੇ ਬੋਲ ਨਾ ਸੁਣਨੇ ਪੈਂਦੇ। ਕਿਉਂਕਿ-

*ਜਬ ਲਗੁ ਮੇਰੀ ਮੇਰੀ ਕਰੈ ॥*
*ਤਬ ਲਗੁ ਕਾਜੁ ਏਕੁ ਨਹੀ ਸਰੈ ॥* *ਅੰਗ- ੧੧੬੦*

ਜਿਹੜਾ ਉਹ ਕਾਰਜ ਹੈ ਉਹ ਸੰਵਰ ਨਹੀਂ ਸਕਦਾ। ਮੇਰੀ-ਮੇਰੀ ਕਰਦੇ ਵੱਡੇ-ਵੱਡੇ ਇਸ ਸੰਸਾਰ ਤੋਂ ਚਲੇ ਗਏ -

*ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥*
*ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ ॥ ੨ ॥*
*ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥*
*ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥*
*ਅੰਗ- ੬੯੩*

ਸੋ ਉਸ ਗੁਰਸਿੱਖ ਨੂੰ ਸਭ ਦੇਖ ਕੇ ਸੋਝੀ ਆਈ। ਸਾਰਾ ਘਰ ਜਾ ਕੇ ਹਾਲ-ਚਾਲ ਪੁੱਛਿਆ। ਉਹਨਾਂ ਨੇ ਦੱਸਿਆ ਕਿ ਤੁਹਾਡੇ ਜਾਣ ਤੋਂ ਬਾਅਦ ਨਗਰ ਵਾਲਿਆਂ ਨੇ ਕਿਹਾ ਕਿ ਗੁਰੂ ਨੇ ਸੇਵਾ ਲਾ ਦਿਤੀ। ਉਹਨਾਂ ਨੇ ਦਾਣਾ ਪਾਣੀ ਇਕੱਠਾ ਕਰਕੇ ਸਾਨੂੰ ਦਿਤਾ। ਫੇਰ ਅਸੀਂ ਸੋਚਿਆ ਕਿ ਕਿੰਨੀ ਕੁ ਦੇਰ ਇਸ ਤਰ੍ਹਾਂ ਲੋਕਾਂ ਤੋਂ ਲੈ ਕੇ ਖਾਵਾਂਗੇ। ਪਿੰਡ ਦੇ ਵਿਚ ਜਿਹੜਾ ਵੱਡਾ ਜ਼ਿੰਮੀਦਾਰ ਸੀ, ਉਹਦੇ ਘਰ ਵਿਆਹ ਸੀ। ਉਸ ਦੇ ਘਰ ਅਸੀਂ ਮਾਂ, ਧੀ ਨੇ ਲੀਪਾ-ਪੋਚੀ, ਹੋਰ ਵਿਆਹ ਦਾ ਕੰਮ ਕਰਨਾ ਸ਼ੁਰੂ ਕਰ ਦਿਤਾ। ਇਕ ਦਿਨ ਅਸੀਂ ਘਰ ਲੀਪਣ ਲਈ ਮਿੱਟੀ ਲੈਣ ਗਈਆਂ। ਮਿੱਟੀ ਪੁੱਟਦੇ-ਪੁੱਟਦੇ ਕੀ ਦੇਖਿਆ ਜ਼ਮੀਨ 'ਚੋਂ ਇਕ ਗਾਗਰ ਮਿਲ ਗਈ। ਉਹ ਗਾਗਰ ਸੋਨੇ ਦੀਆਂ ਮੋਹਰਾਂ ਨਾਲ ਭਰੀ ਹੋਈ ਸੀ। ਉਹ ਗਾਗਰ ਲੈ ਕਿ ਅਸੀਂ ਦੋਵੇਂ ਜ਼ਿੰਮੀਦਾਰ ਦੀ ਘਰਵਾਲੀ ਕੋਲ ਲੈ ਗਈਆਂ। ਉਹ ਬੀਬੀ ਸਿਆਣੀ ਸੀ। ਉਸ ਨੇ ਇਨ੍ਹਾਂ ਨੂੰ ਘਰ ਪਾ ਕੇ ਦੇ ਦਿਤਾ। ਹੋਰ ਚੀਜ਼ਾਂ ਲੈ ਦਿਤੀਆਂ। ਸੋ ਇਹ ਗੁਰੂ ਦੀ ਸੇਵਾ ਦਾ ਫਲ ਹੈ। ਤੁਸੀਂ ਗੁਰੂ ਦੀ ਸੇਵਾ ਵਿਚ ਰਹੇ, ਹੁਣ ਜਾਓ ਫੇਰ ਸੇਵਾ ਕਮਾਓ ਤਾਂ ਜੋ ਗੁਰੂ ਦੀਆਂ ਖੁਸ਼ੀਆਂ ਹੀ ਆਪਾਂ ਨੂੰ ਮਿਲਣ।

*'ਚਲਦਾ.......।*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

*ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥*
*ਸਾਧਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥*

*ਅੰਗ- ੮੧੩*

ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਪਵਿੱਤਰ ਫੁਰਮਾਨ ਬਿਲਾਵਲੁ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੮੧੪ ਤੇ ਸਸ਼ੋਭਿਤ ਹੈ। ਇਸ ਪੰਕਤੀ ਵਿਚ ਗੁਰੂ ਜੀ ਫੁਰਮਾਨ ਕਰਦੇ ਹਨ ਕਿ ਇਹ ਸੰਸਾਰ ਮਾਨੋ ਇਕ ਅਥਾਹ ਸਮੁੰਦਰ ਹੈ ਜਿਸ ਵਿਚ ਵਿਕਾਰਾਂ ਦਾ ਪਾਣੀ ਠਾਠਾਂ ਮਾਰ ਰਿਹਾ ਹੈ। ਇਸ ਸਮੁੰਦਰ ਵਿਚੋਂ ਓਹੀ ਮਨੁੱਖ ਪਾਰ ਲੰਘਦਾ ਹੈ ਜਿਹੜਾ ਮਨ ਕਰਕੇ ਪ੍ਰਮਾਤਮਾ ਦੀ ਸਿਫਤਿ ਸਾਲਾਹ ਦੇ ਗੀਤ ਗਾਉਂਦਾ ਹੈ ਅਰਥਾਤ ਸਿਫਤਿ ਸਾਲਾਹ ਰਾਹੀਂ ਪ੍ਰਮਾਤਮਾ ਦੀ ਮਿਹਰ ਦਾ ਪਾਤਰ ਬਣਦਾ ਹੈ ਅਤੇ ਆਤਮਿਕ ਅਨੁਭਵ ਪ੍ਰਾਪਤ ਕਰਦਾ ਹੈ। ਗੁਰਬਾਣੀ ਵਿਚ ਬਹੁਤ ਥਾਂਈ ਸੰਸਾਰ ਨੂੰ ਸਾਗਰ ਨਾਲ ਤੁਲਨਾਇਆ ਗਿਆ ਹੈ। ਇਹ ਸਾਗਰ ਕੈਸਾ ਹੈ? ਪਾਣੀ ਦੇ ਸਾਗਰ ਨੂੰ ਤਾਂ ਕਈ ਸਾਧਨਾ ਰਾਹੀਂ ਤਰਿਆ ਜਾ ਸਕਦਾ ਹੈ ਪਰ ਸੰਸਾਰ ਤਾਂ ਐਸਾ ਭਿਆਨਕ ਸਰੋਵਰ ਹੈ ਜਿਸ ਵਿਚ ਪ੍ਰਭੂ ਨੇ ਆਪ ਹੀ ਪਾਣੀ ਦੀ ਥਾਂ ਤ੍ਰਿਸ਼ਨਾਵਾਂ ਅਤੇ ਵਾਸ਼ਨਾਵਾਂ ਦੀ ਅੱਗ ਭਰ ਦਿਤੀ ਹੈ, ਜਿਸ ਵਿਚ ਥਾਂ-ਥਾਂ ਮੋਹ ਦਾ ਚਿੱਕੜ ਹੈ ਅਤੇ ਇਸ ਵਿਚ ਫਸੇ ਜੀਵ ਨਿਰੰਤਰ ਡੁੱਬਦੇ ਜਾ ਰਹੇ ਹਨ। ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਤਿਤੁ ਸਰਵਰੜੈ ਭਈਲੇ ਨਿਵਾਸਾ*
*ਪਾਣੀ ਪਾਵਕੁ ਤਿਨਹਿ ਕੀਆ ॥*
*ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥*

*ਅੰਗ- ੧੨*

ਬਾਣੀ ਸੋਹਿਲਾ ਦੇ ਆਖਰੀ ਸ਼ਬਦ ਵਿਚ ਗੁਰੂ ਮਹਾਰਾਜ ਇਸ ਸੰਸਾਰ ਨੂੰ ਵਿਕਾਰਾਂ ਨਾਲ ਭਰਪੂਰ ਦਸਦੇ ਹਨ ਜਿਸ ਵਿਚ ਸਾਰੇ ਜੀਵ ਤੌਖਲਿਆਂ ਵਿਚ ਡੁੱਬ ਰਹੇ ਹਨ। ਤਰਦਾ ਉਹੀ ਹੈ ਜੋ ਮਾਇਕ ਬੰਧਨ ਤੋੜ ਕੇ ਬ੍ਰਹਮ ਗਿਆਨ ਦੀ ਪ੍ਰਾਪਤੀ ਕਰ ਲੈਂਦਾ ਹੈ।

*ਇਹੁ ਸੰਸਾਰੁ ਬਿਕਾਰੁ ਸੰਸੇ ਮਹਿ*
*ਤਰਿਓ ਬ੍ਰਹਮ ਗਿਆਨੀ ॥* *ਅੰਗ - ੧੩*

ਐਸਾ ਹੀ ਫੁਰਮਾਨ ਗੁਰੂ ਜੀ ਰਾਗ ਗਉੜੀ ਵਿਚ ਕਰਦੇ ਹਨ ਕਿ ਇਹ ਸੰਸਾਰ ਅਥਾਹ ਸਮੁੰਦਰ ਹੈ, ਇਸ ਨੂੰ ਗੁਰੂ ਜੀ ਦੇ ਸੰਗਤ ਰੂਪੀ ਜਹਾਜ਼ ਰਾਹੀਂ ਹੀ ਲੰਘਿਆ ਜਾ ਸਕਦਾ ਹੈ। ਫੁਰਮਾਨ ਹੈ -

*ਤਾਰੀਲੇ ਭਵਜਲੁ ਤਾਰੂ ਬਿਖੜਾ ਬੋਹਿਥ ਸਾਧੂ ਸੰਗਾ ॥*

*ਅੰਗ- ੨੦੮*

ਰਾਗ ਮਾਰੂ ਵਾਰ ਮਹਲਾ ੩ ਵਿਚ ਸ੍ਰੀ ਗੁਰੂ ਰਾਮਦਾਸ ਜੀ ਦਸਦੇ ਹਨ ਕਿ ਜਦੋਂ ਕੋਈ ਮਨੁੱਖ ਪਹਿਲੀ ਵਾਰ ਸਮੁੰਦਰ ਦੇ ਕੰਡੇ ਚਲਾ ਜਾਏ, ਤਾਂ ਦੂਰ-ਦੂਰ ਤਕ ਪਾਣੀ ਹੀ ਪਾਣੀ ਵੇਖ ਕੇ ਉਸ ਦੀ ਹੈਰਤ ਗੁੰਮ ਹੋ ਜਾਂਦੀ ਹੈ। ਸਮੁੰਦਰ ਵਿਚ ਬੜੀਆਂ ਭਾਰੀ ਠਲ੍ਹਾਂ ਭੀ ਪੈਂਦੀਆਂ ਹਨ। ਇਨ੍ਹਾਂ ਠਲ੍ਹਾਂ ਵਿਚੋਂ ਦੀ ਜਹਾਜ਼ ਲੰਘਦੇ ਵੇਖ ਕੇ ਮਨੁੱਖ ਘਾਬਰ ਜਾਂਦਾ ਹੈ ਕਿ ਜਹਾਜ਼ ਕਿਤੇ ਡੁੱਬ ਨਾ ਜਾਏ। ਜਦੋਂ ਉਸ ਨੂੰ ਜਹਾਜ਼ ਦੀ ਮਜ਼ਬੂਤੀ ਅਤੇ ਕਪਤਾਨ ਦੀ ਹੁਸ਼ਿਆਰੀ ਦਾ ਪਤਾ ਲਗਦਾ ਹੈ ਤਾਂ ਉਸ ਨੂੰ ਧਰਵਾਸ ਬੱਝਦਾ ਹੈ। ਏਸੇ ਤਰ੍ਹਾਂ ਸੰਸਾਰ ਇਕ ਸਮੁੰਦਰ ਸਮਾਨ ਹੈ ਜਿਸ ਵਿਚ ਵਿਕਾਰਾਂ ਦੀਆਂ ਲਹਿਰਾਂ ਉਠ ਰਹੀਆਂ ਹਨ। ਇਨਸਾਨੀ ਜ਼ਿੰਦਗੀ ਦੀ ਨਿੱਕੀ ਜਿਹੀ ਬੇੜੀ ਦੇ ਡੁੱਬਣ ਦਾ ਭਾਰੀ ਖਤਰਾ ਬਣਿਆ ਰਹਿੰਦਾ ਹੈ। ਜੋ ਮਨੁੱਖ ਗੁਰੂ ਮਲਾਹ ਦੇ ਨਾਮ ਸਤਿਸੰਗ ਜਹਾਜ਼ ਵਿਚ ਸਵਾਰ ਹੋ ਜਾਂਦਾ ਹੈ, ਉਸ ਨੂੰ ਇਹ ਵਿਕਾਰ ਡੋਬ ਨਹੀਂ ਸਕਦੇ। ਗੁਰਸ਼ਬਦ ਹੈ -

*ਸਾਗਰੁ ਦੇਖਉ ਡਰਿ ਮਰਉ ਭੈ ਤੇਰੈ ਡਰੁ ਨਾਹਿ ॥*
*ਗੁਰ ਕੈ ਸਬਦਿ ਸੰਤੋਖੀਆ ਨਾਨਕ ਬਿਗਸਾ ਨਾਇ ॥*

*ਅੰਗ- ੧੦੮੭*

*ਚੜਿ ਬੋਹਿਥੈ ਚਾਲਸਉ ਸਾਗਰੁ ਲਹਰੀ ਦੇਇ ॥*
*ਠਾਕ ਨ ਸਚੈ ਬੋਹਿਥੈ ਜੇ ਗੁਰੁ ਧੀਰਕ ਦੇਇ ॥*
*ਤਿਤੁ ਦਰਿ ਜਾਇ ਉਤਾਰੀਆ ਗੁਰੁ ਦਿਸੈ ਸਾਵਧਾਨੁ ॥*
*ਨਾਨਕ ਨਦਰੀ ਪਾਈਐ ਦਰਗਹ ਚਲੈ ਮਾਨੁ ॥*

*ਅੰਗ- ੧੦੮੭*

ਨਿਰਸੰਦੇਹ ਮਨੁੱਖ ਦੀ ਸੰਸਾਰ ਯਾਤਰਾ ਬਿਖਮ ਯਾਤਰਾ ਹੈ ਜਿਸ ਵਿਚ ਮਾਇਆ ਦਾ ਮਾਰੂ ਅਸਰ ਵਿਆਪਕ ਹੈ। ਜਨਮ ਨਾਲ ਹੀ ਮਨੁੱਖ ਦੀ ਲਿਵ

ਪ੍ਰਭੂ ਨਾਲੋਂ ਟੁੱਟ ਕੇ ਸੰਸਾਰ ਨਾਲ ਜੁੜ ਜਾਂਦੀ ਹੈ ਅਤੇ ਹੌਲੀ-ਹੌਲੀ ਤ੍ਰਿਸ਼ਨਾ ਦੀ ਅਗਨੀ ਪ੍ਰਚੰਡ ਹੁੰਦੀ ਜਾਂਦੀ ਹੈ। ਫੁਰਮਾਨ ਹੈ -

*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥* *ਅੰਗ - ੯੨੧*

ਹਉਮੈ ਅਤੇ ਤ੍ਰਿਸ਼ਨਾ ਅਧੀਨ ਮਨੁੱਖ 'ਮੈਂ-ਮੇਰੀ' ਅਤੇ ਦਵੰਦ ਦਾ ਸੰਸਾਰ ਰਚ ਲੈਂਦਾ ਹੈ ਜਿਸ ਵਿਚ ਹਰ ਤਰ੍ਹਾਂ ਦੇ ਵੈਰ ਵਿਰੋਧ, ਵਿਸ਼ੇ ਵਿਕਾਰ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਝੂਠ, ਨਿੰਦਿਆ, ਚੁਗਲੀ, ਲੁਟ ਖਸੁਟ ਮਾਰ ਧਾੜ ਆਦਿ ਦਾ ਬੋਲ ਬਾਲਾ ਹੁੰਦਾ ਹੈ ਅਤੇ ਇਸ ਜੰਜਾਲ ਵਿਚ ਮਨੁੱਖ ਐਸਾ ਫਸਦਾ ਹੈ ਕਿ ਉਸ ਨੂੰ ਆਪਣਾ ਅਸਲਾ ਹੀ ਭੁੱਲ ਜਾਂਦਾ ਹੈ। ਨਵੇਂ ਤੇ ਪੁਰਾਣੇ ਸੰਸਾਕਰ ਉਸ ਨੂੰ ਧੂਈ ਫਿਰਦੇ ਹਨ। ਪਵਿੱਤਰ ਫੁਰਮਾਨ ਹੈ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*

*ਅੰਗ- ੨੬੮*

ਮਨੁੱਖ ਇਨ੍ਹਾਂ ਵਿਕਾਰਾਂ ਵਿਚੋਂ ਸੁਖ ਸ਼ਾਂਤੀ ਭਾਲਦਾ ਹੈ ਪਰ ਵਿਪਰੀਤ ਇਸ ਦੇ ਉਹ ਜੀਵਨ ਦਾ ਅਸਲ ਅਨੰਦ, ਅਸਲ ਖੁਸ਼ੀ, ਖੇੜਾ, ਸਹਿਜ ਗੁਆ ਬੈਠਦਾ ਹੈ। ਜਿਸ ਨੂੰ ਉਹ ਬਾਹਰੀ ਪਦਾਰਥਾਂ ਵਿਚੋਂ ਭਾਲਦਾ ਹੈ, ਉਹ ਸੁਖ ਸਹਿਜ ਉਸ ਦੇ ਧੁਰ ਅੰਦਰ ਹੈ। ਗੁਰਬਾਣੀ ਅਨੁਸਾਰ ਤ੍ਰਿਸ਼ਨਾ ਦੀ ਭੁੱਖ ਕਦੀ ਤ੍ਰਿਪਤ ਨਹੀਂ ਹੁੰਦੀ ਭਾਵੇਂ ਸੰਸਾਰ ਦੇ ਪਦਾਰਥਾਂ ਦੇ ਪਹਾੜ ਇਕੱਠੇ ਕਰ ਲਏ ਜਾਣ -

*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥*

*ਅੰਗ- ੧*

ਲੱਖਾਂ ਕ੍ਰੋੜਾਂ ਰੁਪਏ ਮਿਲ ਜਾਣ ਤੇ ਵੀ ਕਦੀ ਕਿਸੇ ਮਨੁੱਖ ਨੂੰ ਸਬਰ, ਸੰਤੋਖ ਆਇਆ ਹੈ? ਮਾਇਆ ਦੇ ਅਨੇਕ ਰੰਗ ਤਮਾਸ਼ੇ ਮਾਣ ਕੇ ਵੀ ਕਦੀ ਕੋਈ ਤ੍ਰਿਪਤ ਹੋਇਐ? ਗੁਰਬਾਣੀ ਵਿਚ ਸਮੱਸਿਆ ਤੇ ਸਮਾਧਾਨ ਨਾਲ-ਨਾਲ ਚਲਦੇ ਹਨ। ਸਮੱਸਿਆ ਹੈ - ***ਲਾਖ ਕਰੋਰੀ ਬੰਧੁ ਨ ਪਰੈ ॥ (ਅੰਗ-੨੬੪)*** ਸਮਾਧਾਨ ਹੈ - ***ਹਰਿ ਕਾ ਨਾਮੁ ਜਪਤ ਨਿਸਤਰੈ ॥(ਅੰਗ-੨੬੪)*** ਸਮੱਸਿਆ- 'ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥' (ਅੰਗ-੨੬੪)

ਸਮਾਧਾਨ ਹੈ - ***ਹਰਿ ਕਾ ਨਾਮੁ ਜਪਤ ਅਘਾਵੈ ॥ (ਅੰਗ-੨੬੫)***

ਵਿਚਾਰ ਅਧੀਨ ਸ਼ਬਦ ਵਿਚ ਐਸਾ ਹੀ ਬਖਾਨ ਹੈ। ਸਮੱਸਿਆ ਹੈ, ਵਿਕਾਰਾਂ ਦੇ ਪਾਣੀ ਨਾਲ ਠਾਠਾਂ ਮਾਰਦਾ ਸਮੁੰਦਰ ਕਿਵੇਂ ਤਰਿਆ ਜਾਵੇ? ਸਮਾਧਾਨ ਹੈ, ਗੁਰੂ ਦੀ ਸ਼ਰਨ ਜਾ ਕੇ ਪ੍ਰਮਾਤਮਾ ਦੀ ਸਿਫਤਿ-ਸਾਲਾਹ ਦੇ ਗੀਤ ਗਾਉਣ ਨਾਲ ਇਹ ਸਮੁੰਦਰ ਸਹਜੇ ਹੀ ਤਰਿਆ ਜਾ ਸਕਦਾ ਹੈ -

*ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥*

*ਅੰਗ- ੮੧੩*

ਪ੍ਰਸ਼ਨ ਹੈ - 'ਹਰਿ ਗੁਣ ਗਾਇਨ' ਦਾ ਵਸੀਲਾ ਕੀ ਹੈ?

ਉੱਤਰ ਹੈ -

*ਸਾਧਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥*

*ਅੰਗ- ੮੧੩*

ਕੀ 'ਹਰਿ ਗੁਣ ਗਾਇਨ' ਦਾ ਕੋਈ ਵਿਸ਼ੇਸ਼ ਤਰੀਕਾ ਹੈ? ਹਾ, ਗੁਰੂ ਮਹਾਰਾਜ ਜੀ ਅਤੇ ਸੰਤ ਭਗਤਾਂ ਦੀ ਉਚਾਰਨ ਕੀਤੀ ਸਿਫਤਿ-ਸਾਲਾਹ ਦੀ ਬਾਣੀ ਜੋ ਪ੍ਰਭੂ ਦੇ ਸੇਵਕ ਉਚਾਰਦੇ ਤੇ ਗਾਉਂਦੇ ਹਨ, ਉਸ ਬਾਣੀ ਨੂੰ ਹਰ ਸਮੇਂ ਸੁਣ-ਸੁਣ ਕੇ ਆਤਮਕ ਜੀਵਨ ਪ੍ਰਾਪਤ ਹੁੰਦਾ ਹੈ। ਸੇਵਕ ਬਣਨ ਦੀ ਦੇਰ ਹੈ, ਅੱਗੋਂ ਲਾਜ ਪਾਲਨੀ ਪ੍ਰਭੂ ਦਾ ਬਿਰਧ ਹੈ -

*ਸੁਣਿ ਸੁਣਿ ਜੀਵੈ ਦਾਸੁ ਤੁਮ੍ ਬਾਣੀ ਜਨ ਆਖੀ ॥*
*ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ ॥*

*ਅੰਗ- ੮੧੪*

ਪ੍ਰਮਾਤਮਾ ਦੀ ਸਿਫਤਿ ਸਾਲਾਹ ਸੁਣਨ ਅਤੇ ਕਰਨ ਨਾਲ ਕੀ ਵਾਪਰਦਾ ਹੈ? ਸਿਫਤਿ-ਸਲਾਹ ਦੀ ਬਾਣੀ ਸੁਣਨ ਨਾਲ ਆਤਮਕ ਜੀਵਨ ਪ੍ਰਾਪਤ ਹੁੰਦਾ ਹੈ। ਅੰਦਰੋਂ ਵਿਕਾਰਾਂ ਦੀ ਅਗਨੀ ਸ਼ਾਂਤ ਹੋ ਜਾਂਦੀ ਹੈ ਅਤੇ ਬਿਖਮ ਸਾਗਰ ਸਹਿਜੇ ਹੀ ਤਰ ਲਈਦਾ ਹੈ। ਸਤਿਗੁਰੂ ਇਸ ਕਾਰਜ ਵਿਚ ਆਪ ਸਹਾਇਤਾ ਕਰਦੇ ਹਨ।

*ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥*
*ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥*

*ਅੰਗ- ੮੧੪*

ਏਥੇ ਹੀ ਬਸ ਨਹੀਂ ਸਿਫਤਿ ਸਾਲਾਹ ਸੁਣਿ-ਸੁਣਿ ਕੇ ਜੋ ਆਤਮਿਕ ਜੀਵਨ ਮਿਲਦਾ ਹੈ, ਉਸ

*(ਬਾਕੀ ਪੰਨਾ 43 ਤੇ)*

# ਬਾਬਾ ਬੰਦਾ ਸਿੰਘ ਬਹਾਦਰ

*ਸ. ਭਜਨ ਸਿੰਘ*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਸਿੱਖਾਂ ਦੀ ਰਾਜਸੀ ਅਗਵਾਈ ਦਾ ਕੰਮ ਬਾਬਾ ਬੰਦਾ ਸਿੰਘ ਬਹਾਦਰ ਨੇ ਸੰਭਾਲ ਲਿਆ, ਜਿਸ ਨੂੰ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਦੱਖਣ ਯਾਤਰਾ ਸਮੇਂ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਤੇ ਫਿਰ ਆਪਣੇ ਤੀਰਾਂ ਦੇ ਭੱਥੇ ਵਿਚੋਂ ਪੰਜ ਤੀਰ, ਇਕ ਨਿਸ਼ਾਨ ਸਾਹਿਬ ਤੇ ਇਕ ਨਗਾਰਾ ਦੇ ਕੇ ਪੰਜਾਬ ਵਲ ਭੇਜਿਆ ਤਾਂ ਕਿ ਜ਼ਾਲਮ ਮੁਗ਼ਲ ਰਾਜ ਵਿਰੁੱਧ ਲੋਕ ਲਹਿਰ ਵਿਚ ਲੋਕਾਂ ਦਾ ਸਾਥ ਦੇਵੇ ਤੇ ਸਿੱਖਾਂ ਨੂੰ ਆਪਣੇ ਨਿਸ਼ਾਨੇ ਵਲ ਲਿਜਾਏ। ਬੰਦਾ ਸਿੰਘ ਬਹਾਦਰ ਨੇ 7 ਸਾਲ ਪੰਜਾਬ ਵਿਚ ਰਹਿ ਕੇ ਅਜਿਹੀ ਸੁਚੱਜੀ ਅਗਵਾਈ ਕੀਤੀ, ਮੁਗ਼ਲਾਂ ਦੇ ਰਾਜ ਦੀਆਂ ਅਜਿਹੀਆਂ ਜੜ੍ਹਾਂ ਪੁੱਟੀਆਂ ਕਿ ਫਿਰ ਉਹਨਾਂ ਦੇ ਸਾਰੇ ਦੇਸ਼ ਵਿਚ ਹੀ ਕਿਧਰੇ ਪੈਰ ਨਹੀਂ ਲਗ ਸਕੇ। ਅਖੀਰ ਲੜਦੇ ਫੜੇ ਗਏ ਤੇ ਸ਼ਹੀਦੀ ਪ੍ਰਾਪਤ ਕਰ ਗਏ, ਪਰ ਜ਼ੁਲਮ ਅੱਗੇ ਹਥਿਆਰ ਨਾ ਸੁੱਟਿਆ ਤੇ ਸਿੱਖ ਆਚਰਣ ਦੀ ਇਕ ਉਤਮ ਮਿਸਾਲ ਪੇਸ਼ ਕੀਤੀ।

ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ 1670 ਨੂੰ ਪੁਣਛ ਦੇ ਇਲਾਕੇ ਵਿਚ ਤਛੱਲ ਦੇ ਕਿਲ੍ਹੇ ਵਿਚ ਹੋਇਆ, ਜਿਥੇ ਇਨ੍ਹਾਂ ਦੇ ਰਾਜਪੂਤ ਕਿਲ੍ਹੇਦਾਰ ਪਿਤਾ ਰਾਮਦੇਵ ਰਹਿੰਦੇ ਸਨ। ਤਛੱਲ ਤੋਂ ਚਾਰ ਕੁ ਕਿਲੋਮੀਟਰ ਦੂਰੀ ਤੇ ਉਹ ਥਾਂ ਹੈ ਜਿਥੇ ਰਾਮਦੇਵ ਦੇ ਸਪੁੱਤਰ ਲਛਮਣਦਾਸ ਨੇ ਗਰਭਵਤੀ ਹਰਨੀ ਦਾ ਸ਼ਿਕਾਰ ਕੀਤਾ ਸੀ ਤੇ ਪਿਤਾ ਨੇ ਉਸ ਹਰਨੀ ਨੂੰ ਅਮਰ ਕਰਨ ਲਈ ਉਥੇ 'ਹਰਨੀ' ਨਾਮ ਦਾ ਪਿੰਡ ਵਸਾਇਆ ਸੀ ਜੋ ਅੱਜ ਵੀ ਇਸੇ ਨਾਂ ਨਾਲ ਜਾਣਿਆ ਜਾਂਦਾ ਹੈ। ਕੁਝ ਸਾਲ ਹੋਏ ਬੰਦਾ ਸਿੰਘ ਬਹਾਦਰ ਦੇ ਇਸ ਜਨਮ ਅਸਥਾਨ ਦੀ ਨਵੀਂ ਖੋਜ ਹੋਣ ਪਿਛੋਂ ਜਨਰਲ ਜਗਜੀਤ ਸਿੰਘ ਅਰੋੜਾ ਨੇ ਕਿਲ੍ਹੇ ਦੇ ਥੇਹ ਵਿਚ ਨਿਸ਼ਾਨ ਸਾਹਿਬ ਲਹਿਰਾ ਕੇ ਜਨਮ ਅਸਥਾਨ ਦੀ ਨਿਸ਼ਾਨਦੇਹੀ ਕਰ ਦਿਤੀ ਹੈ। ਹੁਣ ਬੰਦਈ ਸੰਪਰਦਾਇ ਇਸ ਜਨਮ ਅਸਥਾਨ ਤੇ ਗੁਰਦੁਆਰਾ ਉਸਾਰਨ ਦੀ ਯੋਜਨਾ ਬਣਾ ਰਹੀ ਹੈ।

ਆਪ ਬੜੇ ਕੋਮਲ ਚਿਤ, ਉਦਾਰ ਮਨ ਤੇ ਹਸਮੁਖ ਸਨ। ਇਕ ਵਾਰ ਸ਼ਿਕਾਰ ਖੇਡਦਿਆਂ ਇਕ ਹਰਨੀ ਦਾ ਸ਼ਿਕਾਰ ਕੀਤਾ, ਜਿਸ ਦੇ ਪੇਟ ਵਿਚ ਅਜੇ ਇਕ ਬੱਚਾ ਸੀ। ਇਸ ਘਟਨਾ ਨਾਲ ਮਨ ਤੇ ਡੂੰਘਾ ਅਸਰ ਪਿਆਰ ਤੇ ਆਪ ਬੈਰਾਗੀ ਸੰਤ ਬਣ ਗਏ। ਹਰਨੀ ਦੇ ਸ਼ਿਕਾਰ ਵਾਲੀ ਥਾਂ ਹੁਣ ਹਰਨੀ ਨਗਰ ਵਸਿਆ ਹੋਇਆ ਹੈ। ਨਾਮ ਵੀ ਬਦਲ ਗਿਆ ਤੇ ਮਾਧੋ ਦਾਸ ਬੈਰਾਗੀ ਦੇ ਨਾਮ ਨਾਲ ਵਿਚਰਨ ਲਗ ਪਏ। ਦੇਸ਼ ਭਰ ਵਿਚ ਚੱਕਰ ਲਾਇਆ ਤੇ ਕਈ ਸੰਤ ਸਾਧੂਆਂ ਦੇ ਡੇਰਿਆਂ ਤੇ ਜਾ ਕੇ ਰਹੇ, ਪਰ ਕਿਧਰੇ ਵੀ ਮਨ ਨਾ ਟਿਕਿਆ। ਫਿਰ ਕੇ ਅਖੀਰ ਨਾਸਕ ਦੇ ਨੇੜੇ ਗੋਦਾਵਰੀ ਦਰਿਆ ਦੇ ਕੰਢੇ ਤੇ ਪਹੁੰਚ ਗਏ ਤੇ ਬਜ਼ੁਰਗ ਜੋਗੀ ਅਮਰ ਨਾਥ ਪਾਸ ਰਹਿਣ ਲਗ ਪਏ। ਉਹਦੀ ਮੌਤ ਹੋ ਜਾਣ ਪਿਛੋਂ ਨਾਦੇੜ ਚਲੇ ਗਏ ਤੇ ਉਥੇ ਹੀ ਡੇਰਾ ਲਾ ਲਿਆ। ਉਥੇ ਆਪ ਕਰਾਮਾਤਾਂ ਵੀ ਦਿਖਾਉਂਦੇ ਤੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਰਹੇ।

ਸਤੰਬਰ 1708 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਦੇ ਡੇਰੇ ਪਹੁੰਚੇ। ਗੁਰੂ ਸਾਹਿਬ ਦੇ ਦਰਸ਼ਨ ਕਰ ਕੇ ਤੇ ਫਿਰ ਬਚਨ ਬਿਲਾਸ ਪਿਛੋਂ ਮਾਧੋ ਦਾਸ ਬੈਰਾਗੀ ਨੇ ਇੱਛਾ ਪ੍ਰਗਟ ਕੀਤੀ ਕਿ ਮੈਨੂੰ ਵੀ ਆਪਣਾ ਸਿੱਖ ਬਣਾ ਲਿਆ ਜਾਵੇ। ਗੁਰੂ ਸਾਹਿਬ ਜਾਣਦੇ ਸਨ ਕਿ ਮਾਧੋ ਦਾਸ ਬੈਰਾਗੀ ਨੇ ਆਪਣੇ ਜੀਵਨ ਵਿਚ ਇਤਨੇ ਗੁਣ ਪੈਦਾ ਕਰ ਲਏ ਹਨ ਕਿ ਜੇਕਰ ਇਹਨਾਂ ਨੂੰ ਯੋਗ ਪਾਸੇ ਢਾਲਿਆ ਜਾਵੇ ਅਥਵਾ ਠੀਕ ਵਰਤੋਂ ਕੀਤੀ ਜਾਏ ਤਾਂ ਦੇਸ਼ ਤੇ ਕੌਮ ਦਾ ਭਲਾ ਹੋ ਸਕਦਾ ਹੈ ਤੇ ਇਹ ਸ਼ਕਤੀ ਵਿਗੜੀ ਸੰਵਾਰਨ ਵਿਚ ਲਾਭਦਾਇਕ ਸਿੱਧ ਹੋ ਸਕਦੀ ਹੈ। ਮਾਧੋ ਦਾਸ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਤੇ ਨਾਮ ਬੰਦਾ ਸਿੰਘ ਰਖ ਦਿਤਾ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਤੀਰ, ਇਕ ਨਿਸ਼ਾਨ ਸਾਹਿਬ ਤੇ ਇਕ ਨਗਾਰਾ ਦੇ ਕੇ ਬੰਦਾ ਸਿੰਘ ਨੂੰ ਹਦਾਇਤ ਕੀਤੀ ਕਿ ਉਹ ਪੰਜਾਬ ਚਲਾ ਜਾਏ ਤੇ ਸਿੱਖਾਂ ਦੇ ਜ਼ੁਲਮ ਵਿਰੁੱਧ ਘੋਲ ਵਿਚ ਉਹਨਾਂ ਦੀ ਅਗਵਾਈ ਕਰੇ। ਬਾਜ ਸਿੰਘ, ਬਿਨੋਦ ਸਿੰਘ ਤੇ ਕਾਹਨ ਸਿੰਘ ਆਦਿ ਪੰਜ ਸਿੰਘਾਂ ਨੂੰ ਉਹਦਾ

ਸਲਾਹਕਾਰ ਨਿਯਤ ਕਰ ਕੇ ਭੇਜ ਦਿਤਾ।

ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਦਸ਼ਮੇਸ਼ ਪਿਤਾ ਦੇ ਹੁਕਮਨਾਮੇ ਪੰਜਾਬ ਵਿਚ ਭੇਜ ਦਿਤੇ, ਜਿਨ੍ਹਾਂ ਵਿਚ ਗੁਰੂ ਸਾਹਿਬ ਨੇ ਸਿੱਖਾਂ ਨੂੰ ਕਿਹਾ ਸੀ ਕਿ ਉਹ ਬੰਦਾ ਸਿੰਘ ਬਹਾਦਰ ਨਾਲ ਮਿਲ ਕੇ ਜੱਦੋ-ਜਹਿਦ ਤੇਜ਼ ਕਰ ਦੇਣ। ਬੰਦਾ ਸਿੰਘ ਬਹਾਦਰ ਨੇ ਵੀ ਆਪਣੇ ਵਲੋਂ ਸੁਨੇਹੇ ਭੇਜ ਦਿਤੇ ਕਿ ਉਹ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਨੂੰ ਸੋਧਣ ਲਈ ਆ ਰਿਹਾ ਹੈ ਜਿਸ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣ ਕੇ ਸ਼ਹੀਦ ਕੀਤਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਿੱਛੇ ਦੋ ਪਠਾਣ ਭੇਜੇ, ਜਿਨ੍ਹਾਂ ਲੁਕ ਕੇ ਵਾਰ ਕੀਤਾ।

ਇਹ ਸੁਨੇਹਾ ਮਿਲਣ ਦੀ ਦੇਰ ਸੀ ਕਿ ਸਾਰੀ ਸਿੱਖ ਕੌਮ ਜੋਸ਼ ਨਾਲ ਉਠ ਖੜ੍ਹੀ ਹੋਈ। ਹਰ ਪਾਸੇ ਤੋਂ ਲੋਕਾਂ ਦੇ ਜਥੇ ਤਿਆਰ ਹੋਣ ਲਗ ਪਏ। ਮਾਝਾ ਤੇ ਮਾਲਵਾ ਉਮਡ ਪਿਆ ਤੇ ਇਉਂ ਜਾਪਣ ਲਗ ਪਿਆ ਜਿਵੇਂ ਸਾਰੇ ਲੋਕਾਂ ਨੇ ਹਥਿਆਰ ਚੁੱਕ ਲਏ ਹਨ ਤੇ ਉਹ ਸਰਹੰਦ ਤੇ ਧਾਵਾ ਕਰਨ ਲਈ ਜਾ ਰਹੇ ਹਨ। ਬਹੁਤ ਸਾਰੇ ਉਘੇ ਆਗੂ ਭਾਈ ਫ਼ਤਹਿ ਸਿੰਘ, ਭਾਈ ਨਗੀਹਾ ਸਿੰਘ, ਭਾਈ ਮਾਲੀ ਸਿੰਘ, ਭਾਈ ਆਲੀ ਸਿੰਘ, ਭਾਈ ਚੌਧਰੀ ਰਾਮ ਸਿੰਘ ਤੇ ਭਾਈ ਤਰਲੋਕ ਸਿੰਘ ਸਭ ਜਥੇ ਲੈ ਕੇ ਆ ਗਏ।

ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਲ ਆ ਕੇ ਸਭ ਤੋਂ ਪਹਿਲਾਂ ਸਮਾਣੇ ਤੇ ਹਮਲਾ ਕੀਤਾ ਤੇ ਬਦਲਾ ਲਿਆ। ਇਥੋਂ ਦੇ ਹੀ ਜਲਾਲੁਦੀਨ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰਨ ਲਈ ਨੌਕਰ ਰੱਖਿਆ ਗਿਆ ਸੀ। ਇਥੋਂ ਘੁੜਾਮ, ਤਸਕਾ, ਸ਼ਾਹਬਾਦ ਤੇ ਮੁਸਤਫ਼ਾਬਾਦ ਤੋਂ ਹੁੰਦੇ ਹੋਏ ਕਪੂਰੀ ਪਹੁੰਚ ਗਏ। ਇਥੇ ਲੜਾਈ ਕਰ ਕੇ ਜਿੱਤ ਪ੍ਰਾਪਤ ਕੀਤੀ ਤੇ ਫਿਰ ਸਾਢੌਰੇ ਤੇ ਧਾਵਾ ਕਰ ਦਿਤਾ। ਉਸਮਾਨ ਖ਼ਾਨ ਹਾਕਮ ਸਾਢੌਰੇ ਨੇ ਹਿੰਦੂਆਂ ਤੇ ਬਹੁਤ ਅਤਿਆਚਾਰ ਕੀਤੇ ਸਨ ਤੇ ਗੁਰੂ ਸਾਹਿਬ ਦੀ ਮਦਦ ਕਰਨ ਤੇ ਪੀਰ ਬੁੱਧੂ ਸ਼ਾਹ ਨੂੰ ਸ਼ਹੀਦ ਕੀਤਾ ਸੀ, ਇਸ ਲਈ ਇਹਨੂੰ ਸੋਧਣਾ ਜ਼ਰੂਰੀ ਸੀ।

ਇਸ ਤੋਂ ਪਿਛੋਂ ਸਰਹੰਦ ਤੇ ਹਮਲਾ ਕੀਤਾ ਗਿਆ। ਮਾਝੇ, ਦੁਆਬੇ ਤੇ ਮਾਲਵੇ ਤੋਂ ਬਹੁਤ ਸਾਰੇ ਸਿੰਘ ਪਹੁੰਚੇ ਚੁਕੇ ਸਨ। ਮੁਕਾਬਲੇ ਲਈ ਵਜ਼ੀਰ ਖਾਨ ਨੇ ਭੀ ਆਸ ਪਾਸ ਦੇ ਸਭ ਹੁਕਮਰਾਨਾਂ ਦੀਆਂ ਫ਼ੌਜਾਂ ਇਕੱਠੀਆਂ ਕਰ ਲਈਆਂ ਸਨ। 13 ਮਈ 1710 ਈਸਵੀ ਨੂੰ ਜ਼ਬਰਦਸਤ ਲੜਾਈ ਛਿੜ ਪਈ, ਜਿਸ ਵਿਚ ਵਜ਼ੀਰ ਖ਼ਾਨ ਦਾ ਮੁਕਾਬਲਾ ਸਿੱਧਾ ਬਾਜ ਸਿੰਘ ਨਾਲ ਹੋਇਆ, ਪਰ ਫਿਰ ਭਾਈ ਫ਼ਤਹਿ ਸਿੰਘ ਵੀ ਪਹੁੰਚ ਗਏ ਤੇ ਉਨ੍ਹਾਂ ਝਪਟ ਕੇ ਵਜ਼ੀਰ ਖ਼ਾਨ ਦਾ ਤਲਵਾਰ ਨਾਲ ਸਿਰ ਧੜ ਤੋਂ ਵੱਖ ਕਰ ਦਿਤਾ। ਵਜ਼ੀਰ ਖ਼ਾਨ ਦੀ ਮੌਤ ਨਾਲ ਉਸ ਦੀ ਫ਼ੌਜ ਦੇ ਹੌਸਲੇ ਟੁੱਟ ਗਏ ਤੇ ਉਹ ਮੈਦਾਨ ਛੱਡ ਕੇ ਭੱਜ ਗਈ। ਲੜਾਈ ਸ਼ਹਿਰ ਤੋਂ ਦਸ ਮੀਲ ਬਾਹਰ ਹੋਈ ਤੇ ਦੋ ਦਿਨ ਪਿਛੋਂ ਸਰਹੰਦ ਵਿਚ ਸਿੱਖ ਫ਼ੌਜ ਦਾਖ਼ਲ ਹੋਈ। ਸੁੱਚਾ ਨੰਦ ਵੀ ਇਸੇ ਥਾਂ ਮਾਰਿਆ ਗਿਆ। ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਵਜਾ ਦਿਤੀ। ਇਥੋਂ ਦੋ ਕ੍ਰੋੜ ਰੁਪੈ ਦਾ ਮਾਲ ਨਗਦੀ ਤੇ ਸੋਨਾ ਚਾਂਦੀ ਮਿਲ ਗਿਆ। ਬਾਜ ਸਿੰਘ ਨੂੰ ਸਰਹੰਦ ਦਾ ਗਵਰਨਰ ਨਿਯਤ ਕਰ ਦਿਤਾ ਗਿਆ। ਆਲੀ ਸਿੰਘ ਨੂੰ ਡਿਪਟੀ ਗਵਰਨਰ ਲਾਇਆ ਗਿਆ। ਭਾਈ ਫ਼ਤਹਿ ਸਿੰਘ ਨੂੰ ਸਮਾਣਾ ਤੇ ਭਾਈ ਰਾਮ ਸਿੰਘ ਨੂੰ ਥਾਨੇਸਰ ਦਾ ਮੁਖ ਪ੍ਰਬੰਧਕ ਨਿਯਤ ਕਰ ਦਿਤਾ ਗਿਆ। ਸਰਹੰਦ ਫ਼ਤਹਿ ਹੋਣ ਨਾਲ ਇਸ ਸਾਰੇ ਸੂਬੇ ਦੇ ਨਿੱਕੇ ਪ੍ਰਬੰਧਕ ਆਪੇ ਅਧੀਨ ਹੋ ਗਏ। ਕਰਨਾਲ ਤੋਂ ਲੁਧਿਆਣੇ ਤਕ ਇਉਂ ਬੰਦਾ ਸਿੰਘ ਬਹਾਦਰ ਦੀ ਹਕੂਮਤ ਹੋ ਗਈ। ਇਸ ਦਾ ਇਤਨਾ ਚੰਗਾ ਪ੍ਰਭਾਵ ਪਿਆ ਕਿ ਹਜ਼ਾਰਾਂ ਹਿੰਦੂ ਤੇ ਮੁਸਲਮਾਨ ਆਪਣੇ ਆਪ ਸਿੰਘ ਸਜ ਗਏ।

ਬਾਬਾ ਬੰਦਾ ਸਿੰਘ ਬਹਾਦਰ ਨੇ ਸਾਢੌਰੇ ਨੇੜੇ ਮੁਖ਼ਲਸਪੁਰ ਨੂੰ ਆਪਣਾ ਹੈੱਡ ਕੁਆਰਟਰ ਬਣਾਇਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਨਵਾਂ ਸਿੱਕਾ ਚਾਲੂ ਕਰ ਦਿਤਾ। ਸਰਹੰਦ ਦੀ ਫ਼ਤਹਿ ਦੇ ਦਿਨ ਤੋਂ ਨਵਾਂ ਸਾਲ ਤੇ ਸੰਮਤ ਵੀ ਸ਼ੁਰੂ ਕੀਤਾ ਗਿਆ। ਜ਼ਿਮੀਦਾਰੀ ਸਿਸਟਮ ਨੂੰ ਖ਼ਤਮ ਕਰ ਕੇ ਹਲਵਾਹਕਾਂ ਨੂੰ ਹੀ ਜ਼ਮੀਨਾਂ ਦੇ ਮਾਲਕ ਬਣਾ ਦਿਤਾ ਤੇ ਗੁਲਾਮਾਂ ਵਾਂਗ ਬੰਦੇ ਰੱਖਣ ਦੇ ਰਿਵਾਜ ਨੂੰ ਖਤਮ ਕਰ ਦਿਤਾ। ਸਿੱਖਾਂ ਨੂੰ ਡਰ ਵਿਚ ਰਹਿਣ ਦੀ ਅਵਸਥਾ ਤੋਂ ਹੁਕਮਰਾਨ ਬਣਾ ਦਿਤਾ ਗਿਆ।

ਫਿਰ ਪੰਜਾਬ ਤੋਂ ਬਾਹਰ ਹਿੰਦੂਆਂ ਸਿੱਖਾਂ ਤੇ ਅਤਿਆਚਾਰ ਕਰਨ ਵਾਲੇ ਹਾਕਮਾਂ ਦੀ ਸੁਧਾਈ ਸ਼ੁਰੂ ਕਰ ਦਿਤੀ। ਬੰਦਾ ਸਿੰਘ ਬਹਾਦਰ ਨੇ ਜਮਨਾ ਦਰਿਆ ਨੂੰ ਪਾਰ ਕੀਤਾ ਤੇ ਜਲਾਲਾਬਾਦ ਦੇ ਫੌਜਦਾਰ ਨੂੰ ਠੀਕ ਕਰਨ ਦੀ ਧਾਰ ਲਈ। ਪਹਿਲਾਂ ਸਹਾਰਨਪੁਰ ਨੂੰ ਫ਼ਤਹਿ ਕੀਤਾ। ਫਿਰ ਬਿਹਾਰ ਦੇ ਪੀਰਜ਼ਾਦੇ ਨੂੰ

ਮਾਰਿਆ।

ਜਲੰਧਰ ਦੁਆਬੇ ਦੇ ਹਾਕਮਾਂ ਨੂੰ ਫਿਕਰ ਪੈ ਗਿਆ ਤੇ ਉਹਨਾਂ ਪਹਿਲਾਂ ਹੀ ਇਸਲਾਮ ਖਤਰੇ ਦਾ ਨਾਹਰਾ ਲਾ ਕੇ ਮੁਸਲਮਾਨ ਵਸੋਂ ਤੇ ਫੌਜਾਂ ਇਕੱਠੀਆਂ ਕਰ ਲਈਆਂ। 12 ਅਕਤੂਬਰ 1710 ਨੂੰ ਬੰਦਾ ਸਿੰਘ ਬਹਾਦਰ ਨੇ ਸਤਲੁਜ ਦਰਿਆ ਪਾਰ ਕੀਤਾ ਤੇ ਪਹਿਲਾਂ ਰਾਹੋਂ ਦੇ ਕਿਲ੍ਹੇ ਨੂੰ ਕਬਜ਼ੇ ਹੇਠ ਲੈ ਲਿਆ। ਉਧਰ ਇਸ ਤੋਂ ਉਤਸ਼ਾਹਤ ਹੋ ਕੇ ਮਾਝੇ ਦੇ ਸਿੰਘਾਂ ਨੇ ਬਟਾਲਾ ਤੇ ਕਲਾਨੌਰ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਉਥੇ ਉਘੇ ਸਿੱਖ ਪ੍ਰਬੰਧਕ ਲਾ ਦਿਤੇ ਗਏ। ਫਿਰ ਸਠਿਆਲਾ ਫਤਹਿ ਕਰ ਕੇ ਪਠਾਨਕੋਟ ਵਲ ਲੰਘ ਗਏ।

ਹਾਲਤ ਇਥੋਂ ਤਕ ਅੱਪੜ ਗਈ ਕਿ ਲਾਹੌਰ ਦਾ ਗਵਰਨਰ ਸੱਯਦ ਇਸਲਾਮ ਖਾਨ ਡਰ ਦੇ ਮਾਰੇ ਬਾਹਰ ਹੀ ਨਹੀਂ ਸੀ ਨਿਕਲਦਾ। ਸਾਰਾ ਮਾਝਾ ਵੀ ਅਮਲੀ ਤੌਰ ਤੇ ਸਿੰਘਾਂ ਦੇ ਕਬਜ਼ੇ ਵਿਚ ਆ ਚੁਕਿਆ ਸੀ।

ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਜਦ ਸਿੰਘਾਂ ਦੀ ਫ਼ਤਹਿ ਦੀਆਂ ਖ਼ਬਰਾਂ ਮਿਲੀਆਂ ਤਾਂ ਉਸ ਦਿੱਲੀ ਤੇ ਅਵਧ ਦੇ ਸੂਬੇਦਾਰਾਂ, ਮੁਰਾਦਾਬਾਦ ਤੇ ਅਲਾਹਾਬਾਦ ਦੇ ਨਾਜ਼ਮਾਂ ਤੇ ਬਰਹਾ ਦੇ ਸਯਦਾਂ ਨੂੰ ਤੁਰੰਤ ਪੰਜਾਬ ਵਲ ਫੌਜਾਂ ਲੈ ਕੇ ਪਹੁੰਚਣ ਦਾ ਹੁਕਮ ਦੇ ਦਿਤਾ। ਸਾਰਾ ਸ਼ਾਹੀ ਲਸ਼ਕਰ ਪੰਜਾਬ ਵਲ ਆ ਗਿਆ। ਸਾਢੌਰੇ ਨੇੜੇ ਬੰਦਾ ਸਿੰਘ ਬਹਾਦਰ ਨੇ ਸ਼ਾਹੀ ਫੌਜ ਤੇ ਹਮਲਾ ਕਰ ਕੇ ਬਹੁਤ ਸਾਰਾ ਨੁਕਸਾਨ ਭਰ ਦਿਤਾ ਪਰ ਸ਼ਾਹੀ ਫੌਜ ਬਹੁਤ ਜ਼ਿਆਦਾ ਹੋਣ ਕਾਰਨ ਸਿੱਖ ਫੌਜ ਨੂੰ ਪਿੱਛੇ ਹਟਣਾ ਪਿਆ। ਬੰਦਾ ਸਿੰਘ ਬਹਾਦਰ ਪਹਾੜਾਂ ਵਿਚ ਚਲੇ ਗਏ।

ਉਥੋਂ ਜਾ ਕੇ ਸਿੰਘਾਂ ਨੂੰ ਫਿਰ ਚਿੱਠੀਆਂ ਲਿਖੀਆਂ ਤੇ ਭਾਰੀ ਗਿਣਤੀ ਵਿਚ ਸਿੱਖ ਕੀਰਤਪੁਰ ਸਾਹਿਬ ਪਹੁੰਚ ਗਏ ਤੇ ਉਥੋਂ ਬੰਦਾ ਸਿੰਘ ਬਹਾਦਰ ਨੇ ਪਹਾੜੀ ਰਾਜਿਆਂ ਦੀ ਸੁਧਾਈ ਸ਼ੁਰੂ ਕਰ ਦਿਤੀ। ਰਾਜਾ ਭੀਮ ਚੰਦ ਨੂੰ ਲਿਖ ਭੇਜਿਆ ਕਿ ਉਹ ਦੀਨ ਮੰਨ ਲਏ, ਪਰ ਜਦ ਉਹਨੇ ਇਨਕਾਰ ਕੀਤਾ ਤਾਂ ਬਿਲਾਸਪੁਰ ਤੇ ਹਮਲਾ ਕਰ ਕੇ ਉਹਨੂੰ ਖਤਮ ਕਰ ਦਿਤਾ ਗਿਆ। ਬਾਕੀ ਰਾਜਿਆਂ ਨੇ ਆਪੇ ਹਥਿਆਰ ਸੁਟ ਦਿਤੇ। ਮੰਡੀ, ਕੁੱਲੂ ਤੇ ਚੰਬੇ ਦੇ ਰਾਜੇ ਗੁਰੂ ਨਾਨਕ ਨਾਮ ਲੇਵਾ ਬਣ ਗਏ ਤੇ ਬੰਦਾ ਸਿੰਘ ਬਹਾਦਰ ਦੀ ਮਦਦ ਕਰਨ ਲਗ ਪਏ।

4 ਜੂਨ 1711 ਨੂੰ ਜੰਮੂ ਦੇ ਫੌਜਦਾਰ ਨੂੰ ਹਾਰ ਦਿਤੀ ਤੇ ਗੁਰਦਾਸਪੁਰ ਦੇ ਇਲਾਕੇ ਫ਼ਤਹਿ ਕਰ ਲਏ ਪਰ ਭਾਰੀ ਗਿਣਤੀ ਵਿਚ ਸ਼ਾਹੀ ਫੌਜ ਪਹੁੰਚ ਜਾਣ ਤੇ ਬੰਦਾ ਸਿੰਘ ਬਹਾਦਰ ਜੰਮੂ ਵਲ ਲੰਘ ਗਿਆ। ਮੁਗਲ ਹਾਕਮਾਂ ਨੇ ਹੁਕਮ ਦੇ ਦਿਤਾ ਕਿ ਜਿੱਥੇ ਵੀ ਕੋਈ ਸਿੱਖ ਦੇਖਿਆ ਜਾਏ, ਉਸ ਨੂੰ ਉਸੇ ਥਾਂ ਤੇ ਹੀ ਮਾਰ ਦਿਤਾ ਜਾਏ।

ਬਹਾਦਰ ਸ਼ਾਹ ਦੇ ਮਰਨ ਪਿੱਛੋਂ ਦਿੱਲੀ ਦੇ ਤਖ਼ਤ ਤੇ ਜਹਾਂਦਾਦ ਖ਼ਾਨ ਬੈਠਾ, ਪਰ ਥੋੜ੍ਹੇ ਚਿਰ ਪਿਛੋਂ ਹੀ ਫ਼ਰਖਸੀਅਰ ਉਸ ਨੂੰ ਤਖ਼ਤ ਤੋਂ ਲਾਹ ਕੇ ਆਪ ਬਾਦਸ਼ਾਹ ਬਣ ਗਿਆ। ਇਸ ਗੜਬੜ ਤੇ ਰਾਜ ਗੱਦੀ ਦੇ ਝਗੜੇ ਤੋਂ ਲਾਭ ਉਠਾਉਣ ਲਈ ਬੰਦਾ ਸਿੰਘ ਬਹਾਦਰ ਫਿਰ ਮੈਦਾਨ ਵਿਚ ਨਿਤਰਿਆ ਤੇ ਪੰਜਾਬ ਫ਼ਤਹਿ ਕਰਦਾ ਹੋਇਆ ਮੁੜ ਕੇ ਸਾਢੌਰੇ ਪਹੁੰਚ ਗਿਆ ਤੇ ਲੋਹਗੜ੍ਹ ਕਿਲ੍ਹੇ ਤੇ ਕਬਜ਼ਾ ਕਰ ਕੇ ਰਾਜ ਦਾ ਕੰਮ ਸੰਭਾਲ ਲਿਆ। ਫ਼ਰਖਸਿਅਰ ਨੇ ਅਬਦੁਸ ਸਮਦ ਖ਼ਾਨ ਨੂੰ ਲਾਹੌਰ ਦਾ ਗਵਰਨਰ ਤੇ ਉਹਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਜੰਮੂ ਦਾ ਪ੍ਰਬੰਧਕ ਬਣਾ ਕੇ ਭੇਜਿਆ ਪਰ ਨਾਲ ਪੱਕੀ ਕੀਤੀ ਕਿ ਉਹ ਬੰਦਾ ਸਿੰਘ ਬਹਾਦਰ ਨੂੰ ਹਰ ਹਾਲਤ ਵਿਚ ਖ਼ਤਮ ਕਰਨ। ਉਹਨਾਂ ਦੇ ਹਮਲੇ ਕਰਕੇ ਬੰਦਾ ਸਿੰਘ ਬਹਾਦਰ ਮੁੜ ਜੰਮੂ ਵਲ ਚਲਾ ਗਿਆ।

1715 ਈਸਵੀ ਦੇ ਸ਼ੁਰੂ ਵਿਚ ਬੰਦਾ ਸਿੰਘ ਬਹਾਦਰ ਮੁੜ ਪੰਜਾਬ ਵਲ ਆਇਆ। ਬਟਾਲਾ ਤੇ ਕਲਾਨੌਰ ਤੇ ਕਬਜ਼ਾ ਕਰ ਲਿਆ। ਫ਼ਰਖ਼ਸੀਅਰ ਬਹੁਤ ਔਖਾ ਹੋਇਆ ਤੇ ਉਸ ਨੇ ਬਹੁਤ ਸਾਰੇ ਫੌਜਦਾਰ ਤੇ ਸੂਬੇਦਾਰ ਫੌਜਾਂ ਦੇ ਕੇ ਭੇਜ ਦਿਤੇ। ਗੁਰਦਾਸ ਨੰਗਲ ਪਿੰਡ ਵਿਚ ਦੋਹਾਂ ਪਾਸਿਆਂ ਦਾ ਟਾਕਰਾ ਹੋ ਗਿਆ। ਇਕ ਹਵੇਲੀ ਵਿਚ ਬੰਦਾ ਬਹਾਦਰ ਦੀ ਫੌਜ ਨੂੰ ਕਾਫੀ ਸਮਾਂ ਰਹਿਣਾ ਪਿਆ। ਪਾਣੀ, ਰਾਸ਼ਨ ਤੇ ਗਾਹ ਪੱਠੇ ਲਈ ਤੰਗੀ ਹੋ ਗਈ। ਫੌਜ ਨਾਲ ਮੁਕਾਬਲਾ ਕਰ ਕੇ ਬਾਹਰੋਂ ਚੀਜ਼ਾਂ ਲਿਆਉਣ ਦਾ ਪ੍ਰਬੰਧ ਕੀਤਾ ਜਾਂਦਾ ਪਰ ਤੰਗੀ ਦੀ ਹਾਲਤ ਇਸ ਹਦ ਤਕ ਅੱਪੜ ਗਈ ਕਿ ਹੋਰ ਜ਼ਿਆਦਾ ਦੇਰ ਤਕ ਭੁੱਖੇ ਰਹਿਣਾ ਔਖਾ ਹੋ ਗਿਆ। ਅੱਠ ਮਹੀਨੇ ਦੇ ਘੇਰੇ ਪਿਛੋਂ ਅਖੀਰ 17 ਦਸੰਬਰ 1715 ਈਸਵੀ ਨੂੰ ਮੁਗ਼ਲ ਫੌਜ ਨੇ ਗੜ੍ਹੀ ਤੇ ਕਬਜ਼ਾ ਕਰ ਲਿਆ ਤੇ

ਬੰਦਾ ਸਿੰਘ ਬਹਾਦਰ ਗ੍ਰਿਫ਼ਤਾਰ ਕਰ ਲਿਆ ਗਿਆ।

ਅਬਦੁਸ ਸਮਦ ਖਾਨ ਬੰਦਾ ਸਿੰਘ ਬਹਾਦਰ ਨੂੰ ਕੈਦੀ ਬਣਾ ਕੇ ਲਾਹੌਰ ਲੈ ਗਿਆ ਤੇ ਉਥੇ ਜਲੂਸ ਕੱਢਿਆ। ਬੰਦਾ ਸਿੰਘ ਬਹਾਦਰ ਨੂੰ ਸੰਗਲਾਂ ਨਾਲ ਬੰਨ੍ਹ ਕੇ ਪਿੰਜਰੇ ਵਿਚ ਪਾ ਕੇ ਲਾਹੌਰ ਤੋਂ ਦਿੱਲੀ ਭੇਜ ਦਿਤਾ ਗਿਆ। ਨਾਲ 740 ਹੋਰ ਸਿੱਖ ਫੜ ਕੇ ਤੇ ਦੋ ਹਜ਼ਾਰ ਸ਼ਹੀਦ ਸਿੱਖਾਂ ਦੇ ਸਿਰ ਬਰਛਿਆਂ ਤੇ ਟੰਗ ਕੇ ਭੇਜੇ ਗਏ।

20 ਫਰਵਰੀ 1716 ਈਸਵੀ ਨੂੰ ਉਹ ਦਿੱਲੀ ਪਹੁੰਚੇ ਤੇ ਉਥੇ ਵੀ ਉਨ੍ਹਾਂ ਨੂੰ ਗਲੀਆਂ ਬਜ਼ਾਰਾਂ ਵਿਚੋਂ ਜਲੂਸ ਬਣਾ ਕੇ ਲੰਘਾਇਆ ਗਿਆ। ਕੈਦੀ ਹੋਣ ਦੇ ਬਾਵਜੂਦ ਬਾਬਾ ਬੰਦਾ ਸਿੰਘ ਬਹਾਦਰ ਦਾ ਚਿਹਰਾ ਖਿੜਿਆ, ਲਾਲ, ਭਖਦਾ ਤੇ ਰੋਹਬ ਵਾਲਾ ਸੀ। ਉਹ ਨੂੰ ਫੜੇ ਜਾਣ ਤੇ ਮੌਤ ਦੀ ਸਜ਼ਾ ਮਿਲਣ ਦੀ ਰਤੀ ਭਰ ਵੀ ਚਿੰਤਾ ਨਹੀਂ ਸੀ। ਲੱਖਾਂ ਲੋਕ ਇਸ ਬਹਾਦਰ ਜਰਨੈਲ ਦੇ ਦਰਸ਼ਨ ਕਰਨ ਲਈ ਸੜਕ ਦੇ ਦੋਵੇਂ ਪਾਸੇ ਜੁੜੇ ਸਨ।

ਦਿੱਲੀ ਸਟੇਸ਼ਨ ਦੇ ਸਾਹਮਣੇ ਜਿਥੇ ਅੱਜ ਕਲ੍ਹ ਹਾਰਡਿੰਗ ਲਾਇਬ੍ਰੇਰੀ ਹੈ, ਇਥੇ 5 ਮਾਰਚ 1716 ਨੂੰ ਸਿੱਖਾਂ ਦਾ ਕਤਲਾਮ ਸ਼ੁਰੂ ਕੀਤਾ ਗਿਆ। ਰੋਜ਼ ਸੌ ਸਿੱਖ ਸ਼ਹੀਦ ਕੀਤੇ ਜਾਂਦੇ। ਫਿਰ 8 ਜੂਨ 1716 ਨੂੰ ਬੰਦਾ ਸਿੰਘ ਬਹਾਦਰ ਦੀ ਵਾਰੀ ਆ ਗਈ। ਕੁਤਬ ਮੀਨਾਰ ਨੇੜੇ ਖਵਾਜਾ ਕੁਤਬਦੀਨ ਬਖ਼ਤਾਵਰ ਕਾਕੀ ਦੇ ਮਕਬਰੇ ਪਾਸ ਲਿਜਾ ਕੇ ਪੁਛਿਆ ਗਿਆ ਕਿ ਇਸਲਾਮ ਤੇ ਮੌਤ ਵਿਚੋਂ ਕਿਹੜੀ ਚੀਜ਼ ਪਸੰਦ ਕਰੋਗੇ?

ਜਦ ਬੰਦਾ ਸਿੰਘ ਨੇ ਮੌਤ ਦਾ ਰਾਹ ਚੁਣ ਲਿਆ ਤਾਂ ਉਸ ਦੇ ਪੁੱਤਰ ਦੇ ਟੁਕੜੇ-ਟੁਕੜੇ ਕਰ ਕੇ ਉਹਦਾ ਦਿਲ ਕੱਢ ਕੇ ਜ਼ਬਰਦਸਤੀ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਪਾ ਦਿਤਾ। ਉਹਨਾਂ ਭਾਣਾ ਮਿੱਠਾ ਕਰ ਕੇ ਮੰਨਿਆ। ਪੁੱਤਰ ਦੇ ਟੁਕੜੇ ਸਾਹਮਣੇ ਹੁੰਦੇ ਵੇਖ ਕੇ ਵੀ ਅਹਿੱਲ ਰਹੇ। ਇਸ 'ਤੇ ਉਹਨਾਂ ਦੀ ਸੱਜੀ ਅੱਖ ਕੱਢ ਦਿਤੀ ਗਈ। ਫਿਰ ਖੱਬੀ ਅੱਖ ਕੱਢ ਦਿਤੀ ਗਈ। ਫਿਰ ਹੱਥ, ਪੈਰ, ਲੱਤਾਂ ਵੱਢੀਆਂ ਗਈਆਂ। ਇਸ ਤੋਂ ਪਿਛੋਂ ਜਮੂਰ ਗਰਮ ਕਰ ਕੇ ਸਰੀਰ ਦਾ ਮਾਸ ਨੋਚਿਆ ਗਿਆ ਤੇ ਇਸ ਤੋਂ ਪਿਛੋਂ ਤਲਵਾਰ ਮਾਰ ਕੇ ਸਿਰ ਧੜ ਤੋਂ ਵੱਖ ਕੀਤਾ ਗਿਆ। ਸਮੇਂ ਦੇ ਸਾਰੇ ਇਤਿਹਾਸਕਾਰ ਲਿਖਦੇ ਹਨ ਕਿ ਬੰਦਾ ਸਿੰਘ ਬਹਾਦਰ ਅਡੋਲ ਬੈਠਾ ਪੂਰਨ ਸ਼ਾਂਤੀ ਨਾਲ ਸਾਰੇ ਤਸੀਹੇ ਬਰਦਾਸ਼ਤ ਕਰਦਾ ਅਖ਼ੀਰ ਸ਼ਹੀਦੀ ਪ੍ਰਾਪਤ ਕਰ ਗਿਆ।

1970 ਈਸਵੀ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਬੰਦਾ ਸਿੰਘ ਬਹਾਦਰ ਦੇ ਮਹਿਰੋਲੀ ਵਿਚ ਸ਼ਹੀਦੀ ਅਸਥਾਨ ਦੀ ਖੋਜ ਕਰ ਕੇ ਉਸ ਅਸਥਾਨ ਤੇ ਸ਼ਾਨਦਾਰ ਗੁਰਦੁਆਰਾ ਉਸਾਰਨ ਦਾ ਕਾਰਜ ਸ਼ੁਰੂ ਕਰ ਦਿਤਾ। ਪਹਿਲਾਂ ਕੇਵਲ ਉਸ ਵੱਡੇ ਦਰਵਾਜ਼ੇ ਦੇ ਪਿਲਰ ਤੇ ਪ੍ਰਕਾਸ਼ ਕੀਤਾ ਗਿਆ ਤੇ ਫਿਰ ਆਸੇ ਪਾਸੇ ਦੇ ਪਲਾਟ ਤੇ ਮਕਾਨ ਖਰੀਦ ਕੇ ਬਾਬਾ ਹਰਬੰਸ ਸ਼ਿੰਘ ਦੇ ਕਾਰ ਸੇਵਾ ਵਾਲੇ ਜਥੇ ਨੇ ਇਸ ਸ਼ਹੀਦੀ ਅਸਥਾਨ ਤੇ ਦੋ ਮੰਜ਼ਲਾ ਗੁਰਦੁਆਰਾ ਉਸਾਰ ਦਿਤਾ। ਹੁਣ ਇਸ ਸ਼ਹੀਦੀ ਅਸਥਾਨ ਦਾ ਪ੍ਰਬੰਧ ਦਿੱਲੀ ਗੁਰਦੁਆਰਾ ਕਮੇਟੀ ਕਰ ਰਹੀ ਹੈ। ਹਰ ਸਾਲ ਦਿੱਲੀ ਦੀਆਂ ਸਿੱਖ ਸੰਗਤਾਂ ਬੰਦਾ ਬਹਾਦਰ ਦੇ ਸ਼ਹੀਦੀ ਦਿਨ ਤੇ ਜੋੜ ਮੇਲਾ ਕਰਦੀਆਂ ਹਨ ਤੇ ਬੰਦਈ ਸਿੱਖ ਸੰਪਰਦਾ ਦੇ ਜਥੇ ਦੇਸ਼ ਭਰ ਤੋਂ ਇਸ ਸ਼ਹੀਦੀ ਅਸਥਾਨ ਦੀ ਯਾਤਰਾ ਲਈ ਆਉਂਦੇ ਹਨ।

---

*(ਪੰਨਾ 39 ਦੀ ਬਾਕੀ)*

ਨਾਲ ਜਨਮ ਮਰਨ ਦੇ ਗੇੜ ਦਾ ਦੁਖ ਵੀ ਕਟਿਆ ਜਾਂਦਾ ਹੈ, ਭਟਕਣਾ ਤੇ ਮੋਹ ਦੀ ਫਾਹੀ ਵੀ ਕੱਟ ਜਾਂਦੀ ਹੈ ਤੇ ਸੇਵਕ ਨੂੰ ਪ੍ਰਭੂ ਦੀ ਨਿਕਟਤਾ ਪ੍ਰਾਪਤ ਹੋ ਜਾਂਦੀ ਹੈ। ਪਰ ਇਹ ਪ੍ਰਾਪਤੀ ਹਉਂ ਆਸਰਿਤ ਨਹੀਂ, ਪ੍ਰਭੂ ਅਸਾਰਿਤ ਹੈ ਅਤੇ ਸੰਤ ਜਨਾ ਦੀ ਸੰਗਤ ਵਿਚ ਮਿਲਦੀ ਹੈ। ਸ਼ਬਦ ਦੀਆਂ ਅੰਤਲੀਆਂ ਤੁਕਾਂ ਵਿਚ ਇਹ ਭਾਵ ਸਪੱਸ਼ਟ ਹੋ ਰਹੇ ਹਨ -

*ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ ॥*
*ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥ ੩ ॥*
*ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥*
*ਸਰਬ ਸੁਖ ਨਾਨਕ ਪਾਏ ਸੰਗਿ ਸੰਤਨ ਸਾਥਿ ॥*

*ਅੰਗ- ੮੧੪*

ਨਿਰਸੰਦੇਹ ਇਸ ਬਿਖਮ ਭਵਜਲ ਨੂੰ ਹਰਿ ਗੁਣ ਗਾਇਨ ਰਾਹੀਂ ਹੀ ਤਰਿਆ ਜਾ ਸਕਦਾ ਹੈ।

*ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥ ਅੰਗ-੮੧੩*

# ਕਲਗੀਧਰ ਜੀ ਦੇ 52 ਬਚਨ

*ਸ. ਬਲਵਿੰਦਰ ਸਿੰਘ*

## ਚੌਥਾ ਬਚਨ:

## ਜਾਗਣਾ ਅੰਮ੍ਰਿਤ ਵੇਲੇ (ਨਹਿੰ ਸੁਪਤਹਿੰ ਸਿਖ ਸੋਤ ਸਵੇਰੇ)

ਜਦ ਵਾਹਿਗੁਰੂ ਦੀ ਬੜੀ ਕ੍ਰਿਪਾ ਹੁੰਦੀ ਹੈ ਤਾਂ ਮਨੁੱਖਾ ਜਨਮ ਪ੍ਰਾਪਤ ਹੁੰਦਾ ਹੈ ਤੇ ਜਦੋਂ ਉਸ ਦੀ ਮਿਹਰਾਂ ਭਰੀ ਨਦਰ ਮਨੁੱਖੀ ਜੀਵ 'ਤੇ ਪੈ ਜਾਏ ਤਾਂ ਉਹ ਆਪਣੇ ਸਰਵੋਤਮ ਤੇ ਪਵਿੱਤਰ ਲਕਸ਼ 'ਮੋਖ-ਦੁਆਰ' ਨੂੰ ਪ੍ਰਾਪਤ ਕਰ ਲੈਂਦਾ ਹੈ। ਸਾਨੂੰ ਚਾਹੀਦਾ ਵੀ ਇਹੀ ਹੈ ਕਿ ਉਸ ਦੀ ਕ੍ਰਿਪਾ ਭਰੀ ਨਦਰ ਦੇ ਪਾਤਰ ਬਣ ਜਾਈਏ। ਇਸ ਲਈ ਕੋਈ ਵੱਖਰੇ ਵਿਸ਼ੇਸ਼ ਕਰਮ-ਕਾਂਡ, ਵਿਧੀ ਆਦਿ ਦੀ ਜ਼ਰੂਰਤ ਨਹੀਂ। ਬਸ, ਵਾਹਿਗੁਰੂ ਬਖਸ਼ਿਸ਼ ਹੀ ਕਰੇ ਤਾਂ ਹੀ ਸੰਭਵ ਹੈ।

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥*
*ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥*
*ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥*

*ਅੰਗ- ੨*

ਬਸ ਇਹੀ ਗੱਲ ਸਮਝਣ ਵਾਲੀ ਹੈ ਕਿ ਸਚਿਆਰ ਅਕਾਲ ਪੁਰਖ ਹੀ ਸਭ ਬਿਧ ਦਾ ਕਰਤਾ ਹੈ ਤੇ ਬਿਧ ਬਣਾਉਂਦਾ ਹੈ। ਇਹੀ ਅਰਦਾਸ ਉਸ ਪਾਸ ਕਰਨੀ ਚਾਹੀਦੀ ਹੈ ਕਿ ਅੰਮ੍ਰਿਤ ਵੇਲੇ ਦਾ ਕੀਮਤੀ ਸਮਾਂ ਬਖਸ਼ਿਸ਼ ਕਰ ਕੇ ਉਹ ਆਪਣੀ ਵਡਿਆਈ ਦੇ ਵਿਚਾਰ ਵਿਚ ਸਰਫ਼ ਕਰਾਏ, ਨਾ ਕਿ ਉਹ ਪਵਿੱਤਰ ਸਮਾਂ ਸੁੱਤਿਆਂ ਹੀ ਲੰਘ ਜਾਵੇ, ਰਾਤ ਪਸ਼ੂ ਨਿਆਈਂ ਢਿੱਡ ਭਰ ਕੇ ਆਪਣੀ ਰਜਾਈ ਦੇ ਕਫਨ ਰੂਪ ਕੱਜਣ ਹੇਠਾਂ ਹੀ ਨਾ ਬਿਤਾ ਦੇਵੇ। ਜਿਨ੍ਹਾਂ ਨੂੰ ਅੰਮ੍ਰਿਤ ਵੇਲੇ ਉਸ ਦੀ ਵਡਿਆਈ ਕਰਨ ਦਾ ਵੀਚਾਰ ਨਹੀਂ ਫੁਰਿਆ ਤਾਂ ਇਹੀ ਸਮਝਣਾ ਚਾਹੀਦਾ ਹੈ ਕਿ ਉਹ ਬੰਦਾ ਮਾਨਸਿਕ ਤੌਰ 'ਤੇ ਬੀਮਾਰ ਹੈ। ਇਹ ਰਜਾਈ, ਕੰਬਲ, ਲੋਈ ਜਾਂ ਚਾਦਰ ਦਾ, ਸੂਰਜ ਚੜ੍ਹੇ ਤਕ ਓੜ੍ਹੀ ਰੱਖਣਾ ਕਿਸੇ ਰੋਗ ਦੀ ਨਿਸ਼ਾਨੀ ਹੈ ਜਾਂ ਇੰਝ ਸਮਝ ਲਈਏ ਕਿ ਜਿਸ ਤਰਹਾਂ ਕਿਸੇ ਜ਼ਖਮੀ ਅੰਗ ਦੇ ਉਤੇ ਕੋਈ ਪੱਟੀ ਬੰਨ੍ਹ ਲੈਂਦਾ ਹੈ। ਇਸ ਤਰ੍ਹਾਂ ਜਿਹੜਾ ਅੰਮ੍ਰਿਤ ਵੇਲੇ ਨਹੀਂ ਉਠਿਆ ਉਸ ਦਾ ਸਾਰਾ ਸਰੀਰ ਹੱਥ, ਮੂੰਹ, ਅੱਖਾਂ, ਕੰਨ, ਨੱਕ, ਛਾਤੀ, ਪੈਰ ਸਭ ਰੋਗੀ ਹਨ, ਉਹ 'ਸਰਬ ਰੋਗ' ਹੈ। ਉਹ ਰੋਗ ਰੂਪ ਹੈ। ਉਹ ਸਾਰਾ ਫੱਟ ਰੂਪ ਹੈ। ਫੱਟੜ ਹੈ। ਤਾਂ ਹੀ ਤੇ ਉਸ ਨੇ ਆਪਣੇ ਉਪਰ ਪੱਟੀ ਰੂਪ ਓੜ੍ਹਣ ਓੜ੍ਹ ਕੇ ਆਪਣੇ ਆਪ ਨੂੰ ਲੁਕਾਇਆ ਹੋਇਆ ਹੈ। ਪਰ ਕੀ ਇਸ ਤਰ੍ਹਾਂ ਲੁਕਾਉਣ ਨਾਲ ਮਲਕੁਲ ਮੌਤ ਦੀ ਅੱਖੋਂ ਉਹ ਆਪਣੇ ਆਪ ਨੂੰ ਬਚਾ ਲਏਗਾ?

ਭਗਤ ਸ਼ੇਖ ਫਰੀਦ ਜੀ ਗੰਜੇ-ਸ਼ਕਰ ਮਿੱਠਤ ਦੇ ਰੂਪ ਸਨ, ਮਿੱਠਤ ਦਾ ਪਹਾੜ ਸਨ, ਪਰ ਪਿਛਲ ਰਾਤੀਂ ਨਾ ਜਾਗਣ ਵਾਲੇ ਪ੍ਰਾਣੀ ਦਾ ਜ਼ਰਾ ਲਿਹਾਜ਼ ਨਹੀਂ ਕਰਦੇ, ਤਰਸ ਨਹੀਂ ਕਰਦੇ, ਸਗੋਂ ਉਸ ਉੱਤੇ ਬਰਸ ਪੈਂਦੇ ਹਨ ਤੇ ਆਖਦੇ ਹਨ -

*ਫਰੀਦਾ ਪਿਛਲ ਰਾਤਿ ਨ ਜਾਗਿਓਹਿ*
*ਜੀਵਦੜੋ ਮੁਇਓਹਿ ॥*
*ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥*

*ਅੰਗ- ੧੩੮੩*

ਅੰਮ੍ਰਿਤ ਵੇਲਾ ਤਾਂ ਵਾਹਿਗੁਰੂ ਦੇ ਨੇੜੇ ਹੋ ਕੇ, ਉਸ ਦੇ ਰੂ-ਬ-ਰੂ ਹੋ ਕੇ ਉਸ ਨਾਲ ਗੱਲਾਂ ਕਰਨ ਦਾ ਹੈ ਤੇ ਜੇ ਮਨੁੱਖ ਉਸ ਸਮੇਂ ਨੂੰ ਵਿਸਾਰ ਬੈਠਾ ਹੈ, ਉਸ ਵੇਲੇ ਨੂੰ ਖੁੰਝਾ ਰਿਹਾ ਹੈ ਤਾਂ ਫਰੀਦ ਜੀ ਫੁਰਮਾਂਦੇ ਹਨ ਕਿ ਉਹ ਜੀਉਂਦਾ ਹੀ ਮੋਇਆ ਹੋਇਆ ਸਮਝਿਆ ਜਾਣਾ ਚਾਹੀਦਾ ਹੈ।

ਜੇ ਕੋਈ ਆਦਮੀ ਆਪਣੇ ਕਿਸੇ ਪਿਆਰ ਵਾਲੇ ਦੇ ਘਰ ਸਵੇਰੇ-ਸਵੇਰੇ ਪੁੱਜੇ। ਅਗੋਂ ਉਸ ਘਰ ਵਾਲੇ ਲੰਮੀਆਂ ਤਾਣ, ਰੱਬ ਵਿਸਾਰ ਸੁੱਤੇ ਪਏ ਹੋਣ, ਤਾਂ ਕੀ ਉਸ ਦੀ ਹਿੰਮਤ ਪਵੇਗੀ ਕਿ ਉਹ ਫਰੀਦ ਸਾਹਿਬ ਵਾਂਗ ਉਚੀ ਅਵਾਜ਼ ਦੇ ਕੇ ਇਹ ਆਖੇ, ਓਏ ਕੀ ਤੁਸੀਂ ਸਾਰੇ ਜੀਉਂਦੇ ਹੀ ਮਰ ਗਏ ਹੋ? ਭਾਵੇਂ ਉਹ ਆਦਮੀ ਆਪਣੇ ਮੇਜ਼ਬਾਨ ਦੇ ਭੈ ਕਾਰਨ ਜਾਂ ਲੋਕ ਲੱਜਿਆ ਕਾਰਨ ਐਸੀ ਕੋਈ ਗੱਲ ਨਾ ਕਹੇ, ਚੁੱਪ ਕਰ ਜਾਏ, ਕੁਝ ਕਹਿਣ ਤੋਂ ਗੁਰੇਜ਼ ਕਰ ਜਾਏ ਪਰ ਦਰਅਸਲ ਜਿਨ੍ਹਾਂ ਅੰਮ੍ਰਿਤ ਵੇਲਾ ਨਹੀਂ ਸਾਂਭਿਆ, ਸਮਝ ਲਵੋ ਉਹ ਜੀਉਂਦੇ ਹੀ ਮਰ ਗਏ। ਰੱਬ ਨੂੰ ਉਹ ਭਾਵੇਂ ਵਿਸਾਰ ਬੈਠੇ ਹਨ, ਪਰ ਰੱਬ ਨੂੰ ਥੋੜ੍ਹੇ ਉਹ

ਵਿਸਰੇ ਹਨ।

ਕਈ ਵਿਚਾਰੇ ਇਹ ਕਹਿੰਦਿਆਂ ਸੁਣੇ ਗਏ ਹਨ ਕਿ ਸਾਰੇ ਵੇਲੇ ਇਕੋ ਜਿਹੇ ਹਨ, ਵੇਲਾ ਵਕਤ ਉਹੀ ਚੰਗਾ ਹੈ ਜਿਹੜਾ ਵਾਹਿਗੁਰੂ ਦੀ ਯਾਦ ਵਿਚ ਬੀਤੇ। ਅੰਮ੍ਰਿਤ ਵੇਲੇ ਦੀ ਕਿਹੜੀ ਖਾਸ ਗੱਲ ਹੈ? ਨਿਤਨੇਮ ਅਸੀਂ ਰੋਜ਼ ਕਰਦੇ ਹਾਂ, ਕਦੀ ਨਹੀਂ ਖੁੰਝਾਉਂਦੇ ਤੇ ਨਾਲ ਹੀ ਇਹੋ ਜਿਹੀ ਤੁਕ ਪੜ੍ਹ ਕੇ ਸੁਣਾ ਦਿੰਦੇ ਹਨ -

*ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ*
*ਜਿਤੁ ਤੁਮਰੈ ਦੁਆਰੈ ਆਇਆ ॥* *ਅੰਗ- ੭੪੯*

ਇਹ ਗੱਲ ਠੀਕ ਹੈ ਪਰ ਇਸ ਸੰਬੰਧੀ ਵਿਚਾਰ ਕਰਨ ਲੱਗਿਆਂ ਇਹ ਦੇਖ ਲੈਣਾ ਚਾਹੀਦਾ ਹੈ ਕਿ ਇਹ ਹੁਕਮ ਗੁਰੂ ਸਾਹਿਬ ਨੇ ਕਿਸ ਸੰਦਰਭ ਤੇ ਕਿਸ ਸਬੰਧ ਵਿਚ ਕੀਤਾ ਹੈ। ਇਸਦਾ ਭਾਵ ਇਹ ਹੈ ਕਿ ਜਿਹੜੇ ਰੁੱਤਾਂ, ਤਿੱਥਾਂ, ਵਾਰਾਂ, ਪਖਾਂ ਆਦਿ ਦਾ ਭਰਮ ਕਰਦੇ ਹਨ, ਉਨ੍ਹਾਂ ਨੂੰ ਇਸ ਸਬੰਧੀ ਚੇਤਾਵਨੀ ਹੈ ਕਿ ਵਾਹਿਗੁਰੂ ਦਾ ਸਿਮਰਨ ਕਰੀਏ, ਕਿਸੇ ਵੇਲੇ ਕਰੀਏ, ਨਿੱਤ ਕਰੀਏ, ਹਰ ਵੇਲੇ ਕਰੀਏ, ਉਹ ਪਿਆਰਾ ਕਦੀ ਨਾ ਵਿਸਰੇ। ਇਸ ਦਾ ਇਹ ਭਾਵ ਨਹੀਂ ਕਿ ਅੰਮ੍ਰਿਤ ਵੇਲੇ ਦੀ ਕੋਈ ਵਿਸ਼ੇਸ਼ ਮਹਾਨਤਾ ਨਹੀਂ ਜਾਂ ਅੰਮ੍ਰਿਤ ਵੇਲੇ ਦੀ ਮਹਾਨਤਾ ਘੱਟ ਹੈ।

ਜਦੋਂ ਅਸੀਂ ਬੈਂਕ ਜਾਂਦੇ ਹਾਂ, ਤਾਂ ਉਥੇ ਦਫ਼ਤਰ ਦਾ ਕੰਮ ਕਾਜ, ਚਿੱਠੀ-ਪੱਤਰ, ਆਵਾਜਾਈ, ਸ਼ਾਮੀਂ ਪੰਜ ਵਜੇ ਤਕ ਚਲਦੀ ਹੈ। ਪਰ ਰੁਪਏ ਲੈਣ ਦੇਣ ਦਾ ਕੰਮ ਇਕ ਖ਼ਾਸ ਸਮੇਂ ਤਕ ਹੀ ਹੁੰਦਾ ਹੈ। ਅੰਮ੍ਰਿਤ ਵੇਲੇ ਬਾਰੇ ਵੀ ਇਹ ਗੱਲ ਸਾਨੂੰ ਸਮਝ ਲੈਣੀ ਚਾਹੀਦੀ ਹੈ ਕਿ ਜੇ ਵਾਹਿਗੁਰੂ ਦੇ ਨੇੜੇ ਹੋਣਾ ਹੈ, ਉਸ ਦੀ ਹੋਂਦ ਨੂੰ ਚੰਗੀ ਤਰ੍ਹਾਂ ਮਾਣਨਾ ਹੈ ਤਾਂ ਇਸ ਲਈ ਸਭ ਤੋਂ ਉੱਤਮ ਵੇਲਾ, ਅੰਮ੍ਰਿਤ ਵੇਲਾ ਹੀ ਹੈ। ਇਹੀ ਗੱਲ ਸਿਨੇਮਾ, ਨਾਟਕ ਜਾਂ ਕਿਸੇ ਹੋਰ ਸ਼ੋਅ ਦੇ ਸਬੰਧ ਵਿਚ ਕਹੀ ਜਾ ਸਕਦੀ ਹੈ ਕਿ ਟਿਕਟਾਂ ਵਾਲੀ ਖਿੜਕੀ ਇਕ ਖ਼ਾਸ ਸਮੇਂ ਹੀ ਖੁਲ੍ਹਦੀ ਹੈ। ਢੁੱਚਰ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਐਡਵਾਂਸ ਬੁਕਿੰਗ ਕਰਵਾ ਲਈ ਹੈ ਜਾਂ ਮਗਰੋਂ ਅਸੀਂ ਬਲੈਕ ਵਿਚ ਖ਼ਰੀਦ ਲਵਾਂਗੇ। ਪਰ ਵਾਹਿਗੁਰੂ ਨੂੰ ਮਾਣਨ ਦੇ ਅਤੇ ਉਸ ਤਕ ਪਹੁੰਚਣ ਦੇ ਜ਼ਰੀਏ 'ਸਿਮਰਨ' ਸਬੰਧੀ ਇਹ ਗੱਲ ਭਲੀ ਪ੍ਰਕਾਰ ਸਮਝ ਲੈਣੀ ਚਾਹੀਦੀ ਹੈ ਕਿ ਇੱਥੇ ਕੋਈ ਵਿਚੋਲਾ ਜਾਂ ਮਨੁੱਖ ਐਡਵਾਂਸ ਬੁਕਿੰਗ ਨਹੀਂ ਕਰਾ ਸਕਦਾ। ਇਹ ਤਾਂ ਜਿਸ ਨੇ ਉਸ ਅਵਸਥਾ ਨੂੰ ਮਾਣਨਾ ਹੈ ਉਸ ਨੂੰ ਆਪ ਹੀ ਕਰਨਾ ਹੋਵੇਗਾ ਤੇ ਇਹ ਅਰਦਾਸ ਜ਼ਰੂਰ ਕਰਨੀ ਚਾਹੀਦੀ ਹੈ ਕਿ ਹੇ ਵਾਹਿਗੁਰੂ ਸਾਡੀ ਅਜਿਹੀ ਦਸ਼ਾ ਨਾ ਕਰੀਂ ਕਿ ਅਸੀਂ ਜਾਗਦੇ ਹੀ ਤੇਰੇ ਨਾਲੋਂ ਵਿਛੜੇ ਰਹੀਏ, ਤੇਰੀਆਂ ਦਿਤੀਆਂ ਦਾਤਾਂ ਵਿਚ ਗਵਾਚੇ ਰਹੀਏ, ਇਨ੍ਹਾਂ ਦਾਤਾਂ ਨੇ ਤਾਂ ਨਾਲ ਨਹੀਂ ਜਾਣਾ। ਸਗੋਂ ਕ੍ਰਿਪਾ ਕਰ, ਸਾਨੂੰ ਸੁੱਤਿਆਂ ਨੂੰ ਉਠਾਲ ਦੇ।

*ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥*
*ਇਕ ਜਾਗੰਦੇ ਨਾ ਲਹੰਨਿ*
*ਇਕਨਾ ਸੁਤਿਆ ਦੇਇ ਉਠਾਲਿ ॥* *ਅੰਗ- ੮੩*

ਬਲੈਕ ਵਾਲੀ ਗੱਲ ਤਾਂ ਇਸ ਮਾਮਲੇ ਵਿਚ ਬਿਲਕੁਲ ਨਹੀਂ ਚਲਦੀ। ਇਸ ਖ਼ਾਮ-ਖ਼ਿਆਲੀ ਨੇ ਬਹੁਤ ਰੱਫੜ ਅੱਗੇ ਹੀ ਪਾਇਆ ਹੋਇਆ ਹੈ ਕਿ ਤੂੰ ਮੇਰੀ ਥਾਵੇਂ ਤੇ ਕੋਈ ਤੇਰੀ ਥਾਵੇਂ ਦਿਨ ਰਾਤ ਪਾਠ ਕਰੀ ਜਾਏ, ਮੈਂ ਉਹਨੂੰ ਪੈਸੇ ਦੇਈ ਜਾਵਾਂਗਾ। ਬੱਸ ਫਿਰ ਕੀ ਹੈ, ਮਹਾਤਮ ਤਾਂ ਮੈਨੂੰ ਹੀ ਮਿਲਣਾ ਹੈ। ਮੈਂ ਬੜੀ ਨਿਮਰਤਾ ਨਾਲ ਪਰ ਦ੍ਰਿੜ੍ਹਤਾ ਨਾਲ ਇਹ ਗੱਲ ਕਹਿ ਸਕਦਾ ਹਾਂ ਕਿ ਮਹਾਤਮ ਨਹੀਂ, ਸਗੋਂ ਇਹ ਮਾਤਮ ਵਾਲੀ ਗੱਲ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖੀ ਜੀਵ ਨੂੰ ਪਖੰਡ ਅਤੇ ਕਰਮ-ਕਾਂਢ ਦੀ ਉਦੰਡਤਾ ਤੋਂ ਵਰਜਦਿਆਂ ਹੋਇਆ ਫੁਰਮਾਨ ਕਰਦੇ ਹਨ ਕਿ ਮਾਇਆ ਵਿਚ ਗਲੇਫਣ ਤੇ ਜਕੜਨ ਵਾਲੇ ਕਾਰਜ, ਵਾਹਿਗੁਰੂ ਦਾ ਦੀਦਾਰ ਤਾਂ ਕੀ ਉਸ ਦੀ ਕਨਸੋਅ ਵੀ ਸਾਡੇ ਵੱਲ ਨਹੀਂ ਆਉਣ ਦਿੰਦੇ। ਇਹ ਕਰਮ ਧਰਮ ਤਾਂ ਬੰਧਕਾਰੀ ਹੈ, ਬੰਧਨ ਹੈ, ਦਰਅਸਲ ਬੰਨ੍ਹਣਾ ਤਾਂ ਅਸੀਂ ਉਸ ਦ੍ਰਿਸ਼ਟੀ ਨੂੰ ਹੈ ਜਿਹੜੀ ਵਿਕਾਰਾਂ ਵੱਲ ਭੱਜਦੀ ਹੈ ਤੇ ਉਸ ਦੀ ਆਦਤ ਐਸੀ ਬਣ ਗਈ ਹੈ ਕਿ ਉਹ ਵਿਕਾਰ ਹੀ ਵੇਖਦੀ ਹੈ। ਜਿਨ੍ਹਾਂ ਨੇ ਆਪਣੀ ਨਿਗਾਹ ਨੂੰ ਐਸੀ ਆਦਤ ਪਾ ਲਈ ਹੈ ਕਿ ਉਹ ਹੁਣ ਵਿਕਾਰਾਂ ਵੱਲ ਨਹੀਂ ਧਾਉਂਦੀ, ਤਾਂ ਉਸ ਤੋਂ ਮੈਂ ਕੁਰਬਾਨ ਜਾਂਦਾ ਹਾਂ।

*ਦਿਸਟਿ ਬਿਕਾਰੀ ਬੰਧਨਿ ਬਾਂਧੈ*
*ਹਉ ਤਿਸ ਕੈ ਬਲਿ ਜਾਈ ॥*
*ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ ॥ ੧ ॥*
*ਬੋਲਹੁ ਸਚੁ ਨਾਮੁ ਕਰਤਾਰ ॥*
*ਫੁਨਿ ਬਹੁੜਿ ਨ ਆਵਣ ਵਾਰ ॥ ੧ ॥ ਰਹਾਉ ॥*
*ਅੰਗ- ੧੩੨੯*

ਦੁਨੀਆਂ ਦੀਆਂ ਸਭ ਵਸਤਾਂ, ਰਿਸ਼ਤੇ, ਨਾਤੇ,

ਸਬੰਧ, ਵਰਤਣਾ, ਦੌਲਤ ਸਭ ਕੁਝ ਖੇਹ ਹਨ। ਸਿਆਣੇ ਮਨੁੱਖ ਨੇ ਕਰਨਾ ਤਾਂ ਇਹ ਹੈ ਕਿ ਉਹ ਇਨ੍ਹਾਂ ਨੂੰ ਦੇਖਣ ਦਾ ਢੰਗ ਬਦਲ ਦਏ, ਨਜ਼ਰੀਆ ਬਦਲ ਦਏ, ਉਸ ਦਾ ਦ੍ਰਿਸ਼ਟੀਕੋਣ ਤਬਦੀਲ ਕਰਨਾ ਹੈ ਨਾ ਕਿ ਉਹ ਇਨ੍ਹਾਂ ਚੀਜ਼ਾਂ ਵਿਚ ਦਲਦਲ ਵਾਂਗੂੰ ਖੁਭਦਾ-ਖੁਭਦਾ ਗੁਆਚ ਜਾਏ ਤੇ ਜੀਵਨ ਬਰਬਾਦ ਕਰਕੇ ਚਲਾ ਜਾਏ ਅਤੇ ਨਾ ਹੀ ਇਸ ਧਿਆਨ ਨੂੰ ਬੇਕਾਰ ਤੇ ਵਾਧੂ ਜਿਹੀ ਚੀਜ਼ ਕਹਿ ਕੇ ਨਿੰਦਦਾ ਤੇ ਭੰਡਦਾ, ਨੱਕੋ ਛਿਛੜੇ ਸੁੱਟਦਾ, ਮੂੰਹੋਂ ਊਲ-ਜਲੂਲ ਬੋਲਦਾ, ਨਾ ਕਿਸੇ ਦੇ ਨਾਲ ਲੱਗੇ ਤੇ ਨਾ ਕਿਸੇ ਨੂੰ ਲਾਗੇ ਲਗਣ ਦਏ। ਸਰਬੋਤਮ ਗੁਰੂ ਦੀ ਮਤਿ ਹੀ ਅਤਿ ਉਤਮ ਹੈ। ***'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥' (ਅੰਗ-੯੩੮)*** ਪਾਪ ਪੁੰਨ ਦੇ ਝੇੜੇ ਪਾ ਕੇ ਨਾ ਚਲਾ ਜਾਏ, ਉਸ ਦੀ ***'ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥' (ਅੰਗ-੬੧੩)*** ਵਾਲੀ ਸ਼ਕਤੀ ਤੇ ਸੁਭਾਅ ਸਮਝੇ। ਉਸ ਦਾ ਵਿਚਾਰ ਕਰੇ ਅਤੇ ਉਸ ਦੇ ਵਿਚਾਰਾਂ ਵਿਚੋਂ ਗੁਰੂ-ਵਿਚਾਰਾਂ ਦੀ ਸ਼ੁੱਧਤਾ ਤੇ ਸੁਗੰਧੀ ਆਏ, ਐਸਾ ਹੀ ਕਰਨ ਵਾਲਾ ਇਨਸਾਨ ਜਗਜੀਤ ਹੈ, ਬਲਵਾਨ ਹੈ, ਮਹਾਨ ਹੈ।

*ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥*
*ਪ੍ਰਣਵਤਿ ਨਾਨਕ ਦਾਸਨਿ ਦਾਸਾ*
*ਜਗਿ ਹਾਰਿਆ ਤਿਨਿ ਜੀਤਾ ॥* *ਅੰਗ- ੧੩੩੦*

ਜਦੋਂ ਸਾਡੇ ਆਲੇ-ਦੁਆਲੇ ਵਾਪਰ ਰਿਹਾ ਤਮਾਸ਼ਾ ਤੇ ਘਣਘੋਰ ਸ਼ੋਰ ਸਾਡੀਆਂ ਅੱਖੀਆਂ ਤੇ ਕੰਨਾਂ ਵਿਚੋਂ ਹੋ ਕੇ ਸਾਡੇ ਦਿਮਾਗਾਂ ਵਿਚ ਮਘੋਰਾ ਪੈਦਾ ਕਰਦਾ ਹੋਵੇ, ਅਜੀਬ ਜਿਹੀ ਦੌੜ ਦਾ ਦੌਰ ਹੋਵੇ, ਉਦੋਂ ਹਥਲੇ ਕੰਮ ਤੋਂ ਇਲਾਵਾ ਕੁਝ ਹੋਰ ਨਹੀਂ ਸੁੱਝਦਾ ਤਾਂ ਵਾਹਿਗੁਰੂ ਨੂੰ ਮਾਣਨ ਵਰਗੀ ਕੋਮਲ ਤੇ ਬਰੀਕ ਬਾਤ ਕਦ ਫੁਰ ਸਕਦੀ ਹੈ। ਜੇ ਕਿਸੇ ਸਿਰ ਆਈ ਮੁਸੀਬਤ ਕਾਰਨ ਫੁਰੇ ਵੀ ਤਾਂ ਇਹ ਤੰਦ ਕਿਤਨੀ ਕੁ ਉਘੜ ਸਕਦੀ ਹੈ, ਕਿਤਨੀ ਕੁ ਤੁਰ ਸਕਦੀ ਹੈ। ਇਹ ਸਭ ਕੁਝ ਰੋਜ਼ ਹੀ ਅਸੀਂ ਅਨੁਭਵ ਕਰਦੇ ਹਾਂ, ਭਲੀ ਪ੍ਰਕਾਰ ਕਰਦੇ ਹਾਂ। ਚਾਹੀਦੀ ਸਾਨੂੰ ਉਹ ਵਿਸ਼ੇਸ਼ ਘੜੀ ਹੈ, ਜਿਸ ਦੇ ਆਭਾਸ ਹੋਣ ਨਾਲ ਮਰਨ ਕਾਲ ਦੇ ਤ੍ਰਾਸ ਤੋਂ ਲੈ ਕੇ ਹਰ ਪ੍ਰਕਾਰ ਦੇ ਤ੍ਰਾਸ ਦਾ ਨਾਸ਼ ਹੁੰਦਾ ਹੈ, ਪਿਆਸ ਦੀ ਤ੍ਰਿਪਤੀ ਹੁੰਦੀ ਹੈ। ਅੰਤਰ-ਆਤਮੇ ਰੂਪੀ ਬਬੀਹਾ ਅੰਮ੍ਰਿਤ ਵੇਲੇ ਹੀ ਉਸ ਸਵਾਂਤੀ ਬੂੰਦ ਨੂੰ ਪ੍ਰਾਪਤ ਕਰ, ਅਨੰਦ ਮਾਣ ਸਕਦਾ ਹੈ। ਇਸ ਦੀ ਸਭ ਤੋਂ ਵਧੀਕ ਸੰਭਾਵਨਾ ਅੰਮ੍ਰਿਤ ਵੇਲੇ ਹੀ ਹੈ -

*ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥*
*ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥*
*ਅੰਗ- ੧੨੮੫*

ਇਹੀ ਉਹ ਵੇਲਾ ਹੈ ਜਦੋਂ ਕ੍ਰਿਪਾ ਦੀ ਧਾਰ ਵਸਦੀ ਹੈ, ਸਵਾਂਤੀ ਬੂੰਦ ਵਾਂਗ। ਕ੍ਰਿਪਾ ਦੀ ਬੁਛਾੜ (ਸ਼ਾਵਰ ਆਫ਼ ਬਲੈਸਿੰਗ) ਦੇ ਸਭ ਤੋਂ ਵੱਧ ਅਵਸਰ ਅੰਮ੍ਰਿਤ ਵੇਲੇ ਹੀ ਹਨ।

ਜ਼ਿੰਦਗੀ ਪਲ-ਪਲ ਬੀਤ ਰਹੀ ਹੈ। ਬਾਵਜੂਦ ਆਪਣੀਆਂ ਸੰਸਾਰਿਕ ਉਪਲਬਧੀਆਂ ਦੇ, ਅਸੀਂ ਪਲੋ-ਪਲ ਮੌਤ ਦੇ ਨੇੜੇ ਹੁੰਦੇ ਜਾ ਰਹੇ ਹਾਂ। ਨੌਕਰੀ ਵਾਲਾ ਰੁਤਬੇ ਪ੍ਰਾਪਤ ਕਰ ਰਿਹਾ ਹੈ, ਵਪਾਰ ਵਾਲਾ ਚੰਗੇ ਵਿਹਾਰ ਕਾਰਨ ਮਸ਼ਹੂਰ ਹੋ ਕੇ ਧਨ ਦੌਲਤ ਤੇ ਸਾਖ ਪੈਦਾ ਕਰਦਾ ਹੈ, ਰਾਜਸੀ ਨੇਤਾ ਤੇ ਘੁਲਾਟੀਏ ਆਪਣੀ ਜੋੜ ਤੋੜ ਵਿਚ ਲੱਗੇ, ਅੱਗਿਓਂ ਪਿੱਛੇ ਤੇ ਪਿਛਿਓਂ ਅੱਗੇ ਹੁੰਦੇ ਰਹਿੰਦੇ ਹਨ ਪਰ ਇਹ ਸਾਰਾ ਕਾਫ਼ਲਾ ਮੌਤ ਵੱਲ ਵਧ ਰਿਹਾ ਹੈ, ਮ੍ਰਿਤਤਾ ਵੱਲ ਜਾ ਰਿਹਾ ਹੈ। ਅੰਮ੍ਰਿਤ-ਅ+ਮ੍ਰਿਤ=ਅੰਮ੍ਰਿਤ (ਮੌਤ-ਰਹਿਤ) ਉਹੀ ਹੋਣਗੇ ਜਿਹੜੇ ਇਸ ਵੇਲੇ ਨੂੰ ਸੰਭਾਲ ਲੈਂਦੇ ਹਨ -

*ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥*
*ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ*
*ਸੁਖ ਸਹਜ ਸੇਤੀ ਘਰਿ ਜਾਤੇ ॥* *ਅੰਗ- ੧੧੮੫*

ਪਰ ਅੰਮ੍ਰਿਤ ਵੇਲੇ ਉਠਣ ਵਾਲਿਆਂ ਨੂੰ ਔਖੀਆਂ ਘਾਟੀਆਂ ਨਹੀਂ ਲੰਘਣੀਆਂ ਪੈਂਦੀਆਂ। ਜੇ ਬਿਖੜੇ ਸਮੇਂ ਆ ਵੀ ਜਾਣ ਤਾਂ ਉਹ ਉਨਹਾਂ ਨੂੰ ਸੁਖਾਲਿਆਂ ਹੀ ਪਾਰ ਕਰਦੇ ਹੋਏ, ਸੁਖ ਸਹਿਜ ਨਾਲ ਆਪਣੇ ਘਰ, ਨਿਜ ਘਰ ਪੁੱਜ ਜਾਂਦੇ ਹਨ।

ਉਠਦੇ ਬਹਿੰਦੇ, ਜਾਗਦੇ ਸੌਂਦੇ, ਤੁਰਦੇ ਫਿਰਦੇ ਸਭ ਰਾਜ ਕਾਜ ਕਰਦੇ ਜਿਵੇਂ ਉਤੇ ਦੱਸਿਆ ਹੈ, ਅਸੀਂ ਆਪਣੀ ਮੰਜ਼ਿਲ ਮੌਤ ਵੱਲ ਜਾ ਰਹੇ ਹਾਂ, ਭਾਵ ਜ਼ਿੰਦਗੀ ਜਿਉਂਦਿਆਂ, ਜ਼ਿੰਦਗੀ ਪੂਰੀ ਕਰਦਿਆਂ ਸਾਰੇ ਸੰਪੂਰਨ ਹਰੀ ਵੱਲ ਵਧ ਰਹੇ ਹਾਂ। ਪਰ ਅੰਮ੍ਰਿਤ ਵੇਲੇ ਉਠਣ ਵਾਲੇ ਸੁੱਖ ਸਹਿਜ ਸੇਤੀ ਆਪਣੇ ਗ੍ਰਹਿ ਤਕ ਪੁੱਜਦੇ ਹਨ।

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-49)*

ਸਿਰੀਰਾਗੁ ਮਹਲਾ ੩ ॥
ਸਤਿਗੁਰਿ ਸੇਵਿਐ ਮਨੁ ਨਿਰਮਲਾ
ਭਏ ਪਵਿਤੁ ਸਰੀਰ ॥

ਹੇ ਗੁਰਸਿੱਖੋ! ਸਤਿਗੁਰਿ=ਸੱਚੇ ਗੁਰਾਂ ਦੀ ਸੇਵਿਐ=ਟਹਿਲ ਕਰਨ ਦੇ ਨਾਲ, ਮਨੁ=ਅੰਤਸ਼ਕਰਣ ਪਾਪਾਂ ਵਿਕਾਰਾਂ ਦੀ ਮੈਲ ਤੋਂ ਛੁਟਕਾਰਾ ਪਾ ਕੇ ਨਿਰਮਲਾ=ਸ਼ੁੱਧ ਹੋ ਜਾਂਦਾ ਹੈ ਅਤੇ ਸੇਵਾ ਦੀ ਬਰਕਤ ਨਾਲ ਸਰੀਰ=ਤਨ ਦੀ, ਪਵਿਤੁ=ਪਵਿੱਤਰ ਭਏ=ਹੋ ਜਾਂਦਾ ਹੈ।

ਮਨਿ ਆਨੰਦੁ ਸਦਾ ਸੁਖੁ ਪਾਇਆ
ਭੇਟਿਆ ਗਹਿਰ ਗੰਭੀਰੁ ॥

ਜਿਨ੍ਹਾਂ ਨੂੰ ਗਹਿਰ=ਡੂੰਘਾ ਗੰਭੀਰੁ=ਨਿਰਹੱਲ ਵਾ: ਡੂੰਘੇ ਤੋਂ ਡੂੰਘਾ ਭਾਵ ਬ੍ਰਹਮ ਸ੍ਰੋਤਰੀ, ਬ੍ਰਹਮ ਨੇਸ਼ਟੀ ਸਤਿਗੁਰੁ ਭੇਟਿਆ=ਮਿਲਿਆ ਹੈ, ਉਨ੍ਹਾਂ ਨੇ ਮਨ ਵਿਚ ਪ੍ਰਭੂ ਪ੍ਰਾਪਤੀ ਦਾ ਅਨੰਦ ਤੇ ਸਦਾ=ਸਦੀਵ, ਆਤਮਿਕ ਸੁਖ ਪਾਇਆ=ਪਾ ਲਿਆ ਹੈ।

ਸਚੀ ਸੰਗਤਿ ਬੈਸਣਾ
ਸਚਿ ਨਾਮਿ ਮਨੁ ਧੀਰ ॥ ੧ ॥

ਜੋ ਸੱਚੇ ਪਰਮੇਸ਼ਰ ਦੇ ਨਾਮ ਦੀ ਕਮਾਈ ਕਰਨ ਵਾਲਿਆਂ ਦੀ ਸੰਗਤ ਵਿਚ ਬੈਸਣਾ=ਬੈਠਣਾ ਕਰਦੇ ਹਨ, ਉਨ੍ਹਾਂ ਨੇ ਸੱਚੇ ਨਾਲ ਦੁਆਰਾ ਧੀਰ=ਧੀਰਜਤਾ ਵਾਲੇ ਸੁਭਾਵ ਦੇ ਨਾਲ ਆਪਣੇ ਮਨ ਨੂੰ ਪਕੜ ਕੇ ਵਿਸ਼ਿਆਂ ਵੱਲੋਂ ਰੋਕ ਲੈਣਾ ਕੀਤਾ ਹੈ।

ਮਨ ਰੇ ਸਤਿਗੁਰੁ ਸੇਵਿ ਨਿਸੰਗੁ ॥

ਰੇ=ਹੇ ਮਨ! ਤੂੰ ਸਤਿਗੁਰੂ ਦੀ ਸੇਵਾ ਨਿਸੰਗੁ=ਸ਼ੰਕਾ ਤੋਂ ਰਹਿਤ ਹੋ ਕੇ ਕਰ ਭਾਵ ਸੇਵਾ ਕਰਨ ਲੱਗੇ ਸੰਗ ਨਹੀਂ ਕਰਨੀ ਚਾਹੀਦੀ।

ਸਤਿਗੁਰੁ ਸੇਵਿਐ ਹਰਿ ਮਨਿ ਵਸੈ
ਲਗੈ ਨ ਮੈਲੁ ਪਤੰਗੁ ॥ ੧ ॥ ਰਹਾਉ ॥

ਸਤਿਗੁਰੂ ਦੀ ਸੇਵਾ ਕਰਕੇ ਹਰਿ=ਹਰੀ ਪਰਮੇਸ਼ਰ ਜਿਨ੍ਹਾਂ ਦੇ ਮਨ ਵਿਚ ਵਸ ਜਾਂਦਾ ਹੈ ਉਨ੍ਹਾਂ ਦੇ ਪਤੰਗੁ=ਸਰੀਰ ਨੂੰ ਕਾਮ, ਕ੍ਰੋਧ ਆਦਿ ਦੀ ਮੈਲ ਨਹੀਂ ਲੱਗਦੀ ਵਾ: ਉਨ੍ਹਾਂ ਦੇ ਪਤੰਗੁ=ਅੰਤਹਕਰਨ ਵਿਚ ਅਵਿਦਿਆ ਰੂਪ ਮੈਲ ਨਹੀਂ ਲੱਗਦੀ ਵਾ: ਪਤੰਗੁ=ਰੰਚਕ ਮਾਤਰ ਵੀ ਉਨ੍ਹਾਂ ਨੂੰ ਮੈਲ ਨਹੀਂ ਵਿਆਪਦੀ। ਉਹ ਪਤੰਗੁ=ਸੂਰਜ ਵਾਂਗ ਉੱਜਲ ਜੀਵਨ ਵਾਲੇ ਹੋ ਜਾਂਦੇ ਹਨ।

ਸਚੈ ਸਬਦਿ ਪਤਿ ਊਪਜੈ
ਸਚੇ ਸਚਾ ਨਾਉ ॥

ਸੱਚੇ ਗੁਰੂ ਸਾਹਿਬ ਜੀ ਦੇ ਸਬਦਿ=ਉਪਦੇਸ਼ ਦੀ ਕਮਾਈ ਕਰਨ ਕਰਕੇ ਪਤਿ=ਇੱਜ਼ਤ ਊਪਜੈ=ਪੈਦਾ ਹੁੰਦੀ ਹੈ ਅਤੇ ਉਹ ਹੀ ਜੀਵ ਸੱਚੇ ਹਨ ਜੋ ਸੱਚੇ ਪਰਮੇਸ਼ਰ ਦਾ ਨਾਮ ਜਪਦੇ ਹਨ।

ਜਿਨੀ ਹਉਮੈ ਮਾਰਿ ਪਛਾਣਿਆ
ਹਉ ਤਿਨ ਬਲਿਹਾਰੈ ਜਾਉ ॥

ਜਿਨ੍ਹਾਂ ਨੇ ਹਉਮੈ=ਹੰਗਤਾ ਨੂੰ ਮਾਰ ਕੇ, ਜੋਤੀ ਸਰੂਪ ਵਾਹਿਗੁਰੂ ਦੇ ਸਰੂਪ ਨੂੰ ਪਛਾਣ ਲਿਆ ਹੈ, ਹਉ=ਅਸੀਂ ਤਿਨ=ਉਹਨਾਂ ਤੋਂ ਬਲਿਹਾਰੈ=ਕੁਰਬਾਨ ਜਾਉ=ਜਾਂਦੇ ਹਾਂ।

ਮਨਮੁਖ ਸਚੁ ਨ ਜਾਣਨੀ
ਤਿਨ ਠਉਰ ਨ ਕਤਹੂ ਥਾਉ ॥ ੨ ॥

ਜਿਹੜੇ ਮਨਮੁਖ ਲੋਕ ਸਚੁ=ਸਤ ਸਰੂਪ ਪਰਮੇਸ਼ਰ ਦੇ ਨਾਮ ਨੂੰ ਨਹੀਂ ਜਾਣਦੇ, ਉਨ੍ਹਾਂ ਨੂੰ ਕਤਹੂ=ਕਿਤੇ ਵੀ ਦਰਗਾਹ ਵਿਚ ਠਉਰ=ਠਹਿਰਣ ਵਾਸਤੇ ਥਾਉ=ਥਾਂ ਨ= ਨਹੀਂ ਮਿਲਦਾ ਅਤੇ ਨਾ ਹੀ ਮਨੁੱਖਾ ਜਨਮ ਮਿਲਦਾ ਹੈ ਅਰਥਾਤ ਐਸੇ ਮਨਮੁਖ ਲੋਕ ਟੇਢੀਆਂ ਜੂਨਾਂ ਭਾਵ ਵਿਸ਼ਟਾ ਦੇ ਕੀੜੇ ਬਣਦੇ ਹਨ ਅਤੇ ਉਨ੍ਹਾਂ ਨੂੰ ਨਾ ਸਾਧ ਸੰਗਤ ਥਾਂ ਅਤੇ ਨਾ ਹੀ ਲੋਕ-ਪਰਲੋਕ ਵਿਚ ਕਿਤੇ ਵੀ ਠਉਰ=ਟਿਕਾਣਾ ਮਿਲਦਾ ਹੈ।

ਸਚੁ ਖਾਣਾ ਸਚੁ ਪੈਨਣਾ ਸਚੇ ਹੀ ਵਿਚਿ ਵਾਸੁ ॥

ਸਚੁ=ਸੱਚੇ ਪਰਮੇਸ਼ਰ ਦਾ ਨਾਮ ਸ੍ਵਨ ਕਰਨਾ ਇਹੋ ਹੀ ਖੁਰਾਕ ਖਾਣੀ ਹੈ ਅਤੇ ਜੋ ਸੱਚੇ ਨਾਮ ਦਾ ਮੰਨਣ ਕਰਨਾ ਹੈ, ਇਹੋ ਹੀ ਬਸਤਰਾਂ ਦਾ ਹੀ ਪੈਨ੍ਹਣਾ ਹੈ ਅਤੇ ਸੱਚੇ ਦੇ ਨਾਮ ਦਾ ਨਿਧਿਆਸਣ ਕਰਨਾ, ਇਹੋ ਹੀ ਸੱਚੇ ਵਿਚ ਵਾਸੁ=ਨਿਵਾਸੁ ਕਰਨਾ ਹੈ।

ਸਦਾ ਸਚਾ ਸਾਲਾਹਣਾ
ਸਚੈ ਸਬਦਿ ਨਿਵਾਸੁ ॥

ਸਦਾ=ਨਿਤਾਪ੍ਰਤੀ ਹੀ ਸਚਾ=ਸਤ ਸਰੂਪ ਅਕਾਲ ਪੁਰਖ ਦੀ ਸਾਲਾਹਣਾ=ਸਿਫ਼ਤ ਕਰਨੀ ਚਾਹੀਦੀ ਹੈ, ਜਿਸ ਕਰਕੇ ਸੱਚੇ ਸਤਿਗੁਰੂ ਦੇ ਸਬਦਿ=ਉਪਦੇਸ਼ ਵਿਚ ਨਿਵਾਸੁ=ਵਾਸਾ ਹੋ ਜਾਂਦਾ ਹੈ।

ਸਭੁ ਆਤਮ ਰਾਮੁ ਪਛਾਣਿਆ
ਗੁਰਮਤੀ ਨਿਜ ਘਰਿ ਵਾਸੁ ॥ ੩ ॥

ਜਿਨ੍ਹਾਂ ਨੇ ਸਭੁ=ਸਾਰਿਆਂ ਵਿਚ ਬ੍ਰਹਮ ਆਤਮ ਰਾਮ ਨੂੰ ਪਛਾਣ ਲਿਆ ਹੈ, ਉਨ੍ਹਾਂ ਗੁਰਮਤੀਆਂ ਦਾ ਤੱਤ ਤ੍ਵੰ ਪਦ ਦਾ ਸ਼ੰਸੋਧਨ ਕਰਕੇ ਸਰੂਪ ਰੂਪੀ ਘਰ ਵਿਚ ਵਾਸਾ ਹੋਇਆ ਹੈ।

ਸਚੁ ਵੇਖਣੁ ਸਚੁ ਬੋਲਣਾ
ਤਨੁ ਮਨੁ ਸਚਾ ਹੋਇ ॥

ਬ੍ਰਹਮਾਕਾਰ ਬਿਰਤੀ ਹੋਣ ਕਰਕੇ ਉਹ ਸਾਰੇ ਪਾਸੇ ਸਚੁ=ਸੱਚੇ ਪ੍ਰਮੇਸ਼ਰ ਨੂੰ ਹੀ ਵੇਖਣੁ=ਵੇਖਦੇ ਹਨ ਅਤੇ ਸੱਚੇ ਦੇ ਨਾਮ ਨੂੰ ਬੋਲਣਾ=ਬੋਲਦੇ ਹਨ।

ਸਚੀ ਸਾਖੀ ਉਪਦੇਸੁ ਸਚੁ
ਸਚੇ ਸਚੀ ਸੋਇ ॥

ਉਨ੍ਹਾਂ ਦੀ ਸਾਖੀ=ਸਿੱਖਿਆ ਵੀ ਸੱਚੀ ਹੈ, ਉਪਦੇਸ਼ ਵੀ ਸਚੁ=ਸੱਚਾ ਹੈ ਅਤੇ ਉਨ੍ਹਾਂ ਸੱਚੇ ਪੁਰਖਾਂ ਦੀ ਲੋਕ ਪ੍ਰਲੋਕ ਵਿਚ ਵੀ ਸੱਚੀ ਸੋਇ=ਸ਼ੋਭਾ ਹੁੰਦੀ ਹੈ ਵਾ: ਸਤਿਗੁਰਾਂ ਦੀ ਜਿਹੜੀ ਉਪਦੇਸ਼ ਰਹਿਤ ਰੱਖਣੀ, ਸਾਬਤ ਸੂਰਤ ਰੱਖਣੀ, ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨਾ, ਧਰਮ ਦੀ ਕਿਰਤ ਕਰਨੀ, ਨਾਮ ਜਪਣਾ, ਇਹ ਵੀ ਸੱਚੀ ਸਾਖੀ=ਸਿੱਖਿਆ ਹੈ। ਜਿਹੜੇ ਸੱਚੇ ਨਾਮ ਦਾ ਸਰਵਨ ਕਰਦੇ ਹਨ ਅਤੇ ਸੱਚੇ ਨਾਮ ਦਾ ਮੰਨਣ ਕਰਦੇ ਹਨ, ਉਹ ਸੱਚੇ ਪੁਰਖਾਂ ਦੀ ਸੱਚੀ ਸੋਇ=ਸ਼ੋਭਾ ਹੈ।

ਜਿੰਨੀ ਸਚੁ ਵਿਸਾਰਿਆ
ਸੇ ਦੁਖੀਏ ਚਲੇ ਰੋਇ ॥ ੪ ॥

ਜਿੰਨੀ=ਜਿਨ੍ਹਾਂ ਨੇ ਹਰੀ ਦੇ ਸੱਚੇ ਨਾਮ ਨੂੰ ਵਿਸਾਰਿਆ=ਭੁਲਾ ਦਿਤਾ ਹੈ, ਸੇ=ਉਹ ਇਸ ਲੋਕ ਵਿਚ ਅਤਿਅੰਤ ਦੁਖੀ ਰਹਿੰਦੇ ਹਨ ਤੇ ਉਹ ਅੰਤ ਨੂੰ ਪਰਲੋਕ ਵਿਚ ਰੋਂਦੇ ਹੀ ਚਲੇ ਜਾਂਦੇ ਹਨ ਭਾਵ ਜਮਾਂ ਦੇ ਵਸ ਹੋ ਕੇ ਚਲੇ ਜਾਂਦੇ ਹਨ।

ਸਤਿਗੁਰੁ ਜਿਨੀ ਨ ਸੇਵਿਓ
ਸੇ ਕਿਤੁ ਆਏ ਸੰਸਾਰਿ ॥

ਜਿਨ੍ਹਾਂ ਨੇ ਸਤਿਗੁਰੂ ਨਾਨਕ ਦੇਵ ਜੀ ਦਾ, ਸ੍ਰੀ ਗੁਰੂ ਅੰਗਦ ਸਾਹਿਬ ਜੀ ਦਾ, ਸੇਵਿਓ=ਭਜਨ ਨਹੀਂ ਕੀਤਾ, ਸੇ=ਉਹ ਕਿਤੁ=ਕਿਸ ਵਾਸਤੇ ਸੰਸਾਰਿ=ਦੁਨੀਆਂ ਵਿਚ ਮਨੁੱਖਾ ਜਨਮ ਧਾਰ ਕੇ ਆਏ ਹਨ ਅਰਥਾਤ ਉਨ੍ਹਾਂ ਨੇ ਆਪਣਾ ਮਨੁੱਖਾ ਜਨਮ ਨਿਸਫਲ ਹੀ ਗਵਾ ਲਿਆ ਹੈ, ਕੋਈ ਲਾਭ ਨਹੀਂ ਖੱਟਿਆ।

ਜਮ ਦਰਿ ਬਧੇ ਮਾਰੀਅਹਿ
ਕੂਕ ਨ ਸੁਣੈ ਪੂਕਾਰ ॥

ਐਸੇ ਪੁਰਖ ਜਮਾਂ ਦੇ ਦਰਿ=ਦਰਵਾਜ਼ੇ ਵਿਚ ਬਧੇ=ਬੰਨ੍ਹ ਕੇ ਮਾਰੀਅਹਿ=ਮਾਰੇ ਜਾਂਦੇ ਹਨ ਭਾਵ ਉਹ ਔਗੁਣਾਂ ਨੂੰ ਕਮਾਉਣੇ ਕਰਕੇ ਜਮਾਂ ਦੇ ਦਰ ਵਿਚ ਸੰਗਲਾਂ ਦੇ ਨਾਲ ਬੰਨ੍ਹੇ ਜਾਂਦੇ ਹਨ। ਜਿਵੇਂ ਜੇ ਕੈਦੀ ਨੂੰ ਪਹਿਲਾਂ ਮੁਸਕਾਂ ਦੇ ਕੇ ਬੰਨ੍ਹ ਲਈਏ ਤਾਂ ਚੰਗੀ ਮਾਰ ਪੈਂਦੀ ਹੈ। ਇਸ ਲੋਕ ਵਿਚ ਉਨ੍ਹਾਂ ਦੀ ਕੋਈ ਕੂਕ ਨਹੀਂ ਸੁਣਦਾ ਤੇ ਨਾ ਹੀ ਕੋਈ ਪੁਕਾਰ=ਫਰਿਆਦ ਸੁਣਦਾ ਹੈ। ਜਿਵੇਂ ਚੋਰ ਹੁੰਦਾ ਹੈ, ਉਸ ਨੂੰ ਜਦੋਂ ਕੁੱਟ ਪੈਂਦੀ ਹੈ ਤਾਂ ਉਸ ਵੇਲੇ ਉਸ ਦੀਆਂ ਕੂਕ=ਉਚੀ ਰੋਣ ਦੀ ਆਵਾਜ਼ ਕੋਈ ਤਰਸ ਕਰਕੇ ਨਹੀਂ ਸੁਣਦਾ ਤੇ ਨਾ ਕੋਈ ਪੁਕਾਰ=ਫਰਿਆਦ ਸੁਣਦਾ ਹੈ। ਸਾਰੇ ਕਹਿੰਦੇ ਹਨ ਕਿ ਇਸ ਦੇ ਕੁੱਟ ਪੈਣ ਦਿਉ। ਇਸੇ ਤਰ੍ਹਾਂ ਜਦੋਂ ਕੁਕਰਮੀ ਦੋਸ਼ੀ ਆਦਮੀ ਜਦੋਂ ਫੜੇ ਜਾਣ, ਜਿਵੇਂ ਪਚਾਦੇ ਚਾਂਗ ਜਿਹੀ ਮਾਰਦੇ ਹੁੰਦੇ ਹਨ, ਅੱਖਰ ਬੋਲ ਕੇ ਪੂਕਾਰ=ਫਰਿਆਦ ਕਰਦੇ ਹਨ, ਉਹਨਾਂ ਦੀ ਕੋਈ ਫਰਿਆਦ ਨਹੀਂ ਸੁਣਦਾ।

ਬਿਰਥਾ ਜਨਮੁ ਗਵਾਇਆ
ਮਰਿ ਜੰਮਹਿ ਵਾਰੋ ਵਾਰ ॥ ੫ ॥

ਐਸੇ ਪੁਰਖਾਂ ਨੇ ਆਪਣਾ ਮਨੁੱਖਾ ਜਨਮ ਬਿਰਥਾ=ਵਿਅਰਥ ਹੀ ਗਵਾਇਆ=ਗਵਾ ਲਿਆ ਹੈ। ਚੌਰਾਸੀ ਦੇ ਫੇਰੇ ਵਿਚ ਵਾਰੋ-ਵਾਰ=ਮੁੜ-ਮੁੜ ਜੰਮਦੇ ਤੇ ਮਰਦੇ ਰਹਿੰਦੇ ਹਨ।

ਏਹੁ ਜਗੁ ਜਲਤਾ ਦੇਖਿ ਕੈ
ਭਜਿ ਪਏ ਸਤਿਗੁਰ ਸਰਣਾ ॥

ਏਹੁ=ਇਹ ਸਾਰਾ ਜਗੁ=ਸੰਸਾਰ ਤ੍ਰਿਸ਼ਨਾ ਦੀ ਅੱਗ, ਮਾਇਆ ਦੀ ਅੱਗ, ਕਾਲ ਦੀ ਅੱਗ, ਕਾਮ, ਕ੍ਰੋਧ, ਈਰਖਾ ਦੀ ਅੱਗ ਵਿਚ ਜਲਤਾ=ਸੜਦਾ ਦੇਖ ਕੇ ਗੁਰਸਿੱਖ ਭਜਿ=ਦੌੜ ਕੇ ਸਤਿਗੁਰਾਂ ਦੀ ਸਰਣਾ=ਸ਼ਰਨ ਵਿਚ ਪਏ ਹਨ। ਧੰਨ ਉਹ ਗੁਰਸਿੱਖ ਹਨ ਜੋ ਭੱਜ ਕਰਕੇ ਵਿਕਾਰਾਂ ਦੀ ਅੱਗ ਵਿਚੋਂ ਬਚੇ ਹਨ।

ਸਤਿਗੁਰਿ ਸਚੁ ਦਿੜਾਇਆ
ਸਦਾ ਸਚਿ ਸੰਜਮਿ ਰਹਣਾ ॥

ਸਤਿਗੁਰੂ ਸਾਹਿਬ ਜੀ ਉਹਨਾਂ 'ਤੇ ਕ੍ਰਿਪਾ ਕਰਕੇ ਸੱਚਾ ਨਾਮ ਦ੍ਰਿੜਾਇਆ=ਪੱਕਾ ਕਰਵਾ ਦਿੰਦੇ ਹਨ ਭਾਵ

ਚੰਗੀ ਤਰ੍ਹਾਂ ਵਸਾ ਦਿੰਦੇ ਹਨ। ਉਹ ਸਦਾ ਸੱਚ ਬੋਲਦੇ ਹਨ ਤੇ ਝੂਠ ਬੋਲਣ ਤੋਂ ਸੰਜਮਿ=ਨਿਯਮ ਰਖਦੇ ਹਨ ਕਿ ਅਸੀਂ ਝੂਠ ਨਹੀਂ ਬੋਲਣਾ ਵਾ: ਸਦਾ ਸੰਜਮਿ=ਸਾਧਨਾ ਆਦਿ ਵਿਚ ਰਹਿੰਦੇ ਹਨ, ਸਦਾ=ਹਮੇਸ਼ਾ ਲਈ ਸੰਜਮਿ=ਇੰਦਰੀਆਂ ਨੂੰ ਦਮਨ ਕਰਕੇ ਭਾਵ ਵਿਸ਼ਿਆਂ ਵੱਲੋਂ ਰੋਕ ਕੇ ਸੰਜਮ ਵਿਚ ਰਹਿੰਦੇ ਹਨ, ਕਦੇ ਝੂਠੇ ਪੁਰਸ਼ਾਂ ਦੀ ਸੰਗਤ ਨਹੀਂ ਕਰਦੇ।

ਸਤਿਗੁਰ ਸਚਾ ਹੈ ਬੋਹਿਥਾ
ਸਬਦੇ ਭਵਜਲੁ ਤਰਣਾ ॥ ੬ ॥

ਸਤਿਗੁਰੂ ਸੱਚੇ ਪਾਤਸ਼ਾਹ ਤਾਂ ਗਿਆਨ ਦੇ ਬੋਹਿਥਾ=ਜਹਾਜ਼ ਹਨ। ਜਿਵੇਂ ਜਿਹੜੇ ਪਹਿਲਾਂ ਜਹਾਜ਼ ਹੁੰਦੇ ਸਨ, ਜਿਸ ਪਾਸੇ ਤੋਂ ਹਵਾ ਆਉਂਦੀ, ਉਸ ਪਾਸੇ ਚਾਦਰਾਂ ਬੰਨ੍ਹੀਆਂ ਜਾਂਦੀਆਂ ਸਨ ਤੇ ਜਹਾਜ਼ ਚੱਲ ਪੈਂਦੇ ਸਨ। ਉਸ ਨੂੰ ਅਨੁਕੂਲੀ ਹਵਾ ਕਹਿੰਦੇ ਸਨ। ਹੁਣ ਇੰਜਣਾਂ ਵਾਲੇ ਜਹਾਜ਼ ਹਨ। ਇਹਨਾਂ ਵਿਚ ਟਿਕਟ ਦੀ ਲੋੜ ਪੈਂਦੀ ਹੈ। ਇਉਂ ਗੁਰੂ ਸਾਹਿਬ ਜੀ ਦੀ ਸਬਦੇ=ਉਪਦੇਸ਼ ਰੂਪੀ ਟਿਕਟ ਕਰਕੇ ਭਵਜਲੁ=ਸੰਸਾਰ ਸਮੁੰਦਰ ਤੋਂ ਤਰਣਾ ਹੁੰਦਾ ਹੈ।

ਲਖ ਚਉਰਾਸੀਹ ਫਿਰਦੇ ਰਹੇ
ਬਿਨੁ ਸਤਿਗੁਰ ਮੁਕਤਿ ਨ ਹੋਈ ॥

ਮਨਮੁਖ ਲੋਕ ਚੌਰਾਸੀ ਲੱਖ ਜੂਨਾਂ ਵਿਚ ਹੀ ਫਿਰਦੇ=ਚੱਕਰ ਕੱਟਦੇ ਰਹਿੰਦੇ ਹਨ। ਸਤਿਗੁਰੂ ਸਾਹਿਬ ਤੋਂ ਬਿਨਾਂ ਕਿਸੇ ਨੂੰ ਵੀ ਮੁਕਤਿ=ਸੁਤੰਤਰਤਾ ਪ੍ਰਾਪਤ ਨਹੀਂ ਹੋਈ ਤੇ ਨਾ ਹੀ ਅੱਗੇ ਨੂੰ ਹੋਵੇਗੀ।

ਪੜਿ ਪੜਿ ਪੰਡਿਤ ਮੋਨੀ ਥਕੇ
ਦੂਜੈ ਭਾਇ ਪਤਿ ਖੋਈ ॥

ਜਿਹੜੇ ਪੰਡਿਤ=ਵਿਦਵਾਨ ਲੋਕ ਸ਼ਾਸਤਰ, ਪੁਰਾਣ, ਸਿੰਮ੍ਰਿਤੀਆਂ ਨੂੰ ਪੜ੍ਹ-ਪੜ੍ਹ ਕੇ ਥੱਕ ਗਏ ਹਨ ਅਤੇ ਮੋਨੀ=ਮੋਨ ਧਾਰਣ ਵਾਲੇ ਚੁੱਪ ਧਾਰ ਕੇ ਥੱਕ ਗਏ ਹਨ। ਉਹਨਾਂ ਨੇ ਦੂਜੇ ਭਾਇ=ਦਵੈਤ ਭਾਵ ਵਿਚ ਹੀ ਆਪਣੀ ਪਤਿ=ਇੱਜ਼ਤ ਖੋਈ=ਗਵਾ ਲਈ ਹੈ। ਦਵੈਤ ਭਾਵ ਵਿਚ ਲੱਗੇ ਹੋਣ ਕਰਕੇ ਦੂਸਰੀਆਂ ਚੀਜ਼ਾਂ ਵਿਚ ਹੀ ਪ੍ਰੇਮ ਕਰਦੇ ਹਨ।

ਸਤਿਗੁਰਿ ਸਬਦੁ ਸੁਣਾਇਆ
ਬਿਨੁ ਸਚੇ ਅਵਰੁ ਨ ਕੋਈ ॥ ੭ ॥

ਸਤਿਗੁਰੂ ਸਾਹਿਬ ਜੀ ਨੇ ਅੰਮ੍ਰਿਤ ਰੂਪ ਸਬਦਿ=ਉਪਦੇਸ਼ ਸੁਣਾਇਆ ਹੈ। ਸੱਚੇ ਪਾਤਸ਼ਾਹ ਤੋਂ ਬਿਨੁ=ਬਗੈਰ ਅਵਰ ਸਥਾਨ ਵਿਚ ਹੋਰ ਕੋਈ ਨਹੀਂ ਹੈ। ਇਸ ਪ੍ਰਕਾਰ ਜਿਸ ਵਕਤ ਪਾਰਸ ਦੇ ਨਾਲ ਅੱਠ ਧਾਤਾਂ ਸਪਰਸ਼ ਕਰ ਦੇਈਏ ਤਾਂ ਸੋਨਾ ਬਣ ਜਾਂਦੀਆਂ ਹਨ, ਇਸੇ ਤਰ੍ਹਾਂ ਚਾਰ ਵਰਨ ਤੇ ਚਾਰ ਮਜ਼੍ਹਬ ਹਨ। ਸਾਰਿਆਂ ਵਿਚ ਵਾਹਿਗੁਰੂ ਦੀ ਜੋਤ ਤੋਂ ਬਿਨਾਂ ਹੋਰ ਕੋਈ ਨਹੀਂ। ਜਦੋਂ ਨਾਮ ਦੀ ਕਮਾਈ ਕਰਦੇ ਹਨ ਤਾਂ ਅੰਦਰ ਸ਼ਬਦ ਦੀ ਪਾਰਸ ਕਲਾ ਵਰਤਦੀ ਹੈ। ਸੱਚੇ ਪਾਤਸ਼ਾਹ ਅੰਦਰ ਪ੍ਰਗਟ ਹੋ ਜਾਂਦੇ ਹਨ।

ਜੋ ਸਚੈ ਲਾਏ ਸੇ ਸਚਿ ਲਗੇ
ਨਿਤ ਸਚੀ ਕਾਰ ਕਰੰਨਿ ॥

ਜੋ=ਜਿਹੜੇ ਗੁਰੂ ਸਾਹਿਬ ਜੀ ਨੇ ਸੱਚੇ ਨਾਮ ਵਿਚ ਲਾਏ ਹਨ, ਸੇ=ਉਹ ਸੱਚੇ ਦੇ ਸਿਮਰਨ ਵਿਚ ਲੱਗੇ ਹੋਏ ਹਨ ਤੇ ਨਿਤ=ਨਿਤਾਪ੍ਰਤੀ ਸੱਚਾਈ ਵਾਲੀ ਸੇਵਾ ਰੂਪੀ ਕਾਰ=ਕਮਾਈ ਨੂੰ ਕਰਦੇ ਹਨ ਅਤੇ ਹੋਰਨਾਂ ਤੋਂ ਵੀ ਨਾਮ ਦੀ ਕਮਾਈ ਕਰੰਨਿ=ਕਰਾਉਂਦੇ ਹਨ।

ਤਿਨਾ ਨਿਜ ਘਰਿ ਵਾਸਾ ਪਾਇਆ
ਸਚੈ ਮਹਲਿ ਰਹੰਨਿ ॥

ਤਿਨਾ=ਉਹਨਾਂ ਗੁਰਮੁਖਾਂ ਨੇ, ਨਿਜ ਘਰਿ=ਆਪਣੇ ਸਰੂਪ ਰੂਪੀ ਘਰਿ ਵਿਚ ਵਾਸਾ=ਨਿਵਾਸ ਪਾਇਆ ਹੈ। ਜਿਥੇ ਜੰਮਣਾ ਮਰਣਾ ਹੈ ਹੀ ਨਹੀਂ, ਐਸਾ ਘਰ ਗੁਰੂ ਜੀ ਨੇ ਬਖਸ਼ਿਆ ਹੈ, ਵਾ: ਪਰਮੇਸ਼ਰ ਦਾ ਨਿਜ ਘਰ ਸਰੂਪ ਹੈ। ਉਹਨਾਂ ਨੇ ਸਰੂਪ ਰੂਪੀ ਘਰ ਵਿਚ ਵਾਸਾ ਪਾ ਲਿਆ ਹੈ। ਜਿਸ ਨੂੰ ਕਾਲ ਰੂਪੀ ਮੀਂਹ ਢਾਹ ਨਹੀਂ ਸਕਦਾ, ਕਾਲ ਰੂਪੀ ਪਾਣੀ ਡੋਬ ਨਹੀਂ ਸਕਦਾ, ਕਾਲ ਦੀ ਅਗਨੀ ਸਾੜ ਨਹੀਂ ਸਕਦੀ, ਐਸਾ ਉਸ ਅਬਿਨਾਸੀ ਸਰੂਪ ਦਾ ਸਰੂਪ ਰੂਪੀ ਘਰ ਲਿਆ ਲਿਆ ਹੈ।

ਨਾਨਕ ਭਗਤ ਸੁਖੀਏ ਸਦਾ
ਸਚੈ ਨਾਮਿ ਰਚੰਨਿ ॥੮ ॥ ੧੭ ॥ ੮ ॥ ੨੫ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹੜੇ ਤੱਤ ਬੇਤੇ ਮਹਾਂਪੁਰਖ ਭਗਤੀ ਕਰਨ ਵਾਲੇ ਹਨ, ਉਹ ਸਦਾ=ਹਮੇਸ਼ਾ ਆਤਮਾਨੰਦ ਨੂੰ ਪਾ ਕੇ ਲੋਕ-ਪਰਲੋਕ ਵਿਚ ਸੁਖੀਏ=ਸੁਹੇਲੇ ਹਨ। ਜਿਹੜੇ ਸੱਚੇ ਅਕਾਲ ਪੁਰਖ ਦੇ ਨਾਲ ਵਿਚ ਰਚੰਨਿ=ਰਚੇ ਰਹਿੰਦੇ ਹਨ, ਭਾਵ ਉਹਨਾਂ ਦੀ ਇਹ ਅਵਸਥਾ ਹੁੰਦੀ ਹੈ ਕਿ ਆਪਣੇ ਜੀਵਨ ਨੂੰ ਉੱਚਾ ਕਰਨ ਲਈ ਮਹਾਰਾਜ ਦੇ ਸੱਚੇ ਨਾਮ ਵਿਚ ਹਰ ਵਕਤ ਰਚੇ ਰਹਿੰਦੇ ਹਨ।

'ਚਲਦਾ.......।'

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-49 )*

ਵਾਹ ਵਾਹ, ਪਿਆਰੇ ਸਤਿਗੁਰੂ ਜੀ ਸਾਡੇ ਘਰ ਆਏ ਹਨ। ਮਾਂ ਪਿਉ ਤਾਂ ਕਰਨ ਜੋ ਕੁਛ ਵਡਿਆਂ ਦੇ ਘਰ ਆਇਆਂ ਕਰੀਦਾ ਹੈ। ਮੈਂ ਮੂਰਖ, ਜੋ ਭੁੱਲੀ ਰਹੀ ਤੇ ਹੱਤਿਆ ਕਰਦੀ ਤਾਰੀ ਗਈ ਤੇ ਫੇਰ ਵਡਿਆਈ ਗਈ, ਹਾਂ, ਮੈਂ ਅਲ੍ਹੜ, ਜਨਮ ਤੋਂ ਬੇ-ਪਰਵਾਹ ਤੇ ਬੇਖ਼ਬਰ, ਮੁਗਧ ਅਜਾਣ ਕੀ ਜਾਣਾ ਕਿ ਇੱਡੇ ਵੱਡੇ ਦਾਤੇ ਦਾ ਸਵਾਗਤ ਕਿੰਵ ਪੂਰਾ-ਪੂਰਾ ਕਰੀਦਾ ਹੈ ਤੇ ਪਿਆਰੇ ਦੇ ਪਿਆਰੇ ਦੀ ਖੁਸ਼ੀ ਕੀਕੂੰ ਢੂੰਡੀਦੀ ਹੈ ਤੇ ਅਦਬ ਕੀਕੂੰ ਕਰੀਦਾ ਹੈ। ਮੈਂ ਤਾਂ ਜੋ ਜੀ ਆਈ ਪਿਆਰੇ ਸਤਿਗੁਰੂ ਜੀ ਨੂੰ ਕਹਿ ਦੇਂਦੀ ਸਾਂ। ਮੈਂ ਹੱਥ ਬੰਨ੍ਹ ਕੇ ਆਖਿਆ, ਹੇ ਤ੍ਰਾਣ ਕਰਤਾ ਜੀ! ਇਸ ਮੂਰਖ ਨੂੰ ਕੁਛ ਅਕਲ ਨਹੀਂ, ਸਾਰੇ ਮੇਰੇ ਆਖਦੇ ਹਨ ਕਿ ਅੱਜ ਬੜੀ ਖੁਸ਼ੀ ਕਰੋ, ਮੈਂ ਕੀ ਖੁਸ਼ੀ ਕਰਾਂ? ਅਜਾਣ ਹਾਂ ਸਮਝ ਨਹੀਂ ਸਕਦੀ। ਏਹ ਦਾਨ ਕਰੋ ਜੋ ਮੈਨੂੰ ਫਿਰ ਵਿਸਾਰਾ ਨਾ ਹੋਵੇ। ਇਹ ਜੋ ਨਾਮ ਦੀ ਬਖਸ਼ਿਸ਼ ਹੋਈ ਹੈ ਤੇ ਅੰਦਰ ਸਤਿਆ ਹੋ ਕੇ ਭਾਸ ਰਹੀ ਹੈ, ਇਹ ਸਦਾ ਮਿਲੀ ਰਹੇ। ਇਕ ਤਾਂ ਮੈਨੂੰ ਇਹ ਖੁਸ਼ੀ ਲਗਦੀ ਹੈ। ਇਹ ਦਾਨ ਕਰੋ ਜੋ ਇਸ ਅਭਾਗ ਪਰ ਹੁਣ ਸੁਭਾਗ ਨਗਰੀ ਵਿਚ ਆਪਣੇ ਪਵਿੱਤਰ ਹੱਥਾਂ ਨਾਲ ਧਰਮਸਾਲ ਦੀ ਨੀਂਹ ਧਰੋ। ਜਿਥੇ ਆਪ ਦੇ ਪਿਆਰਿਆਂ ਦਾ ਸਤਿਸੰਗ ਹੋਇਆ ਕਰੇ ਅਤੇ ਦਇਆ ਕਰੋ ਜੋ ਸ਼ਹਿਰ ਦੇ ਲੋਕ, ਜੋ ਮੇਰੇ ਵਾਂਗ ਅੱਲ੍ਹੜ ਤੇ ਅੰਞਾਣੇ ਹਨ, ਆਪ ਦੀ ਸ਼ਰਨ ਲੱਗ ਕੇ ਸਿੱਖੀ ਦੇ ਰਸਤੇ ਪੈ ਕੇ ਤਰ ਜਾਣ। ਦੂਜੀ ਮੈਨੂੰ ਖੁਸ਼ੀ ਇਹ ਲੱਗਦੀ ਹੈ।"

ਪਿਆਰੇ ਤ੍ਰਾਣ ਕਰਤਾ ਜੀ ਮੇਰੀ ਅਰਜ਼ੋਈ ਸੁਣ ਕੇ ਖੁਸ਼ੀ ਹੋਏ। ਉਹ ਦਾਸਾਂ ਦੇ ਮਾਣ ਤੇ ਅਨਾਥਾਂ ਦੇ ਤਾਣ ਸੇ, ਆਪ ਜੀ ਨੇ ਉਮਾਹ ਨਾਲ ਧਰਮਸਾਲ ਦੀ ਨੀਂਹ ਧਰੀ। ਜਿਥੇ ਧਰਮਸਾਲਾ ਉਸਰਨੀ ਸੀ ਉਥੇ ਬੈਠ ਕੇ ਸਾਰੇ ਪਿਆਰਿਆਂ ਨੂੰ ਨਾਮ ਅੰਮ੍ਰਿਤ ਪਿਲਾਇਆ ਤੇ ਸੱਚੇ ਮਾਰਗ ਪਾ ਦਿਤਾ। ਸਾਰਾ ਦਿਨ ਇਸ ਤਰ੍ਹਾਂ ਜੀਅ ਦਾਨ ਦੇ ਕੇ ਪਿਆਰੇ ਸਤਿਗੁਰਾਂ ਨੇ ਨਗਰੀ ਤਾਰ ਦਿਤੀ। ਸੰਝ ਨੂੰ ਸੋਦਰ ਦੀ ਚੌਂਕੀ ਲੱਗੀ। ਫਿਰ ਉਹ ਆਰਤੀ ਸ੍ਰੀ ਗੁਰੂ ਜੀ ਨੇ ਆਪ ਪੜ੍ਹੀ ਕਿ ਜਿਸ ਨੂੰ ਸੁਣਦਿਆਂ ਸਾਰ ਆਤਮਾ ਦਾ ਲਹਿਰਾ ਆਪਣੇ ਵਿਚ ਲੈ ਜਾਂਦਾ ਹੈ। ਹੇ ਅੱਤਿਥੀ ਰਾਹੀ! ਇਹ ਉਹ ਥਾਉਂ ਹੈ ਜਿਥੇ ਪਿਆਰੇ ਜੀ ਸ਼ਹੀਦ ਹੋਏ ਸੇ, ਜਿਥੇ ਮੈਂ ਪਿਆਰੇ ਦੇ ਪਿਆਰੇ ਜੀ ਨੂੰ ਬਰਸਾਂ ਅਰਾਧਿਆ ਸੀ, ਜਿਥੇ ਸਤਿਗੁਰ ਨਾਨਕ ਦੇਵ ਜੀ ਆ ਕੇ ਬਿਰਾਜੇ ਸੇ ਤੇ ਜਿਸ ਦੇ ਅਗਲੇ ਥੜੇ ਤੇ ਅਖੰਡ ਕੀਰਤਨ ਸਤਿਗੁਰ ਜੀ ਦੇ ਨਿਵਾਸ ਸਮੇਂ ਤੋਂ ਮਗਰੋਂ ਬੀ ਹੁੰਦੇ ਰਹੇ।

ਸ੍ਰੀ ਗੁਰੂ ਜੀ ਸਾਰਾ ਕੱਤਕ ਤੇ ਸਾਰਾ ਮੱਘਰ ਸਾਡੇ ਨਗਰ ਹੀ ਰਹੇ, ਤਪਾ ਤੇ ਲਾਗੇ ਦੇ ਗਿਰਾਈਂ ਦੂਰ-ਦੂਰ ਤੱਕ 'ਧੰਨ ਸ੍ਰੀ ਗੁਰੂ ਨਾਨਕ, ਧੰਨ ਸ੍ਰੀ ਗੁਰੂ ਨਾਨਕ' ਹੋ ਗਿਆ। ਬੜੇ-ਬੜੇ ਅਧਮ ਜੀਵ ਤਰ ਗਏ। ਹੁਣ ਆਪ ਨੇ ਕਿਸੇ ਹੋਰ ਧਰਤੀ ਨੂੰ ਤਾਰਨ ਲਈ ਜਾਣਾ ਸੀ, ਮੇਰਾ ਪਿਆਰ ਕਦ ਇਹ ਸਹਿ ਸਕਦਾ ਸੀ ਕਿ ਉਹ ਵਿਛੁੜਨ? ਪਰ ਹੁਣ ਮੇਰੇ ਪਿਆਰ ਦਾ ਆਕਾਸ਼ ਤੇ ਹੱਦਾਂ ਉਚੇਰੀਆਂ ਹੋ ਗਈਆਂ ਸਨ। ਉਹਨਾਂ ਦਾ ਅਵਤਾਰ ਸੰਸਾਰ ਪਰ ਪ੍ਰਾਣੀ ਮਾਤਰ ਲਈ ਸੀ ਤੇ ਮੈਨੂੰ ਇਹ ਜਾਪਦਾ ਸੀ ਕਿ ਉਹਨਾਂ ਦੀ ਪ੍ਰਸੰਨਤਾ ਵਿਚ ਪ੍ਰਸੰਨ ਤੇ ਉਹਨਾਂ ਦੀ ਆਗਿਆ ਵਿਚ ਹਾਜ਼ਰ ਇਹ ਮੇਰਾ ਅਦਬ ਵਾਲਾ ਪ੍ਰੇਮ ਹੋ ਸਕਦਾ ਹੈ। ਜੀ ਖੁਸਦਿਆਂ ਤੇ ਕਾਲਜੇ ਵਿਚ ਤੀਰ ਵਜਦਿਆਂ ਇਸ ਉੱਚੇ ਭਾਵ ਨੇ ਮੈਨੂੰ ਪਹਿਲੇ ਦਿਨਾਂ ਦੇ ਹੱਦ ਬੰਨੇ ਵਾਲੇ ਪਿਆਰ ਵਿਚ ਨਹੀਂ ਘੁੱਟਿਆ। ਮੈਂ ਖੁਸ਼ ਸਾਂ ਅਰ ਇਹ ਅਰਦਾਸ ਕਰਦੀ ਸਾਂ -

ਜਿਨ੍ਹ ਰਾਹੀਂ ਚੱਲੇ ਹੋ ਸਤਿਗੁਰ! ਮੁੜ ਉਨ੍ਹ ਰਾਹੀਂ ਆਨਾ। ਦਿਲ ਮੇਰੇ ਵਿਚ ਵਾਸ ਰਹੇ, ਜਦ ਅੱਖ ਉਹਲੇ ਹੋ ਜਾਣਾ। ਯਾਦ ਤੁਸਾਂ ਜੋ ਬਖਸ਼ੀ ਆਪੇ ਉਸ ਨੂੰ ਆਪ ਪੁਗਾਣਾ, - ਇਕ ਦਮ ਕਦੇ ਨ ਵਿਸਰੇ ਸਾਨੂ, ਚਰਨਾਂ ਵਿਚ ਰਹਾਣਾ। ਯਾਦ ਅਸਾਡੀ ਪਵੇ ਜਿ ਢਿੱਲੀ ਇਸ ਨੂੰ ਖਿੱਚ ਰਖਾਣਾਂ। ਅੱਜ ਚਲੇ

ਹੋ ਜੇ ਸਤਿਗੁਰ ਜੀ! ਮੁੜ ਬੀ ਫੇਰਾ ਪਾਣਾਂ। ਰੁਲਦਿਆਂ, ਖੁਲਦਿਆਂ, ਨੀਵਿਆਂ ਕੋਲੋਂ ਲੜ ਨਾ ਕਦੇ ਛੁਡਾਣਾਂ।

ਇਸ ਤਰ੍ਹਾਂ ਦੇ ਪਿਆਰ ਬਿਰਹੋਂ ਦੇ ਸਾਡੇ ਰੰਗਾਂ ਵਿਚ ਸਤਿਗੁਰਾਂ ਨੇ ਤਿਆਰੀ ਕਰ ਲਈ। ਤੁਰਨ ਦੇ ਦਿਨਾਂ ਤੋਂ ਪਹਿਲੇ ਮੇਰੇ ਵਿਆਹ ਦੀ ਗੱਲ ਛਿੜੀ। ਪਿਤਾ ਜੀ ਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ। ਜਦ ਆਪ ਜੀ ਨੇ ਕ੍ਰਿਪਾ ਭਰੇ ਨੇਤਰਾਂ ਨਾਲ ਮੇਰੀ ਵੱਲ ਤੱਕਿਆ ਤਾਂ ਮੈਂ ਚਰਨ ਪਕੜ ਕੇ ਰੋ ਪਈ ਤੇ ਬੇਨਤੀ ਕੀਤੀ, ਹੇ ਜਾਣੀ ਜਾਣ ਜੀ! ਸੰਸਾਰ ਅਗਨਿ ਤੋਂ ਰੱਖ ਲਵੇ?

ਆਖਣ ਲੱਗੇ, "ਅਸਾਂ ਅੱਗ ਵਿਚ ਪਾਣੀ ਰੱਖਿਆ ਹੈ, ਤੇ ਬੰਦਨ ਵਿਚ ਮੁਕਤਿ ਰਖੀ ਹੈ, ਗ੍ਰਿਹਸਤ ਵਿਚ ਨਿਰਬਾਣੀ ਸਿਖਲਾਣ ਆਏ ਹਾਂ। ਮੈਂ ਕਿਹਾ, ਸਤਿ ਬਚਨ! ਜੋ ਆਪ ਦਾ ਹੁਕਮ ਹੈ ਉਹੋ ਮੇਰਾ ਜੀਵਨ ਹੈ। ਤਦ ਆਪ ਬੋਲੇ, ਗ੍ਰਿਹਸਤੀ ਵਾਹਿਗੁਰੂ ਤੱਕ ਪਹੁੰਚੇ। ਵਾਹਿਗੁਰੂ ਦਾ ਪਿਆਰ ਤੇ ਗ੍ਰਿਹਸਤ ਦੋਵੇਂ ਕਿਵੂੰ ਨਿਭਣ? ਇਹ ਗੱਲ ਕਰਕੇ ਦੱਸਣ ਲਈ ਅਸਾਂ ਗ੍ਰਿਹਸਤ ਉਦਾਸ ਮਤ ਟੋਰਿਆ ਹੈ। ਗ੍ਰਿਹਸਤ ਕਰੇ ਪਰ ਅਧਰਮ ਕਰੇ, ਉਹ ਮਾੜਾ ਹੈ ਤੇ ਜੇ ਕੋਈ ਹਠ ਭੇਖ ਤੇ ਦਿਖਾਵੇ ਕਰਕੇ ਨਹੀਂ ਪਰ ਸਹਿਜ ਸੁਭਾਵ ਗ੍ਰਿਹਸਤ ਨਾ ਕਰੇ ਤੇ ਸਾਂਈਂ ਦੇ ਪਿਆਰ ਵਿਚ ਰੱਤਾ ਹੋਵੇ ਤਾਂ ਉਸ ਨੂੰ ਅਸੀਂ ਮਾੜਾ ਬੀ ਨਹੀਂ ਕਹਾਂਗੇ। ਪਖੰਡ ਬੁਰਾ ਹੈ, ਹਰ ਸ਼ਕਲ ਵਿਚ ਬੁਰਾ ਹੈ, ਦਿਖਾਵਾ ਹਰ ਸ਼ਕਲ ਵਿਚ ਮਾੜਾ ਹੈ। ਕਪਟ ਭੁੱਲ ਕੇ ਨਹੀਂ ਕਰਨਾ ਅੰਤ ਜੀਉੜੇ ਦੇ ਸਿਰ ਨਬੇੜੇ ਪੈਂਦੇ ਹਨ।

ਫਿਰ ਮੇਰੇ ਪਿਤਾ ਵਲ ਤੱਕ ਕੇ ਕਹਿਣ ਲੱਗੇ, ਇਸ ਲਾਡਲੀ ਨੂੰ ਦੁੱਖ ਨਾ ਦੇਣਾ, ਇਸ ਦੇ ਸਿਰ ਵਾਹਿਗੁਰੂ ਦਾ ਹੱਥ ਹੈ, ਇਹ ਜੋ ਕਰੇਗੀ ਉਹ ਮਾੜਾ ਨਹੀਂ ਬਹੇਗਾ, ਇਸ ਨੂੰ ਕਿਸ ਗੱਲੇ ਤੰਗ ਨਾ ਕਰਨਾ। ਸਹਿ ਸੁਭਾਵ ਜੇ ਇਹ ਚਾਹੇ, ਕਾਜ ਕਰ ਦੇਣਾ, ਜੇ ਇਹ ਨਾ ਚਾਹੇ ਤਾਂ ਨਾ ਕਰਨਾ। ਇਸ ਦੇ ਸਿਰ ਸਾਧ ਸੰਗਤ ਦੀ ਸੇਵਾ ਦਾ ਚੋਖਾ ਭਾਰ ਰਹੇਗਾ। ਸੁਰਤ ਇਸ ਦੀ ਨਾਮ ਦੇ ਘਰ ਰਸੀਆ ਹੋ ਚੁਕੀ ਹੈ, ਇਹ ਸੁਖੀ ਹੈ।

ਫੇਰ ਮੇਰੇ ਵੀਰ ਦੇ ਸਿਰ ਹੱਥ ਫੇਰ ਕੇ 'ਹਰਿ ਦਾਸ' ਨਾਮ ਬਖਸ਼ਿਆ, ਆਖਣ ਲੱਗੇ, ਸਿੱਖਾ! ਤੂੰ ਰਾਜ ਕਰੀਂ, ਤੇਰੀ ਭੈਣ ਜੋਗ ਕਰੇਗੀ। ਤੇਰੇ ਰਾਜ ਵਿਚ ਉਸ ਦਾ ਜੋਗ ਚੱਲੇਗਾ, ਅਰ ਉਸ ਦੇ ਜੋਗ ਨੂੰ ਤੇਰਾ ਰਾਜ ਸਹਾਰਾ ਦੇਵੇਗਾ, ਐਉਂ ਦੋਵੇਂ ਰਾਜ ਜੋਗ ਕਮਾ ਕੇ ਸਹਿਜ ਪਦ ਵਿਚ ਖੇਡੋਗੇ। ਕੀਹ ਦੱਸਾਂ ਇਸ ਤਰ੍ਹਾਂ ਦੇ ਅਮਿੱਤ ਦਾਨ ਦੇਂਦੇ, ਬੱਦਲ ਦੀ ਤਰ੍ਹਾਂ ਵਸਦੇ ਪਿਆਰੇ ਜੀ ਕਿਸੇ ਹੋਰ ਟਿਕਾਣੇ ਨੂੰ ਚਲੇ ਗਏ। ਅਸੀਂ ਸ਼ਾਂਤਿ ਤੇ ਪਿਆਰ ਭਰੀ ਉਦਾਸੀ ਵਿਚ ਪੈ ਗਏ। ਪਰ ਨਿਤ ਦਾ ਸਤਿਸੰਗ, ਸਵੇਰ ਵੇਲੇ ਆਸਾ ਦੀ ਵਾਰ ਦਾ ਕੀਰਤਨ, ਸੰਝ ਨੂੰ 'ਸੋਦਰ' ਦੀ ਚੌਕੀਂ ਤੇ ਆਰਤੀ ਆਦਿ ਸੱਚੇ ਪਰਚੇਵੇਂ ਸਾਡੇ ਨਾਲ ਸਨ। ਪਿਤਾ ਜੀ ਰਾਜ ਕਰਦੇ ਤੇ ਮੈਂ ਸੰਗਤ ਦੀ ਸੇਵਾ ਕਰਦੀ ਸਾਂ। ਇਸ ਤਰ੍ਹਾਂ ਜਦ ਵੀਰ ਜੀ ਰਾਜ ਭਾਗ ਤੇ ਆਏ ਤਾਂ ਗੁਰ ਵਾਕ ਸਫਲ ਹੋਏ। ਇਸ ਤਰ੍ਹਾਂ ਮੇਰੀ ਪੰਜਾਹ ਵਰ੍ਹੇ ਦੀ ਉਮਰ ਜੋ ਮੈਨੂੰ ਧੁਰੋਂ ਮਿਲੀ ਸੀ-ਬਤੀਤ ਹੋਈ।

ਹਾਂ, ਮੁਸਾਫਰ! ਏਥੇ ਇਕ ਅਨਜਾਣ ਗਰੀਬ ਸਿਖ ਮੁਸਾਫਿਰ ਬਾਣੀ ਪੜ੍ਹਦਾ ਬੈਠਾ ਸੀ, ਜੋ ਇਕੱਲਾ ਸੀ ਅਰ ਜਿਸ ਨੂੰ ਕੋਈ ਨਹੀਂ ਸੀ ਜਾਣਦਾ, ਜੋ ਮੂਰਖ ਤੇ ਖੁਰਦਰ ਹੱਥਾਂ ਨਾਲ ਘਾਇਲ ਕੀਤਾ ਗਿਆ ਤੇ ਦੋ ਅੱਖਾਂ ਤੋਂ ਬਿਨਾਂ ਕਿਸੇ ਹੀ ਦੇ ਨੀਰ ਵਗੇ ਤੋਂ ਬਿਨਾਂ ਸਸਕਾਰਿਆ ਗਿਆ। ਉਹ ਗੁੰਮ ਆਇਆ ਤੇ ਗੁੰਮ ਗਿਆ, ਪਰ ਉਹ ਗੁਰ ਨਾਨਕ ਦੇਵ ਦੀ ਕਣੀ ਵਾਲਾ ਆਦਮੀ ਗੁੰਮ ਯਾਤਰਾ ਵਿਚ ਇਕ ਐਸਾ ਵਾਕ ਕਰ ਗਿਆ ਕਿ ਜਿਸ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਸਾਡੇ ਤੱਪਿਓਂ ਟੁਰੇ ਸਨ, ਤਦ ਤਪੇ ਦੀ ਹੱਦ ਤੱਕ ਜੋ ਸਿੱਖ ਛੱਡਣ ਗਏ, ਉਨ੍ਹਾਂ ਦੀ ਗਿਣਤੀ ਨੌਂ ਸੌ ਤੋਂ ਵਧੀਕ ਸੀ। ਇਕ ਸਿੱਖ ਦੀ ਜਿੰਦੜੀ ਆਪਣੀ 'ਚੁੱਪ-ਆਵਾਜ਼' ਨਾਲ ਹਜ਼ਾਰਾਂ ਨੂੰ ਉਧਾਰਨੇ ਦਾ ਕਾਰਨ ਹੋਈ। ਉਹ ਪਿਆਰੀ ਆਤਮਾ ਏਥੇ ਬੈਠੀ ਸੀ, ਪਰ ਉਸ ਦੇ ਖੂਨ ਦੇ ਇਕ-ਇਕ ਟੇਪੇ ਦੇ ਬਦਲੇ ਇਥੇ ਇਕ-ਇਕ ਸਿੱਖ ਪੈਦਾ ਹੋਇਆ। ਹੇ ਮੁਸਾਫਰ! ਕੀ ਤੂੰ ਸਿੱਖ ਹੈਂ? ਸਿੱਖ ਕਿ ਸਿੱਖੀ ਕੀਹ ਹੁੰਦੀ ਹੈ? ਅਰ ਗੁਰੁ ਨਾਨਕ ਜੀ ਦੇ ਉਸ ਸੁਖ ਸੁਨੇਹੜੇ ਦਾ, ਜੋ ਉਸ ਨੇ ਦੇ ਕੇ ਤੋਟੇ ਪੱਖ ਵਿਚੋਂ ਕੱਢ ਕੇ ਲਾਹੇ ਪੱਖ ਵਿਚ ਲੋਕਾਂ ਨੂੰ ਪਾ ਦਿਤਾ, ਆਵਾਜ਼ਾ ਸੁਣ ਕੇ ਤੇ ਸਿੱਖ ਅਰ ਫੇਰ ਸੰਸਾਰ ਨੂੰ ਸਿਖਾ, ਅਤੇ ਦੇਖ ਕਿ ਇਕ ਸਿੱਖ ਵਿਚ ਕਿੰਨੀ ਸਮਰੱਥਾ ਹੁੰਦੀ ਹੈ।

ਦੇਖ ਕਿ ਸਿਖ ਸਵਾ ਲਖ ਕਿਕੂੰ ਹੋ ਜਾਂਦਾ ਹੈ। ਤੋਟੇ ਦਾ ਸੁਭਾਉ ਲਾਹੇ ਦੇ ਘਰ ਕਿਕੂੰ ਆ ਵਸਦਾ ਹੈ?

ਇਹ ਕੁਛ ਆਖਣ ਮਗਰੋਂ ਉਹ ਸੂਰਤ ਚੁੱਪ ਹੋ ਗਈ, ਮੇਰੇ ਵਲੋਂ ਨਜ਼ਰ ਮੋੜ ਕੇ ਅਰਸ਼ਾਂ ਵਲ ਤੱਕੀ, ਫੇਰ ਮੇਰੇ ਵੱਲ ਤੱਕੀ ਤੇ ਬੋਲੀ –

*ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ ॥*
*ਜਿਉ ਰਾਖਹਿ ਕਿਰਪਾ ਧਾਰਿ ਤਿਵੈ ਸੁਖੁ ਪਾਈਐ ॥ ੧ ॥*
*ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ ॥*
*ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ ॥ ੧ ॥ ਰਹਾਉ ॥*

*ਅੰਗ- ੭੫੨*

ਇਹ ਅਤਿ ਪਿਆਰ ਨਾਲ ਗਾਉਂਦੀ ਮੇਰੇ ਤੇ ਤਰੁੱਠ-ਤਰੁੱਠ ਕੇ ਨਜ਼ਰ ਪਾਉਂਦੀ, ਫੇਰ ਉਪਰ ਉੱਚੀ ਚੜ੍ਹਦੀ-ਚੜ੍ਹਦੀ ਅਕਾਸ਼ਾਂ ਵਿਚ ਇਕ ਕਿਰਨ ਵਾਂਗੂੰ ਲਸਦੀ-ਲਸਦੀ ਦੂਰ ਹੁੰਦੀ, ਮੱਧਮ ਪੈਂਦੀ, ਅੰਤ ਗੁੰਮ ਹੋ ਗਈ। ਮੈਨੂੰ ਨੀਂਦ ਵਿਚ ਉਸ ਦੇ ਗੁੰਮ ਹੋ ਜਾਣ ਦਾ ਬਿਰਹਾ ਪਿਆ ਤੇ ਚਿਤ ਕੁਝ ਕਾਹਲਾ ਪਿਆ। ਉਸ ਕਾਹਲ ਵਿਚ ਜਾਗ ਖੁੱਲ੍ਹ ਗਈ। ਮੈਂ ਸਾਂ ਤੇ ਉਹ ਮੱਠ ਸੀ, ਏਕਾਂਤ ਤੇ ਸ਼ਾਂਤਿ ਸੀ, ਪਰ ਇਕ ਸੁਗੰਧੀ ਤੇ ਰਸ ਫੁਹਾਰ ਓਥੇ ਭਰੀ ਜਾਪਦੀ ਸੀ, ਜਿਸ ਦਾ ਛਿਣਕਾਉ ਮੇਰੇ ਲੂੰਆਂ ਨੂੰ ਛੁਹ-ਛੁਹ ਕੇ ਅੰਦਰ ਸਿਰਜਦਾ ਸੀ ਤੇ ਅੰਦਰੋਂ ਕੋਈ ਝਰਨਾਹਟ ਛਿੜਕੇ ਲੂੰਆਂ ਨੂੰ ਲੂੰ ਕੰਡੇ ਕਰਦੀ ਸੀ। ਵਾਹ-ਵਾਹ ਸਤਿਗੁਰ ਨਾਨਕ ਤੇਰਾ ਬਿਰਧ ਪਤਿਤ ਪਾਵਨ! ਵਾਹ! ਕੀਕੂੰ ਤਾਰਿਆ ਤੇ ਕੀਕੂੰ ਮੈਂ ਭੁੱਲ ਦੇ ਕੁਛੜ ਖੇਡਦੇ ਬਾਲ ਨੂੰ ਆਪਣੇ ਅਗੰਮੀ ਦੇਸ਼ ਦਾ ਕੋਈ ਝਾਕਾ ਦੇ ਕੇ ਸੌਚੀ ਸੋਝੀ ਪਾਈ ਹੈ।

ਇਹ ਪ੍ਰਸੰਗ ਇਹ ਵਾਰਤਾ ਬੜੀ ਅਸਚਰਜ ਹੈ। ਸਤਿਗੁਰ ਦੇ ਇਹੋ ਜਿਹੇ ਤਾਰਣਹਾਰ ਬਿਰਧ ਦੇ ਅਨੇਕਾਂ ਕੌਤਕ ਹੋਏ, ਜੋ ਸ਼ੋਕ ਹੈ ਕਿ ਲਿਖੇ ਨਹੀਂ ਗਏ, ਲਿਖਣ ਵਿਚ ਤਾਂ ਅਤਿ ਥੋੜ੍ਹੇ ਆਏ ਸਨ। ਹਾਂ ਕੌਣ ਸਮੇਂ ਦੇ ਵਲ੍ਹੇਟੇ ਚਿੱਠੇ ਖੁਹਲੇ ਤੇ ਵਾਚੇ। ਮੈਨੂੰ ਇਹ ਸੁਹਣੀ ਵਾਰਤਾ ਦਿਤੀ ਹੈ, ਅਚਰਜ ਵਾਲੀ ਹੈ, ਸਿਖਿਆ ਵਾਲੀ ਹੈ, ਤਾਰਨਹਾਰ ਹੈ। ਮੇਰੇ ਤੇ ਇਸ ਦਾ ਉਪਕਾਰ ਹੋਇਆ ਹੈ।

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ- ੨੯੫*

ਦਾ ਉਪਦੇਸ਼ ਮੇਰੇ ਹਿਰਦੇ ਤੇ ਲਿਖਿਆ ਗਿਆ ਹੈ। ਇਵੇਂ ਇਹ ਵਾਰਤਾ ਹੋਰਨਾਂ ਨੂੰ ਸੁਖ ਦਾਤੀ ਹੋ ਸਕਦੀ ਹੈ, ਇਸ ਲਈ ਮੈਂ ਸਵੇਰੇ ਹੀ ਸੁਪਨਾ ਚੇਤੇ ਕਰ-ਕਰ ਘੋਖ-ਘੋਖ ਕੇ ਯਾਦ ਕੀਤਾ ਤੇ ਚੇਤਾਵਨੀਆਂ ਲਿਖ ਲਈਆਂ ਜੋ ਕਿਵੇਂ ਕਿਸੇ ਲਿਖਤ ਵਿਚ ਆ ਕੇ ਕਿਸੇ ਸੁਭਾਗ ਲੇਖਣੀ ਦੇ ਰਸਤੇ ਗੁਰ ਯਸ਼ ਦੇ ਚਾਤ੍ਰਿਕ ਨੈਣਾਂ ਤੇ ਪਪੀਹੇ ਕੰਨਾਂ ਤਕ ਅੱਪੜਦੀ ਹਿਰਦਿਆਂ ਵਿਚ ਅੰਮ੍ਰਿਤ ਦੀ ਠੰਢ ਪਾਵੇ।

ਐਉਂ ਇਹ 'ਭੋਲੇ ਭਾਇ ਮਿਲੇ ਰਘੁਰਾਇਆ' ਦਾ ਸਤਿਗੁਰਾਂ ਦਾ ਵਰਤਾਇਆ ਕੌਤਕ ਪ੍ਰਾਪਤ ਹੋ ਕੇ ਲਿਖਤ ਵਿਚ ਆਇਆ।

*'ਚਲਦਾ...........।'*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਪ੍ਰਗਟਿਓ ਖਾਲਸਾ

*ਪ੍ਰੋ. ਗੁਰਦੇਵ ਸਿੰਘ*

## 3. ਜੋਗੀਆਂ ਦੀ ਪ੍ਰੀਖਿਆ

ਇਥੇ ਤੀਜੀ ਵੱਡੀ ਧਾਰਮਿਕ ਜਮਾਤ ਕੰਨ ਪਾਟੇ ਜੋਗੀ (ਸੰਨਿਆਸੀਆਂ) ਦੀ ਸੀ। ਇਹ ਲੋਕ ਬੜੀਆਂ ਲੰਮੀਆਂ ਸਮਾਧੀਆਂ ਲਾ ਕੇ ਉਮਰਾਂ ਵਧਾ ਲੈਂਦੇ ਸਨ। ਹੱਠ ਯੋਗ ਦੇ ਬਲ ਨਾਲ ਰਿੱਧੀਆਂ-ਸਿੱਧੀਆਂ ਪ੍ਰਾਪਤ ਕਰਕੇ ਦੇਸ਼ ਦੀ ਭੋਲੀ-ਭਾਲੀ ਜਨਤਾ ਨੂੰ ਕਰਾਮਾਤਾਂ ਦਾ ਡਰ ਦੇ ਕੇ ਆਪਣੇ ਜਾਲ ਵਿਚ ਫਸਾ ਲੈਂਦੇ ਸਨ। ਇਹ ਲੋਕ ਆਮ ਤੌਰ ਤੇ ਪਰਬਤਾਂ ਦੀਆਂ ਗੁਫਾਵਾਂ ਵਿਚ ਹੀ ਛੁਪ ਕੇ ਰਹਿੰਦੇ ਤੇ ਆਪਣੀ ਉਪਜੀਵਕਾ ਲਈ ਘਰ ਘਰ ਭਿਖਿਆ ਮੰਗਦੇ ਸਨ।

*ਸਿੱਧ ਛਪ ਬੈਠੇ ਪਰਬਤੀਂ*
*ਕੌਣ ਜਗਤ ਕਉ ਪਾਰ ਉਤਾਰਾ।*
*ਜੋਗੀ ਗਿਆਨ ਵਿਹੂਣਿਆਂ*
*ਨਿਸਦਿਨ ਅੰਗ ਲਗਾਇਨ ਛਾਰਾ।*

*ਵਾਰ ਭਾਈ ਗੁਰਦਾਸ ਜੀ-੧/੨੯*

ਆਮ ਜਨਤਾ ਦੀ ਭਲਾਈ ਬਾਰੇ ਜਾਂ ਜ਼ਾਲਿਮ ਮੁਗਲ ਹਕੂਮਤ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਬਾਰੇ ਇਨ੍ਹਾਂ ਨੂੰ ਕੋਈ ਵੀ ਹਮਦਰਦੀ ਨਹੀਂ ਸੀ। ਇਤਿਹਾਸ ਵਿਚ ਐਸਾ ਵੀ ਜ਼ਿਕਰ ਆਉਂਦਾ ਹੈ ਕਿ ਇਹ ਲੋਕ ਵੀ ਮਾਇਆ ਤੋਂ ਨਿਰਲੇਪ ਨਹੀਂ ਸਨ। ਚਿੱਪੀਆਂ ਨੂੰ ਲਾਗ ਦੇ ਕੇ ਉਸ ਵਿਚ ਗੁਪਤ ਸੋਨੇ ਦੀਆਂ ਮੋਹਰਾਂ ਰਖਦੇ ਸਨ। ਇਖਲਾਖੀ ਜੀਵਨ ਵੀ ਗਿਰਾਵਟ ਵਿਚ ਆ ਚੁਕਿਆ ਸੀ। ਚੰਗੇ-ਚੰਗੇ ਰਾਜੇ ਜਿਨ੍ਹਾਂ ਨੇ ਧਰਮੀ ਰਾਜ ਕਰਕੇ ਪਰਜਾ ਨੂੰ ਸੁਖ ਦੇ ਕੇ ਖੁਸ਼ਹਾਲ ਬਣਾਉਣਾ ਸੀ, ਉਨ੍ਹਾਂ ਤੋਂ ਰਾਜ ਭਾਗ ਛੁਡਵਾ ਕੇ, ਕੰਨਾਂ ਵਿਚ ਮੁੰਦਰਾਂ ਤੇ ਪਿੰਡੇ ਸੁਆਹ ਮਲ ਕੇ ਦਰ ਦਰ ਦੇ ਭਿਖਾਰੀ ਬਣਾ ਦਿੰਦੇ ਸਨ।

*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥* *ਅੰਗ-੯੫੪*

ਪੂਰਾ ਗੁਰੂ ਨਾ ਮਿਲਣ ਕਰਕੇ ਦਰ-ਦਰ ਦੀਆਂ ਠੋਕਰਾਂ ਖਾਂਦੇ ਸਨ। ਪ੍ਰਾਣਾਯਾਮ ਦੁਆਰਾ ਰਿਧੀਆਂ-ਸਿਧੀਆਂ ਤਾਂ ਪ੍ਰਾਪਤ ਹੋ ਜਾਂਦੀਆਂ ਹਨ ਪਰ ਮਨ ਸ਼ਾਂਤ ਨਹੀਂ ਹੁੰਦਾ, ਭਟਕਣਾ ਲੱਗੀ ਰਹਿੰਦੀ ਹੈ। ਜਦੋਂ ਗੁਰੂ ਨਾਨਕ ਪਾਤਸ਼ਾਹ ਜੀ ਸਿੱਧਾਂ ਪਾਸ ਸੁਮੇਰ ਪਰਬਤ ਉਤੇ ਪਹੁੰਚੇ ਤਾਂ ਬੜੇ ਹੈਰਾਨ ਹੋਏ ਕਿ ਐਥੇ ਤਾਂ ਕੋਈ ਪਹੁੰਚ ਨਹੀਂ ਸਕਦਾ, ਇਹ ਕਿਸ ਤਰ੍ਹਾਂ ਆ ਗਏ?

*ਚੌਰਾਸੀਹ ਸਿਧ ਗੋਰਖਾਦਿ*
*ਮਨ ਅੰਦਰ ਗਿਣਤੀ ਵਰਤਾਈ।*
*ਸਿੱਧ ਪੁੱਛਣ ਸੁਣ ਬਾਲਿਆ*
*ਕੌਣ ਸ਼ਕਤਿ ਤੁਹਿ ਏਥੇ ਲਿਆਈ ।*

*ਵਾਰ ਭਾਈ ਗੁਰਦਾਸ ਜੀ-੧/੨੮*

ਉਸ ਵੇਲੇ ਜੋਗੀਆਂ ਨੇ ਬੜੀਆਂ ਕਰਾਮਾਤਾਂ ਦਿਖਾਈਆਂ ਕਿ ਸਾਥੋਂ ਡਰ ਜਾਣ ਪਰ ਜਦੋਂ ਸਤਿਗੁਰੂ ਜੀ ਅ'ਗੇ ਕੋਈ ਪੇਸ਼ ਨਾ ਚੱਲੀ ਤਾਂ ਨਿਮਰਤਾ ਵਿਚ ਆ ਗਏ। ਕਹਿੰਦੇ ਜੇਕਰ ਇਹ ਸਾਡਾ ਮੱਤ ਕਬੂਲ ਲਵੇ ਤਾਂ ਸਾਡੇ ਜੋਗ-ਮੱਤ ਨੂੰ ਰੋਸ਼ਨ ਕਰ ਦੇਵੇਗਾ-

*ਸਿੱਧੀਂ ਮਨੇ ਬਿਚਾਰਿਆ*
*ਕਿਵੇਂ ਦਰਸਨ ਏਹ ਲੇਵੇ ਬਾਲਾ ।*
*ਐਸਾ ਜੋਗੀ ਕਲੀ ਮਹਿੰ*
*ਹਮਰਾ ਪੰਥ ਕਰੇ ਉਜਿਆਲਾ ।*

*ਵਾਰ ਭਾਈ ਗੁਰਦਾਸ ਜੀ-੧/੩੧*

ਇਕ ਵੇਰਾਂ ਇਨ੍ਹਾਂ ਜੋਗੀਆਂ ਦੀ ਜਮਾਤ ਗੁਰੂ ਦਸਵੇਂ ਪਾਤਸ਼ਾਹ ਜੀ ਦੇ ਪਾਸ ਆਈ, ਦੇਖਿਆ ਕਿ ਸੰਗਤਾਂ ਇਨ੍ਹਾਂ ਨੂੰ ਸੱਚੇ ਪਾਤਸ਼ਾਹ ਕਹਿ ਕੇ ਪੂਜਦੀਆਂ ਹਨ। ਆਪ ਜੀ ਦੀ ਛੋਟੀ ਉਮਰ ਦੇਖ ਕੇ ਮਨ ਵਿਚ ਸੋਚਣ ਲੱਗੇ ਕਿ ਇਨ੍ਹਾਂ ਨੇ ਤਪ ਸਾਧਨ ਕਿਹੜੇ ਵੇਲੇ ਕੀਤਾ ਹੋਵੇਗਾ, ਅਸੀਂ ਤਾਂ ਤਪਾਂ ਦੇ ਸਾਧਨ ਵੀ ਬੜੇ ਕੀਤੇ ਹਨ ਤੇ ਸਾਡੀਆਂ ਉਮਰਾਂ ਵੀ ਬਹੁਤ ਲੰਮੀਆਂ ਹਨ? ਜੋਗੀਆਂ ਦੇ ਮਨ ਦੀ ਐਸੀ ਤਰਕ ਭਾਵਨਾ ਅਨੁਭਵ ਕਰਕੇ ਕੇ ਸਤਿਗੁਰੂ ਜੀ ਨੇ ਆਪਣੇ ਬਚਨਾਂ ਦੁਆਰਾ ਉਨ੍ਹਾਂ ਦੇ ਅੰਦਰੂਨੀ ਪਰਦੇ ਖੋਲ੍ਹਣੇ ਸ਼ੁਰੂ ਕਰ ਦਿਤੇ। ਇਸੇ ਤਰ੍ਹਾਂ ਦਸਵੇਂ ਪਾਤਸ਼ਾਹ ਜੀ ਕਹਿੰਦੇ, ਜੋਗੀ ਜੀਓ! ਤੁਸੀਂ ਬੀਤੇ ਸਮੇਂ ਵਿਚ ਕੀ-

ਕੀ ਕਰਦੇ ਰਹੇ ਹੋ? ਜਦੋਂ ਐਨੇ ਬਚਨ ਸੁਣੇ ਤਾਂ ਸਾਰੇ ਹੱਥ ਜੋੜ ਕੇ ਕਹਿਣ ਲੱਗੇ, ਸੱਚੇ ਪਾਤਸ਼ਾਹ! ਆਪ ਜੀ ਸਮਰੱਥ ਹੋ, ਕਿਰਪਾ ਕਰਕੇ ਸਾਨੂੰ ਮੁਆਫ ਕਰੋ ਅਤੇ ਸਾਡੇ ਪਰਦੇ ਢਕੇ ਰਹਿਣ ਦਿਓ।

ਗੁਰੂ ਅਮਰਦਾਸ ਜੀ ਦੇ ਸਮੇਂ ਇਕ ਲੰਪਟ ਨਾਥ ਸਿੱਧ ਗੋਇੰਦਵਾਲ ਸਾਹਿਬ ਪਹੁੰਚ ਗਿਆ। ਗੁਰੂ ਜੀ ਦੇ ਦਰਸ਼ਨ ਕੀਤੇ ਤੇ ਮਹਾਰਾਜ ਨੇ ਪੁਛਿਆ, ਨਾਥ ਜੀ! ਕਿਵੇਂ ਆਉਣਾ ਹੋਇਆ? ਕਹਿੰਦਾ ਮੇਰਾ ਜੀਅ ਕੀਤਾ ਕਿ ਦੇਖਾਂ ਕਿ ਗੁਰੂ ਘਰ ਵਿਚ ਹੁਣ ਵੀ ਉਸੇ ਤਰ੍ਹਾਂ ਦੀ ਸ਼ਕਤੀ ਹੈ ਜਿਵੇਂ ਗੁਰੂ ਨਾਨਕ ਸਾਹਿਬ ਦੇ ਸਮੇਂ ਸੀ। ਗੁਰੂ ਮਹਾਰਾਜ ਕਹਿੰਦੇ ਕਿ ਜੋਗੀ ਜੀ ਕੁਝ ਦਿਨ ਇਥੇ ਟਿਕੋ, ਆਪੇ ਪਤਾ ਲੱਗ ਜਾਵੇਗਾ। ਜਦੋਂ ਇਕ ਦਿਨ ਜਾਣ ਲੱਗਿਆ ਤਾਂ ਉਸ ਦੀ ਸ਼ਕਤੀ ਨਾ ਰਹੀ ਤੇ ਨਾਹੀ ਉਡ ਸਕਿਆ। ਕਹਿੰਦਾ ਪਾਤਸ਼ਾਹ! ਮੇਰੀ ਸਿੱਧੀ ਖਤਮ ਹੋ ਗਈ ਹੈ, ਕਿਰਪਾ ਕਰੋ। ਗੁਰੂ ਸਾਹਿਬ ਕਹਿੰਦੇ ਨਾਥ ਜੀ! ਥੋੜ੍ਹੇ ਦਿਨ ਸੰਗਤਾਂ ਦੇ ਜੋੜਿਆਂ ਦੀ ਸੇਵਾ ਕਰੋ, ਸ਼ਕਤੀ ਵਾਪਸ ਆ ਜਾਵੇਗੀ। ਸੇਵਾ ਕਰਕੇ ਸਿੱਧੀ ਮਿਲ ਗਈ ਤੇ ਖੁਸ਼ੀ ਨਾਲ ਗੁਰੂ ਘਰ ਦੀ ਸੋਭਾ ਕਰਦਾ ਚਲਾ ਗਿਆ। ਇਸੇ ਤਰ੍ਹਾਂ ਨਾਲ ਇਕ ਵੇਰਾਂ ਕਿੰਗਰੀ ਨਾਥ ਜੋਗੀ ਵੀ ਆਪਣੇ ਚੇਲਿਆਂ ਸਮੇਤ ਆਇਆ ਤੇ ਆਪਣੀਆਂ ਮੁੰਦਰਾਂ ਅਤੇ ਪਹਿਰਾਵੇ ਵੱਲ ਧਿਆਨ ਦਿਵਾ ਕੇ ਕਹਿਣ ਲੱਗਾ ਮਹਾਰਾਜ! ਅਸੀਂ ਆਪਣੇ ਭੇਖ ਵਿਚ ਪੂਰੇ ਹਾਂ। ਗੁਰੂ ਮਹਾਰਾਜ ਜੀ ਕਹਿਣ ਲੱਗੇ ਜੋਗੀ ਜੀ! ਜੇ ਆਤਮਿਕ ਰਹਿਤ ਪੂਰੀ ਨਾ ਹੋਵੇ ਤਾਂ ਕੇਵਲ ਭੇਖ ਧਾਰ ਕੇ ਕੋਈ ਧਰਮਾਤਮਾ ਜਾਂ ਭਗਤ ਨਹੀਂ ਬਣ ਜਾਂਦਾ।

*ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ*
*ਖਿੰਥਾ ਕਰਿ ਤੂ ਦਇਆ ॥*
*ਆਵਣੁ ਜਾਣੁ ਬਿਭੂਤਿ ਲਾਇ ਜੋਗੀ*
*ਤਾ ਤੀਨਿ ਭਵਣ ਜਿਣਿ ਲਇਆ ॥*
*ਐਸੀ ਕਿੰਗੁਰੀ ਵਜਾਇ ਜੋਗੀ ॥*
*ਜਿਤੁ ਕਿੰਗੁਰੀ ਅਨਹਦੁ ਵਾਜੈ*
*ਹਰਿ ਸਿਉ ਰਹੈ ਲਿਵ ਲਾਇ ॥* *ਅੰਗ-੯੦੮*

ਕਹਿੰਦੇ ਜੋਗੀ ਜੀ! ਕੰਨਾਂ ਵਿਚ ਉਦਮ ਦੀਆਂ ਮੁੰਦਰਾਂ ਪਾ, ਆਪਣੇ ਸਰੀਰ ਦੁਆਲੇ ਜੋ ਤੂੰ ਲੰਮਾ ਚੋਗਾ ਪਾਇਆ ਹੈ, ਇਸ ਨੂੰ ਜਨਮ-ਮਰਨ ਦੀ ਖੇਡ ਸਮਝ, ਜੇਹੜੀ ਮੁਖ ਉਤੇ ਸੁਆਹ ਮਲੀ ਹੈ, ਉਸ ਨੂੰ ਆਪਣੇ ਔਗੁਣ ਸਮਝ, ਇਸ ਤਰ੍ਹਾਂ ਤੂੰ ਤਿੰਨੇ ਭਵਨਾਂ ਨੂੰ ਜਿੱਤ ਸਕਦਾ ਹੈਂ। ਅਜਿਹੀ ਕਿੰਗਰੀ ਵਜਾ ਜਿਸ ਨਾਲ ਤੈਨੂੰ ਆਤਮਿਕ ਮੰਡਲ ਦਾ ਸੰਗੀਤ ਸੁਣੇ ਅਤੇ ਉਸ ਵਿਚ ਤੇਰੀ ਲਿਵ ਲਗ ਜਾਵੇ। ਜੋਗੀ ਨੂੰ ਅਸਲੀ ਜੋਗ ਦੀ ਸਮਝ ਪੈ ਗਈ ਤੇ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਦਾ ਹੋਇਆ ਅਨੰਦਿਤ ਹੋ ਕੇ ਗਿਆ। ਇਸੇ ਤਰ੍ਹਾਂ ਨਾਲ ਜੋਗੀ ਮਹੇਸ਼ ਨਾਥ ਜਦੋਂ ਭਾਈ ਤਿਲਕੂ ਜੀ ਦੇ ਨਾਲ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਗਿਆ ਸੀ, ਇਸ ਨੂੰ ਪਤਾ ਲੱਗਾ ਕਿ ਆਪ ਜੀ ਦੀ ਆਯੂ ਤਾਂ ਮਸਾਂ ਵੀਹ ਕੁ ਸਾਲ ਦੀ ਹੈ। ਇਸ ਨੂੰ ਲੰਮੀ ਉਮਰ ਤੇ ਰਿੱਧੀਆਂ-ਸਿੱਧੀਆਂ ਤੇ ਬਹੁਤ ਮਾਣ ਸੀ। ਪਾਤਸ਼ਾਹ ਜੀ ਇਸ ਨੂੰ ਪਰਦੇ ਦੇ ਉਹਲੇ ਹੋ ਕੇ ਮਿਲੇ ਅਤੇ ਹੱਥ ਵਿਚ ਕਈ ਸਾਲ ਪਹਿਲਾਂ ਇਸ ਦਾ ਕੱਟਿਆ ਹੋਇਆ ਕੰਨ, ਮੁੰਦਰਾ ਸਮੇਤ ਫੜਾ ਦਿਤਾ। ਉਸ ਵੇਲੇ ਸਾਰਾ ਹੰਕਾਰ ਢਹਿ-ਢੇਰੀ ਹੋ ਗਿਆ ਅਤੇ ਦੋਵੇਂ ਹੱਥ ਜੋੜ ਕੇ ਕਹਿੰਦਾ, ਸੱਚੇ ਪਾਤਸ਼ਾਹ! ਆਪ ਜੀ ਤਾਂ ਅੰਤਰਜਾਮੀ ਤੇ ਸਰਬੱਗ ਹੋ, ਇਹ ਕੰਨ ਮੇਰਾ ਹੀ ਹੈ। ਇਹ ਸੱਤਰ ਸਾਲ ਪਹਿਲਾਂ ਦੀ ਘਟਨਾ ਹੈ ਜਦੋਂ ਮੈਨੂੰ ਕਿਸੇ ਨੇ ਕਿਸ਼ਤੀ ਵਿਚੋਂ ਧੱਕਾ ਦੇ ਕੇ ਸਮੁੰਦਰ ਵਿਚ ਸੁਟ ਦਿਤਾ ਸੀ। ਮੈਨੂੰ ਬਰੇਤੀ ਤੇ ਪਹੁੰਚ ਜਦੋਂ ਹੋਸ਼ ਆਈ ਤਾਂ ਪਤਾ ਲੱਗਾ ਕਿ ਕਿਸੇ ਪਾਣੀ ਦੇ ਜਾਨਵਰ ਨੇ ਮੇਰਾ ਕੰਨ ਕੱਟ ਲਿਆ ਸੀ। ਉਸ ਵੇਲੇ ਜੋਗੀ ਦੀ ਬੇਨਤੀ ਮੰਨ ਕੇ ਪੰਜਵੇਂ ਪਾਤਸ਼ਾਹ ਜੀ ਨੇ ਦਰਸ਼ਨ ਦਿਤੇ ਤਾਂ ਉਸ ਨੂੰ ਤਸੱਲੀ ਹੋ ਗਈ ਕਿ ਇਹ ਤਾਂ ਪੂਰੇ ਹਨ।

ਇਕ ਵਾਰ ਦਾ ਜ਼ਿਕਰ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਜੀ ਕੁਰਸ਼ੇਤਰ ਠਹਿਰ ਕੇ ਸੰਗਤਾਂ ਦਾ ਉਧਾਰ ਕਰ ਰਹੇ ਸਨ ਕਿ ਬਾਲ ਗੁੰਦਾਈ ਦੀ ਗੱਦੀ ਦਾ ਮੁੱਖੀ ਚੰਦਨ ਨਾਥ ਜੋਗੀਆਂ ਦੀ ਜਮਾਤ ਲੈ ਕੇ ਉਥੇ ਪਹੁੰਚ ਗਿਆ। ਉਸ ਦੇ ਨਾਲ ਜੋਗੀ ਮਦਨ ਨਾਥ ਸੀ ਜੋ ਗੁਰੂ ਘਰ ਦੀ ਮਹਿਮਾ ਤੋਂ ਵਾਕਿਫ ਸੀ। ਚੰਦਨ ਨਾਥ ਉਸ ਨੂੰ ਕਹਿਣ ਲੱਗਿਆ ਕਿ ਐਸ ਵੇਲੇ ਇਹ ਦਸਵੇਂ ਗੁਰੂ ਨਾਨਕ ਹਨ। ਰਿੱਧੀ-ਸਿੱਧੀ ਵਿਖਾ ਕੇ ਇਨ੍ਹਾਂ ਦੀ ਪਰਖ ਕਰੀਏ ਕਿ ਪੂਰੇ ਹਨ? ਉਹ ਕਹਿਣ ਲੱਗਿਆ ਨਾਥ ਜੀ! ਮੈਂ ਤਾਂ ਕੇਵਲ

ਦਰਸ਼ਨਾਂ ਵਾਸਤੇ ਹੀ ਜਾਂਵਾਂਗਾ, ਉਹ ਤਾਂ ਜਨਮ ਤੋਂ ਹੀ ਸਿੱਧ ਅਵਤਾਰ ਤੇ ਪੂਰੇ ਸਤਿਗੁਰੂ ਹਨ ਪਰ ਫੇਰ ਵੀ ਚੰਦਨ ਨਾਥ ਦੇ ਹੱਠ ਕਰਕੇ ਨਾਲ ਤੁਰ ਪਿਆ। ਸਾਰੇ ਜਣੇ ਲੰਗਰ ਵਿਚ ਬੈਠ ਕੇ ਪ੍ਰਸ਼ਾਦਾ ਛਕਣ ਲਗ ਪਏ। ਜੇਕਰ ਲਾਂਗਰੀ ਪ੍ਰਸ਼ਾਦਾ ਰੱਖੇ, ਗਾਇਬ ਕਰ ਦੇਣ, ਜਦੋਂ ਦਾਲਾ ਪਾਏ ਦਾਲਾ ਗਾਇਬ ਕਰ ਦੇਣ। ਲਾਂਗਰੀ ਨੇ ਜਾ ਕੇ ਸੱਚੇ ਪਾਤਸ਼ਾਹ ਜੀ ਨੂੰ ਉਨ੍ਹਾਂ ਬਾਰੇ ਦੱਸਿਆ। ਉਸ ਵੇਲੇ ਸੱਚੇ ਪਾਤਸ਼ਾਹ ਜੀ ਨੇ ਆਪਣੇ ਪਿਆਰੇ, ਭਾਈ ਦਇਆ ਸਿੰਘ ਜੀ ਨੂੰ ਲੰਗਰ ਵਰਤਾਉਣ ਲਈ ਭੇਜਿਆ। ਹੁਣ ਜਦੋਂ ਭਾਈ ਸਾਹਿਬ 'ਵਾਹਿਗੁਰੂ' ਕਹਿ ਕੇ ਪ੍ਰਸ਼ਾਦਾ ਤੇ ਦਾਲਾ ਪਾਉਣ ਤਾਂ ਨਾਹੀ ਪ੍ਰਸ਼ਾਦਾ ਖਤਮ ਹੋਵੇ ਤੇ ਨਾ ਹੀ ਦਾਲਾ ਖਤਮ ਹੋਵੇ। ਬਥੇਰਾ ਜ਼ੋਰ ਲਾਇਆ, ਆਖਰਕਾਰ ਉਨ੍ਹਾਂ ਦੇ ਵੱਡੇ ਸਿੱਧ ਚੰਦਨ ਨਾਥ ਨੇ ਉਠ ਕੇ ਭਾਈ ਸਾਹਿਬ ਜੀ ਨੂੰ ਨਮਸ਼ਕਾਰ ਕਰਕੇ ਕਿਹਾ 'ਧੰਨ ਹੋ ਗੁਰੂ ਜੀ।' ਭਾਈ ਸਾਹਿਬ ਜੀ ਨੇ ਬੜੀ ਨਿਮ੍ਰਤਾ ਨਾਲ ਕਿਹਾ ਕਿ ਨਾਥ ਜੀ! ਗੁਰੂ ਮਹਾਰਾਜ ਜੀ ਤਾਂ ਅੰਦਰ ਤੰਬੂ ਵਿਚ ਬਿਰਾਜਮਾਨ ਹਨ, ਮੈਂ ਤਾਂ ਸਤਿਗੁਰੂ ਜੀ ਦਾ ਇਕ ਨਿਮਾਣਾ ਜਿਹਾ ਸਿੱਖ ਹਾਂ। ਚੰਦਨ ਨਾਥ ਸਮੇਤ ਸਾਰਿਆਂ ਨੇ ਜਾ ਕੇ ਸਤਿਗੁਰੂ ਜੀ ਨੂੰ ਆਦੇਸ ਕਰਕੇ ਆਪਣੀ ਭੁ'ਲ ਦੀ ਮਾਫੀ ਮੰਗੀ।

*ਸਭ ਕਰਮ ਫੋਕਟ ਜਾਨ ॥*
*ਸਭ ਧਰਮ ਨਿਹਫਲ ਮਾਨ ॥*
*ਬਿਨ ਏਕ ਨਾਮ ਅਧਾਰ ॥*
*ਸਭ ਕਰਮ ਭਰਮ ਬਿਚਾਰ ॥* *ਸ੍ਰੀ ਦਸਮ ਗ੍ਰੰਥ*

ਮਹਾਰਾਜ ਜੀ ਕਹਿੰਦੇ ਨਾਥ ਜੀ ! ਸਭ ਕਰਮ-ਧਰਮ, ਸਭ ਜਪ-ਤਪ, ਪ੍ਰਾਣਾਯਾਮ, ਹੱਠ ਨਿਗ੍ਰਹ ਅਤੇ ਧਿਆਨ ਆਦਿ ਸਾਧਨ 'ਨਾਮ' ਤੋਂ ਬਿਨਾ ਅਸਫਲ ਹਨ। "ਨਾਮ", 'ਏਕਾ' ਹੈ ਸਭ ਸਾਧਨ ਬਿੰਦੀਆਂ ਹਨ, ਜੇਕਰ ਨਾਮ ਦਾ ਏਕਾ ਲਗ ਜਾਵੇ ਤਾਂ ਬਿੰਦੀਆਂ ਵੀ ਸਫਲ ਹੋ ਜਾਂਦੀਆਂ ਹਨ ਪਰ ਨਾਮ ਪੂਰੇ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ। ਇਸ ਨੂੰ ਸਮਝਣ ਦਾ ਯਤਨ ਕਰੋ। ਤੁਸੀਂ ਜਿਹੜੀਆਂ ਰਿਧੀਆਂ-ਸਿਧੀਆਂ ਦਾ ਵਖਾਵਾ ਕਰਦੇ ਹੋ, ਉਹ ਆਪੇ ਹੀ ਪਿਛੇ ਲੱਗੀਆਂ ਫਿਰਦੀਆਂ ਹਨ ਜਿਸ ਦੇ ਹਿਰਦੇ ਵਿਚ 'ਨਾਮ' ਦਾ ਵਾਸਾ ਹੋ ਜਾਵੇ -

*ਨਾਮੁ ਅਮੋਲਕੁ ਰਤਨੁ ਹੈ*
*ਪੂਰੇ ਸਤਿਗੁਰ ਪਾਸਿ ॥*
*ਸਤਿਗੁਰ ਸੇਵੈ ਲਗਿਆ*
*ਕਢਿ ਰਤਨ ਦੇਵੈ ਪਰਗਾਸਿ ॥* *ਅੰਗ-੪੦*

*ਬ੍ਰਹਮੁ ਬਿੰਦੇ ਤਿਸ ਦਾ ਬ੍ਰਹਮਤੁ ਰਹੈ*
*ਏਕ ਸਬਦਿ ਲਿਵ ਲਾਇ ॥*
*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥*
*ਬਿਨੁ ਸਤਿਗੁਰ ਨਾਉ ਨ ਪਾਈਐ*
*ਬੁਝਹੁ ਕਰਿ ਵੀਚਾਰ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ*
*ਸੁਖੁ ਪਾਏ ਜੁਗ ਚਾਰਿ ॥* *ਅੰਗ-੬੪੯*

ਸੋ ਇਹ ਵੀ ਸਾਰੇ ਦੇ ਸਾਰੇ ਹੀ ਕਰਾਮਾਤਾਂ ਅਤੇ ਨਾਟਕ-ਚੇਟਕਾਂ ਵਿਚ ਫਸੇ ਹੋਏ ਕੇਵਲ ਆਪਣੀ ਮਾਣ ਤੇ ਪ੍ਰਤਿਸ਼ਟਾ ਤਕ ਹੀ ਸੀਮਤ ਸਨ। ਦੇਸ਼ ਨੂੰ ਗੁਲਾਮੀ ਦੇ ਬੰਧਨਾਂ ਤੋਂ ਮੁਕਤ ਕਰਉਣ ਵਾਸਤੇ, ਕੌਮ ਤੇ ਸਮਾਜ ਦੇ ਭਲੇ ਵਾਸਤੇ ਕੁਝ ਕਰਨ ਦੀ ਇਨ੍ਹਾਂ ਵਲੋਂ ਕੋਈ ਆਸ ਨਹੀਂ ਸੀ। ਇਸ ਕਰਕੇ ਜੋਗ ਮਤਿ ਦਾ ਧਾਰਮਕਿ ਵਰਗ ਵੀ ਸਤਿਗੁਰੂ ਜੀ ਦੇ ਇਮਤਿਹਾਨ ਵਿਚ ਅਸਫਲ ਹੋ ਗਿਆ।

ਕਾਜ਼ੀਆਂ ਨੇ ਤਾਂ ਕੀ ਕਰਨਾ ਸੀ ਕਿਉਂਕਿ ਉਹ ਤਾਂ ਪਹਿਲਾਂ ਹੀ ਲੋਕਾਂ ਤੇ ਜ਼ੁਲਮ ਕਰਨ ਦੇ ਭਾਗੀਦਾਰ ਬਣੇ ਹੋਏ ਸਨ। ਬ੍ਰਾਹਮਣ ਬ੍ਰਹਮ ਵਿਚਾਰ ਤੋਂ ਸੱਖਣੇ ਹੋ ਕੇ ਧਰਮ ਦਾ ਚੋਲਾ ਪਾ ਕੇ ਵਖਾਵਾ ਕਰ ਰਹੇ ਸਨ। ਜੋਗੀ ਵੀ ਜੀਵਨ ਜੁਗਤੀ ਦੇ ਰਾਹ ਤੋਂ ਭਟਕ ਕੇ ਆਪਣੇ ਨਿਜੀ ਸਵਾਰਥ ਵਿਚ ਲਿਪਤ ਪਏ ਹੋਏ ਸਨ। ਇਨ੍ਹਾਂ ਵਿਚੋਂ ਕੋਈ ਵੀ ਜਨਤਾ ਨੂੰ ਆਤਮਿਕ ਤੇ ਸਮਾਜਿਕ ਸੇਧ ਦੇਣ ਵਾਲਾ ਨਹੀਂ ਸੀ। ਜਿਸ ਬਾਰੇ ਫੁਰਮਾਨ ਹੈ।

*ਕਾਦੀ ਕੂੜੁ ਬੋਲਿ ਮਲੁ ਖਾਇ ॥*
*ਬ੍ਰਾਹਮਣੁ ਨਾਵੈ ਜੀਆ ਘਾਇ ॥*
*ਜੋਗੀ ਜੁਗਤਿ ਨ ਜਾਣੈ ਅੰਧੁ ॥*
*ਤੀਨੇ ਓਜਾੜੇ ਕਾ ਬੰਧੁ ॥* *ਅੰਗ-੬੬੨*

# ਜ਼ਰੂਰੀ ਸੂਚਨਾ

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਸੰਨਿਮਰ ਬੇਨਤੀ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

FASTWAY

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**

**4.45 ਤੋਂ 6.45 ਤੱਕ (2 ਘੰਟੇ)**



ਸੱਚਖੰਡ ਵਾਸੀ
ਸ੍ਰੀ ਮਾਨ
ਸੰਤ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ
(ਨਿਊ ਚੰਡੀਗੜ੍ਹ)

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਆਸਾੜ੍ਹ ਸੰਗਰਾਂਦ - 14 ਜੂਨ, ਦਿਨ ਸ਼ੁਕਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

**ਵਿਸ਼ੇਸ਼ ਗੁਰਮਤਿ ਸਮਾਗਮ 17 ਜੂਨ, ਪਿਆਰੇ ਮਹਾਂਪੁਰਸ਼ਾਂ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਦੇ ਜਨਮ ਦਿਨ ਸਬੰਧੀ। ਸਮਾਂ - ਸਵੇਰੇ 9.30 ਤੋਂ 3.30 ਵਜੇ ਤੱਕ)**

**17 ਜੂਨ - ਅੰਮ੍ਰਿਤ ਸੰਚਾਰ - 11.00 ਵਜੇ**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

### ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20 Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

### LIST OF CORRESPONDENT BANKS

#### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

#### Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

#### Germany

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

#### Italy

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

#### United Kingdom

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

#### United States

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/– | 70/– |
| 2. | ਕਿਵ ਕੂੜੈ ਤੁਟੈ ਪਾਲਿ | 120/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ – | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 25/– | |
| 18. | ਭਗਤ ਪ੍ਰਹਿਲਾਦ | 10/– | 10/– |
| 19. | ਵੈਸਾਖੀ | 4 0/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ – 1 | | 90/– |
| 22. | ਅਬਿਨਾਸੀ ਜੋਤ ਭਾਗ – 2 | 90/– | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 300/– | |
| 29. | ਅੰਦਰਲੀ ਖੋਜ | 300/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਰੂਹਾਨੀ ਪ੍ਰਵਚਨ | 35/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 440/– | |
| 35. | ਮਾਰਗ ਚੋਣ | 60/– | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 37. | ਆਤਮ ਗਿਆਨ ਭਾਗ – 1,2,3,4 | 120x4 | |
| 38. | ਜਨਮ ਪਦਾਰਥੁ ਸਫਲੁ ਹੋਇ | 120/– | |
| 39. | ਜਨ ਪਰਉਪਕਾਰੀ ਆਏ (ਭਾਗ –1) | 65/– | |
| 40. | ਜਨ ਪਰਉਪਕਾਰੀ ਆਏ (ਭਾਗ –2) | 65/– | |
| 41. | ਗੁਰ ਅੰਗਦ ਅਮਰ ਨਿਧਾਨ | 10/– | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/– |
| 44. | ਮੰਝ ਗੁਰੂ ਕਾ ਬੋਹਿਥਾ | 30/– |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 46. | ਗੁਰੂ ਗ੍ਰੰਥ ਜੀ ਮਾਨਿਓ | 10/– |
| 47. | ਬਾਬਾ ਬੰਦਾ ਸਿੰਘ ਬਹਾਦਰ | 10/– |
| 48. | ਤ੍ਰੈ ਸ਼ਤਾਬਦੀ | 20/– |
| 49. | ਅਨਮੋਲ ਰਤਨ (ਆਤਮ ਗਿਆਨ ਭਾਗ – 5) | 150/– |
| 50. | ਭਗਵਤ ਗੀਤਾ ਦੀ ਚਿਰ ਸਥਾਈ... | |

| | English Version | Price |
|---|---|---|
| 1. | Baisakhi (ਬੈਸਾਖੀ) | 5/- |
| 2. | How Rend The Veil of Untruth (ਕਿਵ ਕੂੜੈ ਤੂਟੈ ਪਾਲਿ) | 70/- |
| 3. | Discourses on the Beyond - 1(ਬਾਤ ਅਗੰਮ ਕੀ ਭਾਗ – 1) | 50/- |
| 4. | Discourses on the Beyond - 2(ਬਾਤ ਅਗੰਮ ਕੀ ਭਾਗ – 2) | 50/- |
| 5. | Discourses on the Beyond - 3(ਬਾਤ ਅਗੰਮ ਕੀ ਭਾਗ – 3) | 50/- |
| 6. | Discourses on the Beyond - 4(ਬਾਤ ਅਗੰਮ ਕੀ ਭਾਗ – 4) | 60/- |
| 7. | Discourses on the Beyond - 5(ਬਾਤ ਅਗੰਮ ਕੀ ਭਾਗ – 5) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹਿ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | 10/- |
| 15. | A Glimpse of His Holiness - Baba ji | 5/- |
| 16. | Divine Word Contemplation Path (ਸੁਰਤਿ ਸਬਦਿ ਮਾਰਗ) | 150/– |
